ਧੰਨ ਧੰਨ
ਸ੍ਰੀ ਗੁਰੂ ਰਵਿਦਾਸ ਜੀ
ਦੇ 646ਵੇਂ ਪ੍ਰਕਾਸ਼
ਦਿਹਾੜੇ ਦੀਆਂ ਅਦਾਰਾ
"ਦੇਸ਼ ਦੁਆਬਾ"
ਵੱਲੋਂ ਸਮੂਹ ਮਾਨਵਤਾ ਨੂੰ
ਲੱਖ-ਲੱਖ ਵਧਾਈਆਂ

11ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ


VOL -11 ISSUE - 47
March 1, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ 5 ਮਾਰਚ 2023 ਦਿਨ ਐਤਵਾਰ ਨੂੰ, ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ (ਸੈਕਰਾਮੈਂਟੋ) ਵਿਖੇ ਗੁਰਪੁਰਬ ਅਤੇ ਵਿਸ਼ਾਲ ਨਗਰ ਕੀਰਤਨ 12 ਮਾਰਚ 2023 ਦਿਨ ਐਤਵਾਰ ਨੂੰ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ (ਪ੍ਰਾਪਰਟੀ) ਯੂਨੀਅਨ ਸਿਟੀ (ਕੈਲੇਫੋਰਨੀਆ) ਵਿਖੇ 26 ਮਾਰਚ 2023 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 646ਵੇਂ ਪ੍ਰਕਾਸ਼ ਦਿਹਾੜੇ ਬਹੁਤ ਹੀ ਸ਼ਰਧਾ ਪੂਰਵਕ ਮਨਾਏ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਸਬੰਧਤ ਗੁਰੂ ਘਰਾਂ ਨਾਲ ਸੰਪਰਕ ਕਰੋ ਜੀ। **-ਸੰਪਾਦਕ**



ਅਦਾਰਾ 'ਦੇਸ਼ ਦੁਆਬਾ' ਭਾਰਤੀ ਰਾਸ਼ਟਰੀ ਵਿਗਿਆਨ ਦਿਵਸ 'ਤੇ ਡਾਕਟਰ ਸੀ.ਵੀ. ਰਮਨ ਨੂੰ ਦਿਲੋਂ ਯਾਦ ਕਰਦਾ ਹੈ। ਇਸ ਸਬੰਧਤ ਸ੍ਰੀ ਕੁਲਦੀਪ ਚੰਦ ਦਾ ਸਬੰਧਤਲੇਖ ਸੰਪਾਦਕੀ ਪੰਨੇ 'ਤੇ ਦੇਖੋ।

# ਪੰਜਾਬ ਦਾ ਬਜਟ ਸੈਸ਼ਨ ਨਿਸਚਿਤ ਸਮੇਂ 'ਤੇ ਹੋਵੇਗਾ

## ਸਰਕਾਰ ਅਤੇ ਰਾਜਪਾਲ ਵਿਚਕਾਰ ਚੱਲ ਰਿਹਾ ਰੇੜਕਾ ਮੁੱਕਿਆ

**ਚੰਡੀਗੜ੍ਹ (ਬਿਊਰੋ)-** ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ 16ਵੀਂ ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ 3 ਮਾਰਚ ਨੂੰ ਸਵੇਰ 10 ਵਜੇ ਬੁਲਾਏ ਜਾਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਪ੍ਰਵਾਨਗੀ ਉਸ ਮੌਕੇ ਦਿੱਤੀ ਗਈ ਹੈ ਜਦੋਂ ਇਹ ਕੇਸ ਸੁਪਰੀਮ ਕੋਰਟ ਵਿੱਚ ਸੁਣਵਾਈ ਅਧੀਨ ਸੀ। ਪੰਜਾਬ ਦੇ ਸੌਲੀਸਿਟਰ-ਜਨਰਲ ਤੁਸ਼ਾਰ ਮਹਿਤਾ ਨੇ ਸੁਣਵਾਈ ਦੌਰਾਨ ਰਾਜਪਾਲ ਵੱਲੋਂ ਬਜਟ ਇਜਲਾਸ ਸੱਦੇ ਜਾਣ ਸਬੰਧੀ ਅੱਜ ਹੀ ਲਏ ਗਏ ਫ਼ੈਸਲੇ ਨੂੰ ਰਿਕਾਰਡ 'ਤੇ ਰੱਖਿਆ। ਤੁਸ਼ਾਰ ਮਹਿਤਾ ਨੇ ਸਿਖਰਲੀ ਅਦਾਲਤ ਨੂੰ ਰਾਜਪਾਲ ਦੇ ਹੁਕਮਾਂ ਤੋਂ ਜਾਣੂ ਕਰਾਇਆ ਜਿਸ ਨਾਲ ਬਜਟ ਸੈਸ਼ਨ



3 ਮਾਰਚ ਨੂੰ ਸ਼ੁਰੂ ਹੋਣ ਦੇ ਅੜਿੱਕੇ ਦੂਰ ਹੋ ਗਏ। ਮੁੱਖ ਮੰਤਰੀ ਤੇ ਰਾਜਪਾਲ ਦਰਮਿਆਨ ਬਜਟ ਸੈਸ਼ਨ ਨੂੰ ਲੈ ਕੇ ਚੱਲ ਰਿਹਾ ਟਕਰਾਅ ਫ਼ਿਲਹਾਲ ਸਮਾਪਤ ਹੋ ਗਿਆ ਹੈ ਅਤੇ ਆਮ ਆਦਮੀ ਪਾਰਟੀ ਇਸ ਟਕਰਾਅ 'ਚੋਂ ਆਏ ਫ਼ੈਸਲੇ ਨੂੰ ਜੇਤੂ ਨਜ਼ਰੀਏ ਨਾਲ ਵੇਖ ਰਹੀ ਹੈ। ਪੰਜਾਬ ਦੇ ਸਿਆਸੀ ਹਲਕਿਆਂ ਦੀ ਨਜ਼ਰ ਸੁਪਰੀਮ ਕੋਰਟ ਦੇ ਅੱਜ ਦੇ ਫ਼ੈਸਲੇ 'ਤੇ ਟਿਕੀ ਹੋਈ ਸੀ। ਰਾਜਪਾਲ ਦੀ ਪ੍ਰਵਾਨਗੀ ਮਗਰੋਂ ਵਿਧਾਨ ਸਭਾ ਸਕੱਤਰੇਤ ਨੇ ਬਜਟ ਸੈਸ਼ਨ ਦੀ ਤਿਆਰੀ ਵਿੱਢ ਦਿੱਤੀ ਹੈ।

# ਚੀਨ ਦੀ ਵੂਹਾਨ ਲੈਬ ਤੋਂ ਪੂਰੀ ਦੁਨੀਆ 'ਚ ਫੈਲਿਆ ਕੋਰੋਨਾ

**ਵਾਸ਼ਿੰਗਟਨ (ਬਿਊਰੋ)-** ਕੋਰੋਨਾ ਨੇ ਦੁਨੀਆ ਵਿੱਚ ਭਿਆਨਕ ਤਬਾਹੀ ਮਚਾਈ ਸੀ। ਸ਼ੁਰੂ ਤੋਂ ਇਸ ਦੀ ਉਤਪਤੀ ਨੂੰ ਲੈ ਕੇ ਚੀਨ ਸਵਾਲਾਂ 'ਚ ਘਿਰਿਆ ਰਿਹਾ ਹੈ। ਇਸ ਬਾਰੇ ਕਈ ਵਾਰ ਠੋਸ ਦਾਅਵੇ ਵੀ ਕੀਤੇ ਗਏ ਸਨ ਕਿ ਕੋਵਿਡ-19 ਮਹਾਮਾਰੀ ਦੀ ਸ਼ੁਰੂਆਤ ਚੀਨ ਦੀ ਵੂਹਾਨ ਲੈਬ ਤੋਂ ਹੋਈ ਹੈ। ਇਸ ਬਾਰੇ ਕਈ ਖੁਫੀਆ ਜਾਣਕਾਰੀਆਂ ਵੀ ਅਮਰੀਕਾ ਨੇ ਸਾਂਝੀਆਂ ਕੀਤੀਆਂ ਹਨ। ਹੁਣ ਇਸ ਗੱਲ ਦੀ ਪੁਸ਼ਟੀ ਅਮਰੀਕਾ ਦੀ ਖੁਫੀਆ ਏਜੰਸੀ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਕੀਤੀ ਹੈ।

ਐਫਬੀਆਈ ਦੇ ਡਾਇਰੈਕਟਰ ਕ੍ਰਿਸਟੋਫਰ ਵੇਅ ਨੇ ਪੁਸ਼ਟੀ ਕਰਦਿਆ ਕਿਹਾ ਕਿ ਬਿਊਰੋ ਨੇ ਮੁਲਾਂਕਣ ਕੀਤਾ ਹੈ ਕਿ ਕੋਵਿਡ -19 ਮਹਾਮਾਰੀ ਚੀਨ ਦੇ ਵੂਹਾਨ ਵਿੱਚ ਇੱਕ ਪ੍ਰਯੋਗਸ਼ਾਲਾ ਘਟਨਾ ਤੋਂ ਉਤਪੰਨ ਹੋਈ ਹੈ। ਐਫਬੀਆਈ ਨੇ ਇਸ ਸਬੰਧ ਵਿੱਚ ਇੱਕ ਟਵੀਟ ਵੀ ਕੀਤਾ ਹੈ। ਇਸ ਦੌਰਾਨ, ਯੂਐਸ ਦੇ ਊਰਜਾ ਵਿਭਾਗ ਨੇ ਵੀ ਆਪਣੀ ਇੱਕ ਰਿਪੋਰਟ ਵਿੱਚ ਸਖ਼ਤ ਖਦਸ਼ਾ ਪ੍ਰਗਟਾਇਆ ਸੀ ਕਿ ਕੋਵਿਡ -19 ਮਹਾਂਮਾਰੀ ਇੱਕ ਪ੍ਰਯੋਗਸ਼ਾਲਾ ਵਿੱਚ ਲੀਕ ਹੋਣ ਦਾ ਨਤੀਜਾ ਹੋ ਸਕਦੀ ਹੈ। ਇਹ ਜਾਣਕਾਰੀ ਅਮਰੀਕੀ ਅਖਬਾਰ ਵਾਲ ਸਟਰੀਟ ਜਨਰਲ 'ਚ ਪ੍ਰਕਾਸ਼ਿਤ ਰਿਪੋਰਟ 'ਚ ਦਿੱਤੀ ਗਈ ਹੈ ਅਤੇ ਦੱਸਿਆ ਗਿਆ ਹੈ ਕਿ ਇਹ ਖਦਸ਼ਾ ਵਾਈਟ ਹਾਊਸ ਅਤੇ ਅਮਰੀਕੀ ਸੰਸਦ ਦੇ ਪ੍ਰਮੁੱਖ ਮੈਂਬਰਾਂ ਨੂੰ ਸੌਂਪੀ ਗਈ ਇਕ ਖੁਫੀਆ ਰਿਪੋਰਟ 'ਚ ਪ੍ਰਗਟ ਕੀਤਾ ਗਿਆ ਹੈ।



ਰਿਪੋਰਟ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਯੂਐਸ ਦੇ ਊਰਜਾ ਵਿਭਾਗ ਨੇ ਇਸ ਤੋਂ ਪਹਿਲਾਂ ਵਾਇਰਸ ਦੀ ਉਤਪਤੀ ਬਾਰੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਹਾਲਾਂਕਿ, ਹੁਣ ਇਹ ਨਵੀਂ ਜਾਣਕਾਰੀ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਐਵਰਿਲ ਹੇਨਸ ਦੇ ਦਫਤਰ ਦੁਆਰਾ 2021 ਦਸਤਾਵੇਜ਼ ਦੇ ਅਪਡੇਟ ਵਿੱਚ ਦਿੱਤੀ ਗਈ ਹੈ। ਇਸ ਦੇ ਨਾਲ ਹੀ ਖੁਫੀਆ ਏਜੰਸੀ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕੋਰੋਨਾ ਦੀ ਸ਼ੁਰੂਆਤ ਚੀਨ ਦੇ ਵੂਹਾਨ ਦੀ ਇੱਕ ਲੈਬ ਤੋਂ ਹੋਈ ਹੈ। ਇਸ ਲੈਬ 'ਚੋਂ ਨਿਕਲੇ ਵਾਇਰਸ ਨੇ ਦੁਨੀਆ 'ਚ ਤਬਾਹੀ ਮਚਾਈ ਹੋਈ ਸੀ।

DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ
ਰਵਿਦਾਸ ਦਾਸ ਪ੍ਰਾਧੀਨ ਕੌ ਕੌਣ ਕਰੈ ਹੈ ਪ੍ਰੀਤ

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)



ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ
ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ
ਪ੍ਰਕਾਸ਼ ਦਿਹਾੜਾ 3, 4, 5 ਮਾਰਚ 2023 ਨੂੰ ਮਨਾਇਆ ਜਾ ਰਿਹਾ ਹੈ

ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਹਿਬ – 3 ਮਾਰਚ 2023, 10 ਵਜੇ ਸਵੇਰੇ
ਨਿਸ਼ਾਨ ਸਾਹਿਬ ਦੀ ਸੇਵਾ – 4 ਮਾਰਚ 2023, 5 ਵਜੇ ਸ਼ਾਮੀ
ਭੋਗ ਸ੍ਰੀ ਅਖੰਡ ਪਾਠ ਸਾਹਿਬ – 5 ਮਾਰਚ 2023, ਸਵੇਰੇ 10 ਵਜੇ

ਹੋਰ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ:

559-486-3091 'ਤੇ ਸੰਪਰਕ ਕੀਤਾ ਜਾ ਸਕਦਾ ਹੈ

Shri Guru Ravidass Sabha (CV) Fresno (California)
5025 S. Cherry Ave., Fresno (California) 93706

## ਅਮਰੀਕਾ ਦੇ ਪਹਿਲੇ ਸੰਸਦ ਮੈਂਬਰ ਜੇਮਜ਼ ਅਬੂਰੇਜ਼ਕ ਚਲ ਵਸੇ



**ਅਮਰੀਕਾ–** ਇਥੋਂ ਦੇ ਪਹਿਲੇ ਸੰਸਦ ਮੈਂਬਰ ਜੇਮਜ਼ ਅਬੂਰੇਜ਼ਕ ਦੀ 92 ਸਾਲ ਦੀ ਉਮਰ ਵਿੱਚ ਮੌਤ ਹੋ ਗਈ ਹੈ। ਉਹ ਸਾਊਥ ਡਕੋਟਾ ਤੋਂ ਡੈਮੋਕ੍ਰੇਟਿਕ ਪਾਰਟੀ ਦੇ ਸੰਸਦ ਮੈਂਬਰ ਰਹੇ ਸਨ। ਅਬੂਰੇਜ਼ਕ ਨੂੰ ਇਸ ਹਫ਼ਤੇ ਦੇ ਸ਼ੁਰੂ ਵਿੱਚ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਹਸਪਤਾਲ ਤੋਂ ਸਿਓਕਸ ਫਾਲਜ਼ ਸਥਿਤ ਆਪਣੇ ਘਰ ਪਰਤਣ ਤੋਂ ਬਾਅਦ ਆਪਣੇ ਜਨਮ ਦਿਨ ਵਾਲੇ ਦਿਨ ਹੀ ਉਨ੍ਹਾਂ ਨੇ ਆਖਰੀ ਸਾਹ ਲਿਆ। ਉਨ੍ਹਾਂ ਦੇ ਬੇਟੇ ਚਾਰਲਸ ਅਬੂਰੇਜ਼ਕ ਨੇ ਇਹ ਜਾਣਕਾਰੀ ਦਿੱਤੀ। ਹਸਪਤਾਲ ਵਿੱਚ ਰਹਿਣ ਦੌਰਾਨ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਪਤਨੀ ਸਨਾ ਅਬੂਰੇਜ਼ਕ ਅਤੇ ਹੋਰ ਪਰਿਵਾਰਕ ਮੈਂਬਰ ਵੀ ਸਨ। ਅਬੂਰੇਜ਼ਕ ਨੇ 1970 ਦੇ ਦਹਾਕੇ ਵਿੱਚ ਅਮਰੀਕੀ ਕਾਂਗਰਸ ਦੇ ਹੇਠਲੇ ਸਦਨ, ਪ੍ਰਤੀਨਿਧੀ ਸਭਾ ਵਿੱਚ ਇਕ ਵਾਰ ਸਾਊਥ ਡਕੋਟਾ ਦੀ ਨੁਮਾਇੰਦਗੀ ਕੀਤੀ ਸੀ, ਜਦੋਂ ਕਿ ਉਹ ਇੱਕ ਵਾਰ ਉੱਚ ਸਦਨ ਸੈਨੇਟ ਦੇ ਵੀ ਮੈਂਬਰ ਰਹੇ ਸਨ। ਅਬੂਰੇਜ਼ਕ ਭਾਰਤੀ ਮਾਮਲਿਆਂ ਬਾਰੇ ਸੈਨੇਟ ਕਮੇਟੀ ਦੇ ਪਹਿਲੇ ਚੇਅਰਮੈਨ ਰਹੇ ਸਨ।

## ਬਾਈਡੇਨ ਰਾਸ਼ਟਰਪਤੀ ਦੀ ਦੂਜੀ ਪਾਰੀ ਖੇਡਣ ਨੂੰ ਤਿਆਰ-ਜਿਲ

**ਅਮਰੀਕਾ–** ਐਸੋਸੀਏਟਡ ਪ੍ਰੈੱਸ ਨੂੰ ਇਕ ਵਿਸ਼ੇਸ਼ ਇੰਟਰਵਿਊ ਵਿੱਚ ਅਮਰੀਕਾ ਦੀ ਪਹਿਲੀ ਮਹਿਲਾ ਨਾਗਰਿਕ (ਰਾਸ਼ਟਰਪਤੀ ਦੀ ਪਤਨੀ) ਜਿਲ ਬਾਈਡੇਨ ਨੇ ਸਪੱਸ਼ਟ ਸੰਕੇਤ ਦਿੱਤਾ ਹੈ ਕਿ ਰਾਸ਼ਟਰਪਤੀ ਜੋਅ ਬਾਈਡੇਨ ਦੂਜੇ ਕਾਰਜਕਾਲ ਲਈ ਚੋਣ ਲੜਨਗੇ। ਵੈਸੇ, ਜੋਅ ਬਾਈਡੇਨ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਹ ਦੁਬਾਰਾ ਰਾਸ਼ਟਰਪਤੀ ਚੋਣ ਲੜਨ ਦਾ ਇਰਾਦਾ ਰੱਖਦੇ ਹਨ ਪਰ ਉਨ੍ਹਾਂ ਨੇ ਅਜੇ ਤੱਕ ਅਧਿਕਾਰਤ ਤੌਰ 'ਤੇ ਇਸ ਦਾ ਐਲਾਨ ਨਹੀਂ ਕੀਤਾ ਹੈ। ਹਾਲਾਂਕਿ ਉਨ੍ਹਾਂ ਨੇ ਇਨ੍ਹਾਂ ਸਵਾਲਾਂ 'ਤੇ ਜ਼ਿਆਦਾ ਧਿਆਨ ਨਹੀਂ ਦਿੱਤਾ ਕਿ ਕੀ ਉਹ ਰਾਸ਼ਟਰਪਤੀ ਦੇ ਅਹੁਦੇ 'ਤੇ ਬਣੇ ਰਹਿਣ ਲਈ ਬਹੁਤ ਬਜ਼ੁਰਗ ਹੋ ਗਏ ਹਨ। ਉਹ ਆਪਣੇ ਦੂਜੇ ਕਾਰਜਕਾਲ ਦੇ ਅੰਤ ਤੱਕ 86 ਸਾਲ ਦੇ ਹੋ ਜਾਣਗੇ। ਜਿਲ ਬਾਈਡੇਨ ਨੇ ਕਿਹਾ, "ਉਹ (ਜੋਅ ਬਾਈਡੇਨ) ਕਹਿੰਦੇ ਹਨ ਕਿ ਉਨ੍ਹਾਂ ਨੇ ਆਪਣੀ ਯਾਤਰਾ ਪੂਰੀ ਨਹੀਂ ਕੀਤੀ।" ਜਿਲ ਬਾਈਡੇਨ ਅਫਰੀਕਾ ਦੀ 5 ਦਿਨਾ ਯਾਤਰਾ ਦੇ ਦੂਜੇ ਅਤੇ ਆਖਰੀ ਪੜਾਅ 'ਤੇ ਨੈਰੋਬੀ ਵਿੱਚ ਸੀ। ਜਿਲ ਬਾਈਡੇਨ ਨੇ ਕਿਹਾ, "ਤੁਹਾਡੇ ਵਿਸ਼ਵਾਸ ਕਰਨ ਲਈ ਉਨ੍ਹਾਂ ਨੂੰ ਕਿੰਨੀ ਵਾਰ ਕਹਿਣਾ ਪਏਗਾ।" ਬਾਈਡੇਨ ਦੇ ਸਹਿਯੋਗੀਆਂ ਦਾ ਕਹਿਣਾ ਹੈ ਕਿ ਪਹਿਲੇ ਫੰਡਰੇਜ਼ਿੰਗ ਦੌਰ ਦੀ ਸਮਾਪਤੀ ਤੋਂ ਬਾਅਦ ਅਪ੍ਰੈਲ ਵਿੱਚ ਐਲਾਨ ਕੀਤਾ ਜਾ ਸਕਦਾ ਹੈ।



## ਭੂਮੱਧ ਸਾਗਰ ਕਿਉਂ ਬਣਦਾ ਜਾ ਰਿਹਾ ਹੈ ਗੈਰ-ਕਾਨੂੰਨੀ ਪਰਵਾਸੀਆਂ ਲਈ ਕਬਰਿਸਤਾਨ

**ਮਿਲਾਨ–** ਏਸ਼ੀਅਨ ਤੇ ਅਫਰੀਕਨ ਲੋਕ ਭੁੱਖਮਰੀ ਤੋਂ ਖਹਿੜਾ ਛੁਡਾਉਣ ਲਈ ਹਰ ਰੋਜ਼ ਜਾਇਜ਼ ਤੇ ਨਜਾਇਜ਼ ਢੰਗ ਨਾਲ ਯੂਰਪ ਵਿੱਚ ਦਾਖਲ ਹੋਣ ਲਈ ਤਰਲੋ-ਮੱਛੀ ਹੋ ਰਹੇ ਹਨ ਜਿਸ ਲਈ ਇਹ ਲੋਕ ਬਿਨ੍ਹਾਂ ਜਾਨ ਦੀ ਪ੍ਰਵਾਹ ਕੀਤੇ ਬੱਚਿਆਂ ਸਮੇਤ ਭੂਮੱਧ ਸਮੁੰਦਰ ਦੇ ਵਿੱਚੋ ਲੰਘਦੇ ਉਸ ਮੌਤ ਦੇ ਸਫ਼ਰ ਨੂੰ ਕਰਨ ਤੋਂ ਵੀ ਨਹੀਂ ਡਰਦੇ ਜਿਸ ਨੂੰ ਪਾਰ ਕਰਨਾ ਸਿਰਫ਼ ਕਿਸਮਤ ਵਾਲੇ ਲੋਕਾਂ ਦੇ ਨਸੀਬ ਵਿੱਚ ਹੁੰਦਾ ਹੈ ।ਭਾਰਤੀ ਪੰਜਾਬੀ ਲੋਕ ਅੱਜ ਵੀ ਮਾਲਟਾ ਕਾਂਡ ਨਹੀਂ ਭੁੱਲੇ ਜੋ 25 ਦਸੰਬਰ 1996 ਨੂੰ ਭੂਮੱਧ ਸਾਗਰ ਵਿੱਚ ਹੀ ਵਾਪਰਿਆ ਸੀ ਤੇ 52 ਪੰਜਾਬੀ ਭਾਰਤੀ ਇਸ ਘਟਨਾ ਵਿੱਚ ਆਪਣੀ ਜਾਨ ਗੁਆ ਬੈਠੈ ਸਨ ਜਦੋਂ ਵੱਖ-ਵੱਖ ਦੇਸ਼ਾਂ ਦੇ 300 ਤੋ ਵੱਧ ਲੋਕਾਂ ਦੀ ਇਸ ਘਟਨਾ ਵਿੱਚ ਜਾਨ ਗਈ ਸੀ।ਇਸ ਤਰ੍ਹਾਂ ਹੀ 3 ਅਕਤੂਬਰ 2013 ਨੂੰ ਲੰਪੇਡੂਸਾ ਤੋਂ 368 ਗੈਰ-ਕਾਨੂੰਨੀ ਪ੍ਰਵਾਸੀਆਂ ਨਾਲ ਨੱਕੋ-ਨੱਕ ਭਰੀ ਕਿਸ਼ਤੀ ਭੂਮੱਧ ਸਾਗਰ ਦੀਆਂ ਲਹਿਰਾ ਵਿੱਚ ਡੁੱਬਕੇ 368 ਲੋਕਾਂ ਦਾ ਕਾਲ ਬਣ ਗਈ ਹਾਲਾਂਕਿ ਇਸ ਕਿਸ਼ਤੀ ਵਿੱਚੋਂ ਸਿਰਫ਼ ਇੱਕੋ-ਇੱਕ ਵਿਅਕਤੀ ਬਚਿਆ ਸੀ ਜਿਸ ਦਾ ਨਾਮ ਤਾਦੇਸੇ ਹੈ ਜੋ ਕਿ ਇਟਲੀ ਵਿੱਚ ਜਿੰਦਗੀ ਬਤੀਤ ਕਰ ਰਿਹਾ ਹੈ।

ਇਟਲੀ ਵਿੱਚ 3 ਅਕਤੂਬਰ ਨੂੰ ਇਹਨਾਂ ਮਰਨ ਵਾਲੇ ਪ੍ਰਵਾਸੀਆਂ ਦੀ ਯਾਦ ਨੂੰ ਕੌਮੀ ਪੱਧਰ ਤੇ ਮਨਾਇਆ ਜਾਂਦਾ। 2013 ਵਿੱਚ ਹੀ ਇੱਕ ਕਿਸ਼ਤੀ ਲੀਬੀਆਂ ਤੋਂ ਆਉਂਦਿਆਂ 80 ਲੋਕਾਂ ਲਈ ਮੌਤ ਦਾ ਸਫ਼ਰ ਬਣ ਗਈ।ਉਂਝ ਤਾਂ ਇਹ ਮੌਤ ਦਾ ਸਫ਼ਰ ਪਿਛਲੇ ਕਈ ਦਹਾਕਿਆਂ ਤੋਂ ਆਪਣੇ ਮੁਸਾਫਿਰ ਨੂੰ ਨਿਰੰਤਰ ਨਿਗਲਦਾ ਆ




ਰਿਹਾ ਪਰ ਅਸੀਂ ਗੱਲ ਕਰਦੇ ਹਾਂ ਸਿਰਫ਼ ਪਿਛਲੇ ਦੱਸ ਸਾਲਾਂ ਦੀ ਸੰਨ 2012 ਤੋਂ 2022 ਤੱਕ ਭੂਮੱਧ ਸਾਗਰ 26000 ਹਜ਼ਾਰ ਲੋਕਾਂ ਲਈ ਉਹਨਾਂ ਲੋਕਾਂ ਲਈ ਕਿਆਮਤ ਬਣ ਗਿਆ ਜਿਹੜੇ ਆਪਣੇ ਭੱਵਿਖ ਨੂੰ ਬਿਹਤਰ ਬਣਾਉਣ ਦੇ ਸੁਪਨੇ ਸਜਾ ਘਰ ਦੀਆਂ ਮਜ਼ਬੂਰੀਆਂ ਤੇ ਮਾੜੀ ਆਰਥਿਕਤਾ ਦੇ ਸਤੇ ਇਸ ਰਾਹ ਦੇ ਪਾਂਧੀ ਬਣ ਗਏ ਪਰ ਅਫਸੋਸ ਮੁੜ ਕਦੇਂ ਘਰ ਨਾ ਪਰਤ ਸਕੇ।ਗੈਰ ਕਾਨੂੰਨੀ ਪ੍ਰਵਾਸੀਆਂ ਦੀਆਂ ਭੂਮੱਧ ਸਾਰਗ ਵਿੱਚ ਕੋਡੀਆਂ ਦੇ ਭਾਅ ਖਤਮ ਹੁੰਦੀਆਂ ਜਿੰਦਗੀਆਂ ਨੂੰ ਬਚਾਉਣ ਲਈ ਬੇਸ਼ੱਕ ਪਿਛਲੇ ਕਈ ਦਹਾਕਿਆਂ ਤੋਂ ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫਾਰ ਮਾਈਗ੍ਰੇਸ਼ਨ (ਆਈ ਓ ਐਮ )ਸੇਵਾ ਵਿੱਚ ਹੈ ਪਰ ਇਸ ਦੇ ਬਾਵਜੂਦ ਭੂਮੱਧ ਸਾਗਰ ਗੈਰ-ਕਾਨੂੰਨੀਆਂ ਪ੍ਰਵਾਸੀਆਂ ਲਈ ਲਗਾਤਾਰ ਕਬਰਿਸਤਾਨ ਬਣਦਾ ਜਾ ਰਿਹਾ ਹੈ ਆਖਿਰ ਕਿਉਂ?

ਇਸ ਸਵਾਲ ਦਾ ਜਵਾਬ ਸ਼ਾਇਦ ਬਹੁਤੇ ਏਸ਼ੀਅਨ ਤੇ ਅਫਰੀਕਾ ਵਰਗੇ ਦੇਸ਼ਾਂ ਦੀਆਂ ਸਰਕਾਰਾਂ ਕੋਲ ਨਾ ਹੋਵੇ। ਹਾਲ ਹੀ ਵਿੱਚ ਤੁਰਕੀ ਤੋਂ ਇਟਲੀ ਨੂੰ ਆ ਰਹੀ ਗੈਰ-ਕਾਨੂੰਨੀ ਪ੍ਰਵਾਸੀਆਂ ਨਾਲ ਗਲ ਤੱਕ ਭਰੀ ਕਿਸ਼ਤੀ ਦੇ ਸਮੁੰਦਰ ਵਿੱਚ ਖਰਾਬ ਮੌਸਮ ਕਾਰਨ ਹਾਦਸਾ ਗ੍ਰਸਤ ਹੋਣ ਨਾਲ ਹੋਈ 62 ਲੋਕਾਂ ਦੀ ਮੌਤ (ਜਿਸ ਵਿੱਚ ਮਾਸੂਮ ਬੱਚੇ ਵੀ ਸ਼ਾਮਲ ਸਨ )ਸਰਕਾਰੀ ਸਿਸਟਮ ਲਈ ਵੱਡਾ ਸਵਾਲ ਹੈ ਇਹ ਵੀ ਖੁਲਾਸਾ ਹੋਇਆ ਹੈ ਕਿ ਮਰਨ ਵਾਲਿਆਂ ਵਿੱਚ ਪਾਕਿਸਤਾਨੀ ਵੀ ਸ਼ਾਮਲ ਸਨ ਜਿਹੜੇ ਕਿ ਦੇਸ਼ ਵਿੱਚ ਚੱਲ ਰਹੇ ਆਰਥਿਕ ਸੰਕਟ ਤੋਂ ਜਾਨ ਛੁਡਾਉਣ ਲਈ ਜਾਨ ਹੀ ਗੁਆ ਬੈਠੈ।

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਅਮਰੀਕਾ ਵਿਚ ਇਕ ਛੋਟੇ ਜਹਾਜ਼ ਨੂੰ ਹਾਦਸੇ ਉਪਰੰਤ ਲੱਗੀ ਅੱਗ, 5 ਵਿਅਕਤੀਆਂ ਦੀ ਮੌਤ

**ਸੈਕਰਾਮੈਂਟੋ , ਕੈਲੀਫੋਰਨਆ-** ਅਮਰੀਕਾ ਦੇ ਅਰਕੰਸਾਸ ਸੂਬੇ ਵਿਚ ਇਕ ਛੋਟਾ ਜਹਾਜ਼ ਤਬਾਹ ਹੋ ਗਿਆ ਤੇ ਉਸ ਵਿਚ ਸਵਾਰ 5 ਵਿਅਕਤੀਆਂ ਦੀ ਮੌਤ ਹੋ ਗਈ। ਇਹ ਘਟਨਾ ਲਿਟਲ ਰੌਕ ਖੇਤਰ ਵਿਚ ਵਾਪਰੀ। ਓਹੀਓ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਜਹਾਜ਼ ਪਿਛਲੇ ਦਿਨ ਇਕ ਸਥਾਨਕ ਮੈਟਲ ਫੈਕਟਰੀ ਵਿਚ ਹੋਏ ਧਮਾਕੇ ਵਾਲੇ ਸਥਾਨ 'ਤੇ ਜਾ ਰਿਹਾ ਸੀ। ਇਸ ਵਿਚ ਸੈਂਟਰ ਫਾਰ ਟੌਕਸੀਕਾਲੋਜੀ ਐਂਡ ਇਨਵਾਇਰਮੈਂਟ ਹੈਲਥ ਦੇ ਮੁਲਾਜ਼ਮ ਸਵਾਰ ਸਨ ਜੋ ਧਮਾਕੇ ਵਾਲੇ ਸਥਾਨ 'ਤੇ ਵਾਤਾਵਰਣ ਸਬੰਧੀ ਜਾਇਜ਼ਾ ਲੈਣ ਲਈ ਜਾ ਰਹੇ ਸਨ । ਜਹਾਜ਼ ਨੇ ਬਿਲ ਐਂਡ ਹਲੇਰੀ ਕਲਿੰਟਨ ਨੈਸ਼ਨਲ ਏਅਰ ਪੋਰਟ ਲਿਟਲ ਰੌਕ ਤੋਂ ਜੌਹਨ ਗਲੈਨ ਕੋਲੰਬਸ ਇੰਟਨੈਸ਼ਨਲ ਏਅਰ ਪੋਰਟ ਓਹੀਓ ਲਈ ਦੁਪਹਿਰ ਵੇਲੇ ਉਡਾਨ ਭਰੀ ਸੀ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਅਨੁਸਾਰ ਦੋ ਇੰਜਣਾਂ ਵਾਲਾ ਜਹਾਜ਼ ਉਡਾਨ ਭਰਨ ਦੇ ਕੁਝ ਦੇਰ ਬਾਅਦ ਲਿਟਲ ਰੌਕ ਹਵਾਈ ਅੱਡੇ ਨੇੜੇ ਤਬਾਹ ਹੋ ਗਿਆ ਤੇ ਇਸ ਨੂੰ ਅੱਗ ਲੱਗ ਗਈ। ਬੋਰਡ ਵੱਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾਵੇਗੀ। ਸੈਂਟਰ ਫਾਰ ਟੌਕਸੀਕਾਲੋਜੀ ਐਂਡ ਇਨਵਾਇਰਮੈਂਟ ਹੈਲਥ ਦੇ ਸੀਨੀਅਰ ਉਪ ਪ੍ਰਧਾਨ ਡਾ ਪਾਲ ਨੋਨੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਹਾਦਸੇ ਵਿਚ ਸਾਨੂੰ ਸਾਡੇ ਸਾਥੀਆਂ ਦੇ ਵਿਛੜ ਜਾਣ ਦਾ ਬੇਹੱਦ ਅਫਸੋਸ ਹੈ। ਅਸੀਂ ਇਸ ਦੁੱਖ ਦੀ ਘੜੀ ਵਿਚ ਪੀੜਤ ਪਰਿਵਾਰਾਂ ਦੇ ਨਾਲ ਖੜੇ ਹਾਂ। ਇਥੇ ਜਿਕਰਯੋਗ ਹੈ ਕਿ ਓਹੀਓ ਦੀ ਇਕ ਮੈਟਲ ਫੈਕਟਰੀ ਵਿਚ ਬੀਤੇ ਸੋਮਵਾਰ ਹੋਏ ਧਮਾਕੇ ਉਪਰੰਤ ਲੱਗੀ ਅੱਗ ਵਿਚ ਸੜਣ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਸੀ।



# ਅਮਰੀਕਾ ਦੇ ਇਕ ਨਾਈਟ ਕਲੱਬ ਵਿਚ ਹੋਈ ਲੜਾਈ ਵਿੱਚ 8 ਜ਼ਖਮੀ, 2 ਦੀ ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀਫੋਰਨਆ-** ਅਮਰੀਕਾ ਵਿਚ ਓਕਲਾਹੋਮਾ ਰਾਜ ਦੇ ਇਕ ਸ਼ਹਿਰ ਦੇ ਨਾਈਟ ਕਲੱਬ ਵਿਚ ਹੋਈ ਜਬਰਦਸਤ ਲੜਾਈ ਵਿਚ 8 ਵਿਅਕਤੀ ਜ਼ਖਮੀ ਹੋ ਗਏ ਜਿਨਾਂ ਵਿਚੋਂ 2 ਦੀ ਹਾਲਤ ਗੰਭੀਰ ਹੈ। ਇਹ ਜਾਣਕਾਰੀ ਓਕਲਾਹੋਮਾ ਦੇ ਪੁਲਿਸ ਵਿਭਾਗ ਨੇ ਦਿੱਤੀ ਹੈ। ਇਹ ਘਟਨਾ ਬਰਿਕਟਾਊਨ ਡਿਸਟ੍ਰਿਕਟ ਦੇ ਨਾਈਟ ਕਲੱਬ ਵਿਚ ਵਾਪਰੀ। ਲੜਾਈ ਵਿਚ ਚਾਕੂਆਂ ਤੇ ਡੰਡਿਆਂ ਦੀ ਖੁਲ ਕੇ ਵਰਤੋਂ ਕੀਤੀ ਗਈ ਤੇ ਕਲੱਬ ਵਿਚ ਚੀਕਚਿਹਾੜਾ ਪੈ ਗਿਆ। ਪੁਲਿਸ ਮੌਕੇ ਉਪਰ ਪੁੱਜੀ ਤਾਂ ਦੋ ਲੋਕ ਗੰਭੀਰ ਜ਼ਖਮੀ ਹਾਲਤ ਵਿਚ ਸਨ ਜਿਨਾਂ ਦੇ ਛੁਰਿਆਂ ਦੇ ਜ਼ਖਮ ਸਨ। ਉਨਾਂ ਦੇ ਖੂਨ ਵਹਿ ਰਿਹਾ ਸੀ। ਖੂਨ ਬੰਦ ਕਰਨ ਲਈ ਉਨਾਂ ਨੂੰ ਮੌਕੇ ਉਪਰ ਮੁੱਢਲੀ ਸਹਾਇਤਾ ਦਿੱਤੀ ਗਈ ਬਾਅਦ ਵਿਚ ਉਨਾਂ ਨੂੰ ਹਸਪਤਾਲ ਵਿੱਚ ਭੇਜਿਆ ਗਿਆ। ਕਲੱਬ ਦੇ ਬਾਹਰ ਸੁਰੱਖਿਆ ਸਖਤ ਕਰ ਦਿੱਤੀ ਗਈ ਹੈ ਤੇ ਪੁਲਿਸ ਅਫਸਰ ਤਾਇਨਾਤ ਕਰ ਦਿੱਤੇ ਗਏ ਹਨ। ਪੁਲਿਸ ਅਨੁਸਾਰ ਅਜੇ ਇਸ ਮਾਮਲੇ ਵਿਚ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ ਤੇ ਨਾ ਹੀ ਲੜਾਈ ਦਾ ਕਾਰਨ ਸਪੱਸ਼ਟ ਹੋ ਸਕਿਆ ਹੈ।



# ਅਮਰੀਕਾ ਨੇ ਭਾਰਤੀਆਂ ਨੂੰ ਵੀਜ਼ੇ ਜਾਰੀ ਕਰਨ ਵਿਚ ਹੁੰਦੀ ਦੇਰੀ ਖਤਮ ਕਰਨ ਲਈ ਕਈ ਕਦਮ ਚੁੱਕੇ

**ਸੈਕਰਾਮੈਂਟੋ, ਕੈਲੀਫੋਰਨਆ-** ਅਮਰੀਕਾ ਨੇ ਇਸ ਸਾਲ ਭਾਰਤੀਆਂ ਨੂੰ ਪਿਛਲੇ ਸਾਲਾਂ ਦੀ ਤੁਲਨਾ ਵਿਚ ਵਧ ਵੀਜ਼ੇ ਜਾਰੀ ਕਰਨ ਲਈ ਕਈ ਕਦਮ ਚੁੱਕੇ ਹਨ। ਅਮਰੀਕਾ ਦੇ ਵਿਦੇਸ਼ ਵਿਭਾਗ ਕੌਂਸਲਰ ਆਪਰੇਸ਼ਨਜ ਦੇ ਸੀਨੀਅਰ ਅਧਿਕਾਰੀ ਜੂਲੀ ਸਟਫ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਚੁੱਕੇ ਗਏ ਕਦਮਾਂ ਦੇ ਸਿੱਟੇ ਵਜੋਂ ਭਾਰਤੀਆਂ ਨੂੰ ਕੋਵਿਡ 19 ਮਹਾਮਾਰੀ ਤੋਂ ਪਹਿਲਾਂ ਦੀ ਤੁਲਨਾ ਵਿਚ ਇਸ ਸਾਲ ਹੁਣ ਤੱਕ 36% ਵਧ ਵੀਜ਼ੇ ਜਾਰੀ ਕੀਤੇ ਜਾ ਚੁੱਕੇ ਹਨ ਜੋ ਭਾਰੀ ਵਾਧਾ ਹੈ। ਉਨਾਂ ਕਿਹਾ ਕਿ ਵੀਜ਼ੇ ਜਾਰੀ ਕਰਨ ਵਿਚ ਹੁੰਦੀ ਦੇਰੀ ਨੂੰ ਖਤਮ ਕਰਨ ਦਾ ਯਤਨ ਕੀਤਾ ਗਿਆ ਹੈ ਤੇ ਭਵਿੱਖ ਵਿਚ ਇਹ ਯਤਨ ਜਾਰੀ ਰਹੇਗਾ। ਭਾਰਤ ਤੇ ਅਮਰੀਕਾ ਵਿਚ ਦਰਖਾਸਤਾਂ ਦੀ ਪ੍ਰਾਸੈਸਿੰਗ ਵਿਚ ਹੁੰਦੀ ਦੇਰੀ ਨੂੰ ਖਤਮ ਕਰਨ ਲਈ ਕਦਮ ਚੁੱਕੇ ਗਏ ਹਨ। ਇਸ ਮਕਸਦ ਲਈ ਇੰਡੀਅਨ ਮਿਸ਼ਨ ਵਿਚ ਕੌਂਸਲਰ ਆਪਰੇਸ਼ਨਜ ਵਿਚ ਹੋਰ ਸਟਾਫ਼ ਭਰਤੀ ਕੀਤਾ ਗਿਆ ਹੈ ਤੇ ਸੁਪਰ ਸ਼ਨੀਵਾਰ ਨੂੰ ਸਟਾਫ ਸਾਰਾ ਦਿਨ ਵੀਜ਼ੇ ਜਾਰੀ ਕਰਨ ਦਾ ਕੰਮ ਨਿਪਟਾ ਰਿਹਾ ਹੈ। ਇਸ ਤੋਂ ਇਲਾਵਾ ਰਾਜਾਂ ਨੂੰ ਗਰਮ ਰੁੱਤ ਤੋਂ ਕੁਝ ਸ਼੍ਰੇਣੀਆਂ ਵਿਚ ਤਰਜੀਹੀ ਆਧਾਰ 'ਤੇ ਵੀਜ਼ੇ ਨਵੀਨੀਕਰਨ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਸਟਫ ਨੇ ਕਿਹਾ ਕਿ ਅਸੀਂ ਇਸ ਗੱਲ ਲਈ ਦ੍ਰਿੜ ਸੰਕਲਪ ਹਾਂ ਕਿ ਕਿਸੇ ਵੀ ਭਾਰਤੀ ਨੂੰ ਵੀਜ਼ਾ ਲਈ ਸਮਾਂ ਲੈਣ ਜਾਂ ਵੀਜ਼ਾ ਲੈਣ ਲਈ ਲੰਬਾ ਸਮਾਂ ਉਡੀਕ ਨਾ ਕਰਨੀ ਪਵੇ।

# ਅਮਰੀਕਾ ਵਿਚ ਯਹੂਦੀਆਂ ਤੋਂ ਬਾਅਦ ਸਭ ਤੋਂ ਵਧ ਸਿੱਖ ਧਰਮ ਅਧਾਰਤ ਨਫ਼ਰਤੀ ਅਪਰਾਧ ਤੋਂ ਪੀੜਤ-ਐਫ ਬੀ ਆਈ

**ਸੈਕਰਾਮੈਂਟੋ-** ਅਮਰੀਕਾ ਵਿਚ ਯਹੂਦੀਆਂ ਤੋਂ ਬਾਅਦ ਸਿੱਖ ਭਾਈਚਾਰਾ ਸਭ ਤੋਂ ਵਧ ਧਰਮ ਅਧਾਰਤ ਨਫ਼ਰਤੀ ਅਪਰਾਧ ਦਾ ਸ਼ਿਕਾਰ ਬਣੇ ਹਨ। ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਸਾਲ 2021 ਦੌਰਾਨ ਧਰਮ ਨਾਲ ਸਬੰਧਤ 1005 ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਹੋਈਆਂ ਜੋ ਸਮੁੱਚੇ ਤੌਰ 'ਤੇ ਵਾਪਰੀਆਂ ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਦਾ 14.2% ਹਨ। ਧਰਮ ਅਧਾਰਤ ਸਭ ਤੋਂ ਵਧ 31.9% ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਯਹੂਦੀਆਂ ਵਿਰੁੱਧ ਵਾਪਰੀਆਂ ਦੂਸਰਾ ਸਥਾਨ ਸਿੱਖਾਂ ਦਾ ਆਉਂਦਾ ਹੈ ਜਿਨਾਂ ਵਿਰੁੱਧ 21.3% ਧਰਮ ਅਧਾਰਤ ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਹੋਈਆਂ। ਮੁਸਲਮਾਨਾਂ ਵਿਰੁੱਧ 9.5% ਧਰਮ ਅਧਾਰਤ ਨਫ਼ਰਤੀ ਅਪਰਾਧ ਹੋਏ। ਇਸ ਤੋਂ ਬਾਅਦ ਕੈਥੋਲਿਕ ਭਾਈਚਾਰਾ ਆਉਂਦਾ ਹੈ ਜਿਨਾਂ ਵਿਰੁੱਧ 6.1% ਨਫ਼ਰਤੀ ਅਪਰਾਧ ਹੋਏ। ਲਾਅ ਇਨਫੋਰਸਮੈਂਟ ਏਜੰਸੀਆਂ ਅਨੁਸਾਰ ਸਮੁੱਚੇ ਤੌਰ 'ਤੇ 7262 ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਵਾਪਰੀਆਂ ਜਿਨਾਂ ਵਿਚ 9024 ਲੋਕਾਂ ਨੂੰ ਨਿਸ਼ਾਨਾ ਬਣ-ਾਇਆ ਗਿਆ ਜਿਸ ਤੋਂ ਪਤਾ ਲੱਗਦਾ ਹੈ ਕਿ ਅਮਰੀਕੀ ਸਮਾਜ ਵਿਚ ਧਰਮ, ਜਾਤ ਜਾਂ ਨਸਲ ਅਧਾਰਤ ਨਫ਼ਰਤੀ ਅਪਰਾਧ ਨਿਰੰਤਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। 64.8% ਲੋਕਾਂ ਨੂੰ ਉਨਾਂ ਦੀ ਨਸਲ, ਜਾਤ ਜਾਂ ਵੰਸ਼ ਕਾਰਨ ਨਿਸ਼ਾਨਾ ਬਣਾਇਆ ਗਿਆ। ਕਾਲੇ ਜਾਂ ਅਫਰੀਕੀ ਮੂਲ ਦੇ ਅਮਰੀਕੀ ਸਭ ਤੋਂ ਵਧ ਨਫ਼ਰਤੀ ਅਪਰਾਧ ਦਾ ਸ਼ਿਕਾਰ ਬਣੇ ਹਨ। 2021 ਦੌਰਾਨ ਇਨਾਂ ਵਿਰੁੱਧ 63.2% ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਵਾਪਰੀਆਂ ਜਦ ਕਿ ਏਸ਼ੀਅਨ ਮੂਲ ਦੇ ਅਮਰੀਕੀਆਂ ਵਿਰੁੱਧ 4.3% ਘਟਨਾਵਾਂ ਹੋਈਆਂ।

# ਫਲੋਰਿਡਾ ਵਿਚ ਬੰਦੂਕਧਾਰੀ ਵੱਲੋਂ ਟੀ ਵੀ ਸਟੇਸ਼ਨ ਦੇ ਪੱਤਰਕਾਰ ਸਮੇਤ 3 ਦੀ ਹੱਤਿਆ

**ਸੈਕਰਾਮੈਂਟੋ, ਕੈਲੀਫੋਰ-ਨੀਆ-** ਕੇਂਦਰੀ ਫਲੋਰਿਡਾ ਵਿਚ ਇਕ ਬੰਦੂਕਧਾਰੀ ਵੱਲੋਂ ਇਕ ਔਰਤ ਤੇ ਪੱਤਰਕਾਰ ਸਮੇਤ 3 ਜਣਿਆਂ ਦੀ ਹੱਤਿਆ ਕਰ ਦੇਣ ਦੀ ਖ਼ਬਰ ਹੈ। ਪਹਿਲਾਂ ਉਸ ਨੇ ਔਰਤ ਨੂੰ ਗੋਲੀ ਮਾਰੀ। ਬਾਅਦ ਵਿਚ ਹਮਲਾਵਰ ਨੇ ਮੌਕੇ 'ਤੇ ਪੁੱਜੇ ਟੀ ਵੀ ਪੱਤਰਕਾਰ ਜੋ ਦ੍ਰਿਸ਼ ਨੂੰ ਫਿਲਮਾ ਰਿਹਾ ਸੀ, ਦੀ ਵੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਇਕ 9 ਸਾਲ ਦੀ ਲੜਕੀ ਵੀ ਉਸ ਵੱਲੋਂ ਚਲਾਈ ਗੋਲੀ ਦਾ ਸ਼ਿਕਾਰ ਬਣ ਗਈ। ਪੁਲਿਸ ਨੇ ਹਮਲਾਵਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮਾਰਿਆ ਗਿਆ ਪੱਤਰਕਾਰ ਸਪੈਕਟਰਮ ਨਿਊਜ਼ 13 ਓਰਲੈਂਡੋ ਦਾ ਸੀ ਜਿਸ ਦੀ ਪਛਾਣ ਡੀਲਨ ਲਿਓਨਸ (24) ਵਜੋਂ ਹੋਈ ਹੈ। ਟੀ ਵੀ ਸਟੇਸ਼ਨ ਅਨੁਸਾਰ ਇਸ ਘਟਨਾ ਵਿਚ ਉਸ ਦਾ ਇਕ ਫੋਟੋਗ੍ਰਾਫਰ ਜੈਸੀ ਵਾਲਡਨ ਗੰਭੀਰ ਰੂਪ ਵਿਚ ਜ਼ਖਮੀ ਹੋਇਆ ਹੈ। ਓਰਲੈਂਡੋ ਹੈਲਥ ਰੀਜਨਲ ਮੈਡੀਕਲ ਸੈਂਟਰ ਅਨੁਸਾਰ ਵਾਲਡਨ ਦੀ ਹਾਲਤ ਸਥਿਰ ਹੈ। ਗ੍ਰਿਫ਼ਤਾਰ ਸ਼ੱਕੀ ਦੋਸ਼ੀ ਦੀ ਪਛਾਣ 19 ਸਾਲਾ ਕੀਥ ਮੈਲਵਿਨ ਮੋਸਸ ਵਜੋਂ ਹੋਈ ਹੈ।



# 4 ਯੁਨੀਵਰਸਿਟੀ ਵਿਦਿਆਰਥੀਆਂ ਦੀ ਹੱਤਿਆ ਵਾਲੇ ਘਰ ਨੂੰ ਢਾਹਿਆ ਜਾਵਗਾ



**ਸੈਕਰਾਮੈਂਟੋ, ਕੈਲੀਫੋਰਨੀਆ-** ਇਦਾਹੋ ਦੇ ਉਸ ਘਰ ਨੂੰ ਢਾਹ ਦਿੱਤਾ ਜਾਵੇਗਾ ਜਿਥੇ ਪਿਛਲੇ ਸਾਲ ਨਵੰਬਰ ਵਿਚ ਯੁਨੀਵਰਸਿਟੀ ਆਫ ਈਦਾਹੋ ਦੇ 4 ਵਿਦਿਆਰਥੀਆਂ ਦੀ ਹੱਤਿਆ ਹੋਈ ਸੀ। ਇਹ ਜਾਣਕਾਰੀ ਯੁਨੀਵਰਸਿਟੀ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਬਿਆਨ ਅਨੁਸਾਰ ਇਹ ਕਾਰਵਾਈ ਹੀਲਿੰਗ ਸਟੈਪ ਵਜੋਂ ਕੀਤੀ ਜਾ ਰਹੀ ਹੈ। 13 ਨਵੰਬਰ 2022 ਨੂੰ ਕੇਲੀ ਗੋਨਕਾਲਵਸ (21), ਮੈਡੀਸਨ ਮੋਗਨ (21) , ਸਾਨਾ ਕੇਰਨੋਡਲ (20) ਤੇ ਕੇਰਨੋਡਲ ਦੇ ਮਿੱਤਰ ਈਥਨ ਚਪਿਨ (20) ਦੀ ਇਸ ਘਰ ਵਿਚ ਹੱਤਿਆ ਕਰ ਦਿੱਤੀ ਗਈ ਸੀ। ਇਹ ਘਰ ਯੁਨੀਵਰਸਿਟੀ ਕੈਂਪਸ ਦੇ ਨੇੜੇ ਸਥਿੱਤ ਹੈ ਜਿਸ ਨੂੰ ਇਸ ਦੇ ਮਾਲਕ ਨੇ ਯੁਨੀਵਰਸਿਟੀ ਨੂੰ ਦੇ ਦਿੱਤਾ ਸੀ।

# ਅਮਰੀਕਾ ਵਿਚ ਕੁੱਤਿਆਂ ਦੇ ਹਮਲੇ ਵਿਚ ਇਕ ਬਜ਼ੁਰਗ ਦੀ ਮੌਤ ਦੂਸਰੇ ਦੀ ਹਾਲਤ ਗੰਭੀਰ



**ਸੈਕਰਾਮੈਂਟੋ, ਕੈਲੀਫੋਰਨੀਆ-** ਸੈਨ ਐਨਟੋਨੀਓ, ਟੈਕਸਾਸ ਵਿਚ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਗਏ ਇਕ ਬਜ਼ੁਰਗ ਜੋੜੇ ਉਪਰ ਦੋ ਕੁੱਤਿਆਂ ਨੇ ਹਮਲਾ ਕਰ ਦਿੱਤਾ। ਪੁਲਿਸ ਅਨੁਸਾਰ ਬੀਤੇ ਦਿਨ ਦੁਪਹਿਰ ਬਾਅਦ 81 ਸਾਲਾ ਵਿਅਕਤੀ ਤੇ 74 ਸਾਲਾ ਔਰਤ ਆਪਣੇ ਰਿਸ਼ਤੇਦਾਰ ਦੇ ਘਰ ਦੇ ਬਾਹਰ ਕਾਰ ਵਿਚੋਂ ਬਾਹਰ ਨਿਕਲੇ ਹੀ ਸਨ ਜਦੋਂ ਕੁੱਤੇ ਉਨਾਂ ਨੂੰ ਪੈ ਗਏ ਜਿਨਾਂ ਨੂੰ ਬਚਾਉਣ ਆਇਆ ਇਕ ਰਿਸ਼ਤੇਦਾਰ ਵੀ ਜ਼ਖਮੀ ਹੋ ਗਿਆ। ਸੈਨ ਐਨਟੋਨੀਓ ਅੱਗ ਬੁਝਾਊ ਵਿਭਾਗ ਦੇ ਮੁੱਖੀ ਚਾਰਲਸ ਹੁੱਡ ਅਨੁਸਾਰ ਇਸ ਹਮਲੇ ਵਿਚ ਬਜ਼ੁਰਗ ਦੀ ਮੌਤ ਹੋ ਗਈ ਜਦ ਕਿ ਬਜ਼ੁਰਗ ਔਰਤ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਕੁੱਤਿਆਂ ਦੇ ਮਾਲਕ ਕ੍ਰਿਸਟੀਅਨ ਅਲੈਗਜੰਡਰ ਮੋਰੇਨੋ (31) ਨੂੰ ਗ੍ਰਿਫਤਾਰ ਕੀਤਾ ਹੈ। ਸੈਨ ਐਨਟੋਨੀਓ ਪੁਲਿਸ ਅਨੁਸਾਰ ਉਸ ਵਿਰੁੱਧ ਅਪਰਾਧਕ ਦੋਸ਼ ਆਇਦ ਕੀਤੇ ਜਾਣਗੇ।

# ਸਾਬਕਾ ਪੁਲਿਸ ਅਫਸਰ ਵਿਰੁੱਧ ਲੜਕੀ ਨੂੰ ਅਗਵਾ ਤੇ ਹੱਤਿਆ ਕਰਨ ਦੇ ਦੋਸ਼ ਆਇਦ

**ਸੈਕਰਾਮੈਂਟੋ, ਕੈਲੀਫੋਰਨੀਆ-** ਜਾਰਜੀਆ ਦੇ ਸਾਬਕਾ ਪੁਲਿਸ ਅਫਸਰ ਮਾਈਲਜ ਬਰੀਅੰਟ (22) ਜਿਸ ਨੂੰ 16 ਸਾਲਾ ਲੜਕੀ ਦੀ ਮੌਤ ਨੂੰ ਛੁਪਾਉਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ, ਵਿਰੁੱਧ ਹੁਣ ਅਗਵਾ ਤੇ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਇਹ ਪ੍ਰਗਟਾਵਾ ਪੁਲਿਸ ਨੇ ਕੀਤਾ ਹੈ। ਸੁਸਾਨਾ ਮੋਰਾਲਸ ਨਾਮੀ ਲੜਕੀ ਜੋ ਪਿਛਲੇ ਸਾਲ ਜੁਲਾਈ ਤੋਂ ਲਾਪਤਾ ਸੀ, ਦੀ ਗਲੀ ਸੜੀ ਲਾਸ਼ ਇਸ ਮਹੀਨੇ ਦੇ ਸ਼ੁਰੂ ਵਿਚ ਬਰਾਮਦ ਕੀਤੀ ਗਈ ਸੀ। ਗਵੀਨੈਟ ਕਾਊਂਟੀ ਪੁਲਿਸ ਮੁਖੀ ਜੇਮਜ ਡੀ ਮੈਕਲਰ ਨੇ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਜਾਂਚਕਾਰਾਂ ਨੇ ਉਹ ਹਥਿਆਰ ਵੀ ਬਰਾਮਦ ਕਰ ਲਿਆ ਹੈ ਜਿਸ ਹਥਿਆਰ ਬਾਰੇ ਮੋਰਾਲਸ ਨੇ ਚੋਰੀ ਹੋ ਜਾਣ ਦੀ ਗੱਲ ਕਹੀ ਸੀ। ਉਨਾਂ ਕਿਹਾ ਕਿ ਬਰੀਅੰਟ ਨੇ ਪਿਛਲੇ ਸਾਲ ਜੁਲਾਈ ਵਿਚ ਉਸ ਦਿਨ ਹੀ ਗੰਨ ਚੋਰੀ ਹੋਣ ਦੀ ਰਿਪੋਰਟ ਲਿਖਵਾਈ ਸੀ ਜਿਸ ਦਿਨ ਮੋਰਾਲਸ ਗਾਇਬ ਹੋਈ ਸੀ। ਇਹ ਗੰਨ 7 ਫਰਵਰੀ ਨੂੰ ਉਸੇ ਸਥਾਨ ਤੋਂ ਬਰਾਮਦ ਹੋਈ ਜਿਥੋਂ ਦੇ ਲਾਪਤਾ ਹੋਣ ਸਮੇ ਬਰੀਅੰਟ ਡੇਕਾਲਬ ਕਾਊਂਟੀ ਦੇ ਡੋਰਾਵਿਲੇ ਪੁਲਿਸ ਵਿਭਾਗ ਵਿਚ ਅਫਸਰ ਸੀ। ਉਸ ਵਿਰੁੱਧ ਲੱਗੇ ਦੋਸ਼ਾਂ ਉਪਰੰਤ ਉਸ ਨੂੰ ਬਰਖਾਸਤ ਕਰ ਦਿੱਤਾ ਗਿਆ ਸੀ।





### ਦਿੱਲੀ 'ਚ ਜੀ-20 ਵਿਦੇਸ਼ ਮੰਤਰੀਆਂ ਦੀ ਬੈਠਕ

# ਫੇਲ੍ਹ ਹੋ ਗਿਆ ਹੈ ਦੁਨੀਆਂ ਨੂੰ ਚਲਾਉਣ ਵਾਲਾ ਕੌਮਾਂਤਰੀ ਸਿਸਟਮ- ਮੋਦੀ

**ਨਵੀਂ ਦਿੱਲੀ-** ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ 20 ਦੇਸ਼ਾਂ ਦੇ ਸੰਗਠਨ ਜੀ-20 ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਸਵੇਰੇ 9.20 ਵਜੇ ਰਾਸ਼ਟਰਪਤੀ ਭਵਨ ਦੇ ਕਲਚਰਲ ਸੈਂਟਰ (ਆਰ.ਬੀ.ਸੀ.ਸੀ.) 'ਚ ਸ਼ੁਰੂ ਹੋਈ। ਮੀਟਿੰਗ ਦੀ ਸ਼ੁਰੂਆਤ ਵਿੱਚ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਤੁਰਕੀ ਅਤੇ ਸੀਰੀਆ ਵਿੱਚ ਹਾਲ ਹੀ ਵਿੱਚ ਆਏ ਭੂਚਾਲ ਵਿੱਚ ਮਾਰੇ ਗਏ ਲੋਕਾਂ ਪ੍ਰਤੀ ਸੰਵੇਦਨਾ ਪ੍ਰਗਟ ਕਰਨ ਲਈ ਇੱਕ ਮਿੰਟ ਦਾ ਮੌਨ ਰੱਖਿਆ। ਇਸ ਤੋਂ ਬਾਅਦ ਮੀਟਿੰਗ ਦੀ ਰਸਮੀ ਸ਼ੁਰੂਆਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਦੇਸ਼ ਨਾਲ ਹੋਈ।

**ਗਲੋਬਲ ਗਵਰਨੈਂਸ ਸਿਸਟਮ ਫੇਲ੍ਹ**

ਆਪਣੇ ਸੰਦੇਸ਼ ਵਿੱਚ ਪੀਐਮ ਮੋਦੀ ਨੇ ਕਿਹਾ ਕਿ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬਣੀ ਗਲੋਬਲ ਗਵਰਨੈਂਸ ਦੀ ਪ੍ਰਣਾਲੀ ਫੇਲ੍ਹ ਹੋ ਗਈ ਹੈ। ਪਿਛਲੇ ਦੋ ਸਾਲਾਂ ਦੌਰਾਨ ਵਿਸ਼ਵ ਵਿੱਚ ਮਹਾਂਮਾਰੀ, ਅੱਤਵਾਦ, ਕੁਦਰਤੀ ਆਫ਼ਤਾਂ ਅਤੇ ਜੰਗਾਂ ਦੇ ਤਜਰਬੇ ਤੋਂ ਵੀ ਇਹ ਗੱਲ ਸਪੱਸ਼ਟ ਹੋ ਰਹੀ ਹੈ। ਗਲੋਬਲ ਗਵਰਨੈਂਸ ਦੀ ਅਸਫਲਤਾ ਦਾ ਖਮਿਆਜ਼ਾ ਵਿਕਾਸਸ਼ੀਲ ਦੇਸ਼ ਭੁਗਤ ਰਹੇ ਹਨ। ਪੀਐਮ ਮੋਦੀ ਨੇ ਵਿਕਾਸਸ਼ੀਲ ਦੇਸ਼ਾਂ 'ਤੇ ਵਧਦੇ ਕਰਜ਼ੇ ਦੀ ਸਥਿਤੀ ਦਾ ਮੁੱਦਾ ਵੀ ਉਠਾਇਆ। ਇਸ ਦੇ ਨਾਲ ਹੀ ਉਨ੍ਹਾਂ ਭੋਜਨ ਅਤੇ ਊਰਜਾ ਸਬੰਧੀ ਵਧਦੀਆਂ ਚੁਣੌਤੀਆਂ ਨੂੰ ਵੀ ਸੂਚੀਬੱਧ ਕੀਤਾ।

**ਚੁਣੌਤੀਆਂ ਨਾਲ ਲੜਨ ਲਈ ਚੁੱਕਣੇ ਪੈਣਗੇ ਸਖ਼ਤ ਕਦਮ**

ਮੋਦੀ ਨੇ ਭਰੋਸਾ ਜਾਹਿਰ ਕੀਤਾ ਕਿ ਮਹਾਤਮਾ ਗਾਂਧੀ ਅਤੇ ਗੌਤਮ ਬੁੱਧ ਦੀ ਧਰਤੀ ਤੋਂ ਪ੍ਰੇਰਨਾ ਲੈ ਕੇ ਜੀ-20 ਮੈਂਬਰ ਦੇਸ਼ਾਂ ਦੇ ਵਿਦੇਸ਼ ਮੰਤਰੀ ਦੁਨੀਆ ਸਾਹਮਣੇ ਮੌਜੂਦਾ ਚੁਣੌਤੀਆਂ ਦੇ ਹੱਲ ਲਈ ਗੰਭੀਰ ਯਤਨ ਕਰਨਗੇ। ਪੀਐਮ ਮੋਦੀ ਨੇ ਅੱਗੇ ਕਿਹਾ ਕਿ ਹਾਲ ਹੀ ਵਿੱਚ ਆਈਆਂ ਕੁਦਰਤੀ ਆਫ਼ਤਾਂ ਵਿੱਚ ਹਜ਼ਾਰਾਂ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਨਾਲ ਹੀ, ਸਦੀ ਦੀ ਸਭ ਤੋਂ ਵੱਡੀ ਮਹਾਂਮਾਰੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਦੇ ਨਾਲ ਹੀ ਗਲੋਬਲ ਸਪਲਾਈ ਵੀ ਪੂਰੀ ਤਰ੍ਹਾਂ ਨਾਲ ਵਿਗੜ ਗਈ ਹੈ। ਉਨ੍ਹਾਂ ਕਿਹਾ ਕਿ ਇਹ ਹਾਲਾਤ ਦਰਸਾਉਂਦੇ ਹਨ ਕਿ ਸਾਨੂੰ ਆਪਣੇ ਸਮਾਜ, ਅਰਥਚਾਰੇ ਅਤੇ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਸੁਧਾਰਾਂ ਲਈ ਹੋਰ ਜ਼ੋਰਦਾਰ ਕਦਮ ਚੁੱਕਣੇ ਪੈਣਗੇ।

**ਕਈ ਦੇਸ਼ ਮਾੜੇ ਪ੍ਰਸ਼ਾਸਨ ਦੇ ਭੁਗਤ ਰਹੇ ਹਨ ਨਤੀਜੇ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੀ-20 ਵਿਦੇਸ਼ ਮੰਤਰੀਆਂ ਦੀ ਬੈਠਕ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ, "ਮੈਂ ਜੀ-20 ਵਿਦੇਸ਼ ਮੰਤਰੀਆਂ ਦੀ ਬੈਠਕ ਲਈ ਭਾਰਤ 'ਚ ਤੁਹਾਡਾ ਸਵਾਗਤ ਕਰਦਾ ਹਾਂ। ਇਹ ਏਕਤਾ, ਇੱਕ ਉਦੇਸ਼ ਅਤੇ ਕਾਰਜ ਦੀ ਏਕਤਾ ਦੀ ਲੋੜ ਨੂੰ ਦਰਸਾਉਂਦਾ ਹੈ।

ਮੋਦੀ ਨੇ ਕਿਹਾ, "ਭਾਰਤ ਨੇ ਆਪਣੀ ਜੀ-20 ਪ੍ਰਧਾਨਗੀ ਲਈ 'ਇੱਕ ਧਰਤੀ, ਇੱਕ ਪਰਿਵਾਰ, ਇੱਕ ਭਵਿੱਖ' ਦਾ ਥੀਮ ਚੁਣਿਆ ਹੈ। ਇਹ ਉਦੇਸ਼ ਦੀ ਏਕਤਾ ਅਤੇ ਕਾਰਜ ਦੀ ਏਕਤਾ ਦੀ ਲੋੜ ਨੂੰ ਦਰਸਾਉਂਦਾ ਹੈ। ਮੈਨੂੰ ਉਮੀਦ ਹੈ ਕਿ ਅੱਜ ਦੀ ਮੀਟਿੰਗ ਸਾਂਝੇ ਅਤੇ ਠੋਸ ਉਦੇਸ਼ਾਂ ਦੀ ਪ੍ਰਾਪਤੀ ਲਈ ਇਕੱਠੇ ਹੋਣ ਦੀ ਭਾਵਨਾ ਨੂੰ ਦਰਸਾਏਗੀ।




**'ਵਿਕਾਸਸ਼ੀਲ ਦੇਸ਼ਾਂ ਲਈ ਮਾੜੇ ਨਤੀਜੇ'**

ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਵਿੱਚ ਵਿੱਤੀ ਸੰਕਟ, ਜਲਵਾਯੂ ਪਰਿਵਰਤਨ, ਮਹਾਂਮਾਰੀ, ਅੱਤਵਾਦ ਅਤੇ ਜੰਗਾਂ ਸਪੱਸ਼ਟ ਤੌਰ 'ਤੇ ਦਰਸਾਉਂਦੀਆਂ ਹਨ ਕਿ ਗਲੋਬਲ ਗਵਰਨੈਂਸ ਆਪਣੇ ਦੋਨਾਂ ਆਦੇਸ਼ਾਂ ਵਿੱਚ ਅਸਫਲ ਰਿਹਾ ਹੈ। ਸਾਨੂੰ ਇਹ ਵੀ ਸਵੀਕਾਰ ਕਰਨਾ ਚਾਹੀਦਾ ਹੈ ਕਿ ਵਿਕਾਸਸ਼ੀਲ ਦੇਸ਼ ਇਸ ਅਸਫਲਤਾ ਦੇ ਦੁਖਦਾਈ ਨਤੀਜੇ ਭੁਗਤ ਰਹੇ ਹਨ।

ਪੀਐਮ ਮੋਦੀ ਨੇ ਕਿਹਾ ਕਿ ਸਾਲਾਂ ਦੀ ਤਰੱਕੀ ਤੋਂ ਬਾਅਦ ਅੱਜ ਅਸੀਂ ਟਿਕਾਊ ਵਿਕਾਸ ਟੀਚਿਆਂ ਵੱਲ ਪਿੱਛੇ ਜਾਣ ਦੇ ਖ਼ਤਰੇ ਵਿੱਚ ਹਾਂ। ਬਹੁਤ ਸਾਰੇ ਵਿਕਾਸਸ਼ੀਲ ਦੇਸ਼ ਆਪਣੇ ਲੋਕਾਂ ਲਈ ਭੋਜਨ ਅਤੇ ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹੋਏ ਅਸਥਾਈ ਕਰਜ਼ੇ ਨਾਲ ਸੰਘਰਸ਼ ਕਰਦੇ ਹਨ। ਉਹ ਅਮੀਰ ਦੇਸ਼ਾਂ ਦੁਆਰਾ ਪੈਦਾ ਹੋਈ ਗਲੋਬਲ ਵਾਰਮਿੰਗ ਤੋਂ ਵੀ ਸਭ ਤੋਂ ਵੱਧ ਪ੍ਰਭਾਵਿਤ ਹਨ। ਇਹੀ ਕਾਰਨ ਹੈ ਕਿ ਭਾਰਤ ਦੀ ਜੀ-20 ਪ੍ਰੈਜ਼ੀਡੈਂਸੀ ਨੇ ਗਲੋਬਲ ਸਾਊਥ ਨੂੰ ਆਵਾਜ਼ ਦੇਣ ਦੀ ਕੋਸ਼ਿਸ਼ ਕੀਤੀ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਕੋਈ ਵੀ ਸਮੂਹ ਆਪਣੇ ਫੈਸਲਿਆਂ ਤੋਂ ਸਭ ਤੋਂ ਵੱਧ ਪ੍ਰਭਾਵਿਤ ਲੋਕਾਂ ਦੀ ਗੱਲ ਸੁਣੇ ਬਿਨਾਂ ਗਲੋਬਲ ਲੀਡਰਸ਼ਿਪ ਦਾ ਦਾਅਵਾ ਨਹੀਂ ਕਰ ਸਕਦਾ। ਇਹ ਮੀਟਿੰਗ ਡੂੰਘੀ ਗਲੋਬਲ ਵੰਡ ਦੇ ਸਮੇਂ ਹੋ ਰਹੀ ਹੈ। ਵਿਦੇਸ਼ ਮੰਤਰੀ ਹੋਣ ਦੇ ਨਾਤੇ, ਇਹ ਸੁਭਾਵਿਕ ਹੈ ਕਿ ਤੁਹਾਡੀ ਚਰਚਾ ਭੂ-ਰਾਜਨੀਤਿਕ ਤਣਾਅ ਤੋਂ ਪ੍ਰਭਾਵਿਤ ਹੋਵੇਗੀ। ਇਨ੍ਹਾਂ ਤਣਾਅ ਨੂੰ ਕਿਵੇਂ ਸੁਲਝਾਇਆ ਜਾਣਾ ਚਾਹੀਦਾ ਹੈ ਇਸ ਬਾਰੇ ਸਾਨੂੰ ਸਾਰਿਆਂ ਦਾ ਆਪਣਾ ਨਜ਼ਰੀਆ ਹੋਣਾ ਚਾਹੀਦਾ ਹੈ। ਸਾਨੂੰ ਉਨ੍ਹਾਂ ਬਾਰੇ ਵੀ ਸੋਚਣਾ ਚਾਹੀਦਾ ਹੈ ਜੋ ਕਮਰੇ ਵਿੱਚ ਨਹੀਂ ਹਨ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਬਹੁਪੱਖੀਵਾਦ ਅੱਜ ਸੰਕਟ ਵਿੱਚ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬਣਾਈ ਗਈ ਗਲੋਬਲ ਗਵਰਨੈਂਸ ਆਰਕੀਟੈਕਚਰ ਦਾ ਉਦੇਸ਼ ਦੋ ਕਾਰਜਾਂ ਨੂੰ ਪੂਰਾ ਕਰਨਾ ਸੀ, ਪਹਿਲਾ - ਪ੍ਰਤੀਯੋਗੀ ਹਿੱਤਾਂ ਨੂੰ ਸੰਤੁਲਿਤ ਕਰਕੇ ਭਵਿੱਖ ਦੀਆਂ ਜੰਗਾਂ ਨੂੰ ਰੋਕਣਾ ਅਤੇ ਦੂਜਾ - ਸਾਂਝੇ ਹਿੱਤਾਂ ਦੇ ਮੁੱਦਿਆਂ 'ਤੇ ਅੰਤਰ-ਰਾਸ਼ਟਰੀ ਸਹਿਯੋਗ ਨੂੰ ਉਤਸ਼-ਾਹਿਤ ਕਰਨਾ। ਵਿਦੇਸ਼ ਮੰਤਰੀ ਡਾ: ਐਸ ਜੈਸ਼ੰਕਰ ਨੇ ਕਿਹਾ ਕਿ ਅਸੀਂ ਪਹਿਲੀ ਵਾਰ ਵਿਸ਼ਵ ਸੰਕਟ ਦੇ ਵਿਚਕਾਰ ਇਕੱਠੇ ਹੋਏ ਅਤੇ ਅੱਜ ਫਿਰ ਅਸੀਂ ਕਈ ਸੰਕਟਾਂ ਦਾ ਸਾਹਮਣਾ ਕਰ ਰਹੇ ਹਾਂ। ਇਨ੍ਹਾਂ ਵਿੱਚ ਕੋਵਿਡ ਮਹਾਂਮਾਰੀ, ਸਪਲਾਈ ਚੇਨ, ਚੱਲ ਰਹੇ ਸੰਘਰਸ਼ਾਂ ਦੇ ਪ੍ਰਭਾਵ, ਕਰਜ਼ੇ ਦੀ ਕਮੀ ਬਾਰੇ ਚਿੰਤਾਵਾਂ ਅਤੇ ਜਲਵਾਯੂ ਘਟਨਾਵਾਂ ਤੋਂ ਵਿਘਨ ਸ਼ਾਮਲ ਹਨ।

**ਇੱਕ ਮਿੰਟ ਦਾ ਮੌਨ**

ਜ਼ਿਕਰਯੋਗ ਹੈ ਕਿ ਦਿੱਲੀ 'ਚ ਜੀ-20 ਵਿਦੇਸ਼ ਮੰਤਰੀਆਂ ਦੀ ਬੈਠਕ ਸ਼ੁਰੂ ਹੋਣ ਤੋਂ ਪਹਿਲਾਂ ਤੁਰਕੀ ਅਤੇ ਸੀਰੀਆ 'ਚ ਆਏ ਭੂਚਾਲ 'ਚ ਜਾਨ ਗਵਾਉਣ ਵਾਲੇ ਲੋਕਾਂ ਲਈ ਇਕ ਮਿੰਟ ਦਾ ਮੌਨ ਰੱਖਿਆ ਗਿਆ। ਇਸ ਭੂਚਾਲ ਨੇ ਤੁਰਕੀ ਅਤੇ ਸੀਰੀਆ ਵਿਚ ਕਾਫੀ ਤਬਾਹੀ ਮਚਾਈ ਹੈ।

**ਅੱਤਵਾਦ ਤੇ ਵੱਖਵਾਦ ਵਿਰੁੱਧ ਲੜਾਈ 'ਚ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਹੇ ਹਨ ਭਾਰਤ ਤੇ ਇਟਲੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੈਦਰਾਬਾਦ ਹਾਊਸ ਵਿਖੇ ਇਟਲੀ ਦੇ ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ ਨਾਲ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਅਸੀਂ ਆਪਣੇ ਆਰਥਿਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਸਾਡੀਆਂ 'ਮੇਕ ਇਨ ਇੰਡੀਆ' ਅਤੇ 'ਆਤਮਨਿਰਭਰ ਭਾਰਤ' ਮੁਹਿੰਮਾਂ ਭਾਰਤ ਵਿੱਚ ਨਿਵੇਸ਼ ਦੇ ਅਥਾਹ ਮੌਕੇ ਖੋਲ੍ਹ ਰਹੀਆਂ ਹਨ।

ਪੀਐਮ ਮੋਦੀ ਨੇ ਕਿਹਾ ਕਿ ਅਸੀਂ ਨਵਿਆਉਣਯੋਗ ਊਰਜਾ, ਗ੍ਰੀਨ ਹਾਈਡ੍ਰੋਜਨ, ਆਈਟੀ, ਸੈਮੀਕੰਡਕਟਰ, ਟੈਲੀਕਾਮ, ਸਪੇਸ ਵਰਗੇ ਖੇਤਰਾਂ ਵਿੱਚ ਸਹਿਯੋਗ ਵਧਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ, "ਅੱਜ ਅਸੀਂ ਭਾਰਤ ਅਤੇ ਇਟਲੀ ਦਰਮਿਆਨ ਇੱਕ ਸਟਾਰਟਅੱਪ ਬ੍ਰਿਜ ਦੀ ਸਥਾਪਨਾ ਦਾ ਐਲਾਨ ਕਰ ਰਹੇ ਹਾਂ, ਜਿਸਦਾ ਅਸੀਂ ਸਵਾਗਤ ਕਰਦੇ ਹਾਂ। ਉਨ੍ਹਾਂ ਕਿਹਾ ਕਿ ਇਕ ਹੋਰ ਖੇਤਰ ਹੈ ਜਿਸ ਵਿਚ ਦੋਵੇਂ ਦੇਸ਼ ਇਕ ਨਵਾਂ ਅਧਿਆਏ ਸ਼ੁਰੂ ਕਰ ਰਹੇ ਹਨ, ਉਹ ਹੈ-ਰੱਖਿਆ ਸਹਿਯੋਗ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਵਿੱਚ ਰੱਖਿਆ ਨਿਰਮਾਣ ਖੇਤਰ ਵਿੱਚ ਸਹਿ-ਉਤਪਾਦਨ ਅਤੇ ਸਹਿ-ਵਿਕਾਸ ਦੇ ਮੌਕੇ ਉੱਭਰ ਰਹੇ ਹਨ, ਜੋ ਦੋਵਾਂ ਦੇਸ਼ਾਂ ਲਈ ਲਾਹੇਵੰਦ ਹੋ ਸਕਦੇ ਹਨ। ਅਸੀਂ ਨਿਯਮਤ ਸੰਯੁਕਤ ਅਭਿਆਸ ਅਤੇ ਸਿਖਲਾਈ ਕੋਰਸ ਕਰਵਾਉਣ ਦਾ ਵੀ ਫੈਸਲਾ ਕੀਤਾ ਹੈ।

ਪੀਐਮ ਮੋਦੀ ਨੇ ਕਿਹਾ, "ਅਸੀਂ ਹਿੰਦ-ਪ੍ਰਸ਼ਾਂਤ ਵਿੱਚ ਇਟਲੀ ਦੀ ਸਰਗਰਮ ਭਾਗੀਦਾਰੀ ਦਾ ਵੀ ਸਵਾਗਤ ਕਰਦੇ ਹਾਂ। ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਇਟਲੀ ਨੇ ਇੰਡੋ ਪੈਸੀਫਿਕ ਓਸ਼ਨ ਇਨੀਸ਼ੀਏਟਿਵ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ।" ਉਨ੍ਹਾਂ ਕਿਹਾ ਕਿ ਅਸੀਂ ਦੋਹਾਂ ਦੇਸ਼ਾਂ ਦੀਆਂ ਫੌਜਾਂ ਦਰਮਿਆਨ ਨਿਯਮਤ ਸੰਯੁਕਤ ਅਭਿਆਸ ਅਤੇ ਸਿਖਲਾਈ ਕੋਰਸ ਆਯੋਜਿਤ ਕਰਨ ਦਾ ਫੈਸਲਾ ਕੀਤਾ ਹੈ।

**ਯੂਕਰੇਨ ਵਿਵਾਦ ਨੂੰ ਗੱਲਬਾਤ ਅਤੇ ਕੂਟਨੀਤੀ ਰਾਹੀਂ ਹੀ ਹੱਲ ਕੀਤਾ ਜਾਵੇਗਾ**

ਪ੍ਰਧਾਨ ਮੰਤਰੀ ਨੇ ਕਿਹਾ ਕਿ ਯੂਕਰੇਨ ਸੰਘਰਸ਼ ਦੀ ਸ਼ੁਰੂਆਤ ਤੋਂ ਹੀ ਭਾਰਤ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਵਿਵਾਦ ਨੂੰ ਗੱਲਬਾਤ ਅਤੇ ਕੂਟਨੀਤੀ ਰਾਹੀਂ ਹੀ ਹੱਲ ਕੀਤਾ ਜਾ ਸਕਦਾ ਹੈ। ਭਾਰਤ ਕਿਸੇ ਵੀ ਸ਼ਾਂਤੀ ਪ੍ਰਕਿਰਿਆ ਵਿੱਚ ਯੋਗਦਾਨ ਪਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।

**ਅੱਤਵਾਦ ਅਤੇ ਵੱਖਵਾਦ ਦੇ ਖ਼ਿਲਾਫ਼ ਲੜਾਈ**

ਮੋਦੀ ਨੇ ਕਿਹਾ ਕਿ ਭਾਰਤ ਅਤੇ ਇਟਲੀ ਅੱਤਵਾਦ ਅਤੇ ਵੱਖਵਾਦ ਵਿਰੁੱਧ ਲੜਾਈ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਹੇ ਹਨ। ਅਸੀਂ ਇਸ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ, ਉਨ੍ਹਾਂ ਕਿਹਾ ਕਿ ਅਸੀਂ ਭਾਰਤ ਅਤੇ ਇਟਲੀ ਦੇ ਸਬੰਧਾਂ ਦੀ 75ਵੀਂ ਵਰ੍ਹੇਗੰਢ ਮਨਾਉਣ ਲਈ ਇੱਕ ਕਾਰਜ ਯੋਜਨਾ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਨਾਲ ਅਸੀਂ ਵਿਸ਼ਵ ਪੱਧਰ 'ਤੇ ਵਿਭਿੰਨਤਾ, ਇਤਿਹਾਸ, ਵਿਗਿਆਨ ਅਤੇ ਤਕਨਾਲੋਜੀ, ਨਵੀਨਤਾ, ਖੇਡਾਂ ਅਤੇ ਹੋਰ ਖੇਤਰਾਂ ਵਿੱਚ ਦੋਵਾਂ ਦੇਸ਼ਾਂ ਦੀਆਂ ਪ੍ਰਾਪਤੀਆਂ ਨੂੰ ਦਿਖਾਉਣ ਦੇ ਯੋਗ ਹੋਵਾਂਗੇ।



# ਕੇਜਰੀਵਾਲ ਸਰਕਾਰ ਦੇ ਗ੍ਰਿਫਤਾਰ ਮੰਤਰੀ ਮਨੀਸ਼ ਸਿਸੋਦੀਆ ਤੇ ਸਤੇਂਦਰ ਜੈਨ ਵੱਲੋਂ ਅਸਤੀਫੇ

**ਨਵੀਂ ਦਿੱਲੀ (ਬਿਊਰੋ)–** ਦਿੱਲੀ ਵਿੱਚ ਕੇਜਰੀਵਾਲ ਸਰਕਾਰ ਦੇ ਦੋ ਮੰਤਰੀਆਂ ਮਨੀਸ਼ ਸਿਸੋਦੀਆ ਤੇ ਸਤੇਂਦਰ ਜੈਨ ਨੇ ਅਸਤੀਫੇ ਦੇ ਦਿੱਤੇ ਹਨ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦੋਹਾਂ ਮੰਤਰੀਆਂ ਦੇ ਅਸਤੀਫੇ ਮਨਜ਼ੂਰ ਕਰ ਲਏ ਹਨ। ਇਨ੍ਹਾਂ ਦੋਹਾਂ ਮੰਤਰੀਆਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਹਨ। ਡਿਪਟੀ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਆਬਕਾਰੀ ਨੀਤੀ ਵਿੱਚ ਕਥਿਤ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਸੀਬੀਆਈ ਨੇ ਐਤਵਾਰ ਸ਼ਾਮ ਨੂੰ ਗ੍ਰਿਫ਼ਤਾਰ ਕੀਤਾ ਸੀ ਜਦੋਂ ਕਿ ਕਾਲੇ ਧਨ ਨੂੰ ਸਫੈਦ ਕਰਨ (ਮਨੀ ਲਾਂਡਰਿੰਗ) ਮਾਮਲੇ ਵਿੱਚ ਸਤੇਂਦਰ ਜੈਨ ਤਿਹਾੜ ਜੇਲ੍ਹ ਵਿੱਚ ਬੰਦ ਹਨ।

**ਸੁਪਰੀਮ ਕੋਰਟ ਨੇਜ਼ਮਾਨਤ ਅਰਜ਼ੀ ਸੁਣਨ ਤੋਂ ਇਨਕਾਰ ਕੀਤਾ**

ਨਵੀਂ ਦਿੱਲੀ– ਆਬਕਾਰੀ ਘਪਲੇ ਦੇ ਮਾਮਲੇ 'ਚ ਸੀਬੀਆਈ ਦੀ ਹਿਰਾਸਤ 'ਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਜ਼ਮਾਨਤ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਪਰ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਪਟੀਸ਼ਨ ਸੁਣਨ ਤੋਂ ਇਨਕਾਰ ਕਰ ਦਿੱਤਾ।

**ਪਹਿਲਾਂ ਹੀ ਅਸਤੀਫ਼ੇ ਦੇ ਦੇਣੇ ਚਾਹੀਦੇ ਸੀ: ਭਾਜਪਾ**

ਭਾਜਪਾ ਨੇ ਆਮ ਆਦਮੀ ਪਾਰਟੀ ਨੂੰ 'ਕੱਟ, ਕਮਿਸ਼ਨ ਤੇ ਕੁਰੱਪਸ਼ਨ' ਵਾਲੀ ਪਾਰਟੀ ਦੱਸਦਿਆਂ ਅੱਜ ਕਿਹਾ ਕਿ ਇਸ ਦੇ ਆਗੂਆਂ ਮਨੀਸ਼ ਸਿਸੋਦੀਆ ਤੇ ਸਤੇਂਦਰ ਜੈਨ ਨੂੰ ਉਨ੍ਹਾਂ ਖਿਲਾਫ਼ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਰਕੇ ਪਹਿਲਾਂ ਹੀ ਕੈਬਨਿਟ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਸੀ। ਸੀਨੀਅਰ ਭਾਜਪਾ ਆਗੂ ਤੇ



ਸਾਬਕਾ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ 'ਆਪ' ਤੇ ਇਸ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਜਿਹੜੇ ਲੋਕ 'ਭ੍ਰਿਸ਼ਟਾਚਾਰ ਖਿਲਾਫ਼ ਲੜਾਈ ਦਾ ਝੰਡਾਬਰਦਾਰ' ਹੋਣ ਦਾ ਦਾਅਵਾ ਕਰਦੇ ਸਨ, ਉਨ੍ਹਾਂ ਨੇ ਆਪਣੇ ਸ਼ਾਸਨ ਦੌਰਾਨ 'ਦਿੱਲੀ ਵਿਚ ਸ਼ਰਾਬ ਪੀਣ ਵਾਲਿਆਂ ਦੀ ਗਿਣਤੀ 'ਚ ਵਾਧੇ' ਨੂੰ ਯਕੀਨੀ ਬਣਾਇਆ। ਪ੍ਰਸਾਦ ਨੇ ਕਿਸੇ ਪਾਰਟੀ ਦੇ ਅਸਿੱਧੇ ਹਵਾਲੇ ਨਾਲ ਕਿਹਾ ਕਿ ਉਨ੍ਹਾਂ ਨੂੰ ਲਗਦਾ ਸੀ ਕਿ ਕੱਟ ਤੇ ਕਮਿਸ਼ਨ ਸਿਰਫ਼ ਇਕ ਸਿਆਸੀ ਪਾਰਟੀ ਦੀ ਵਿਰਸਾ ਹੈ। ਪ੍ਰਸਾਦ ਨੇ ਕਿਹਾ, 'ਪਰ ਅੱਜ ਮੈਂ ਕਹਾਂਗਾ ਕਿ ਤਿੰਨ ਸੀ– ਕੱਟ, ਕਮਿਸ਼ਨ ਤੇ ਕੁਰੱਪਸ਼ਨ– ਕੇਜਰੀਵਾਲ ਦੀ ਪਾਰਟੀ 'ਤੇ ਵੀ ਲਾਗੂ ਹੁੰਦੇ ਹਨ।''

**ਕਵਿਤਾ ਹੋਵੇਗੀ ਗ੍ਰਿਫ਼ਤਾਰ**

ਸੀਬੀਆਈ ਵੱਲੋਂ ਦਿੱਲੀ ਆਬਕਾਰੀ ਨੀਤੀ ਮਾਮਲੇ ਵਿੱਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਗ੍ਰਿਫ਼ਤਾਰ ਕਰਨ ਤੋਂ ਇੱਕ ਦਿਨ ਬਾਅਦ, ਤੇਲੰਗਾਨਾ ਭਾਜਪਾ ਆਗੂ ਵਿਵੇਕ ਨੇ ਸੋਮਵਾਰ ਨੂੰ ਦਾਅਵਾ ਕੀਤਾ ਕਿ ਭਾਰਤ ਰਾਸ਼ਟਰ ਸਮਿਤੀ (ਬੀਆਰਐਸ) ਦੇ ਐਮਐਲਸੀ ਅਤੇ ਤੇਲੰਗਾਨਾ ਦੇ ਮੁੱਖ ਮੰਤਰੀ ਦੀ ਧੀ ਕਵਿਤਾ ਨੂੰ ਵੀ ਜਾਂਚ ਏਜੰਸੀ ਦੁਆਰਾ ਜਲਦੀ ਹੀ ਗ੍ਰਿਫਤਾਰ ਕੀਤਾ ਜਾਵੇਗਾ।

ਭਾਜਪਾ ਆਗੂ ਵਿਵੇਕ ਨੇ ਕਿਹਾ ਕਿ ਸ਼ਰਾਬ ਘੁਟਾਲੇ ਵਿੱਚ ਕੁਝ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਸੰਭਾਵਨਾ ਹੈ। ਕਵਿਤਾ ਨੂੰ ਵੀ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ। ਵਿਵੇਕ ਨੇ ਦੋਸ਼ ਲਾਇਆ ਕਿ ਕਵਿਤਾ ਨੇ ਪੰਜਾਬ ਅਤੇ ਗੁਜਰਾਤ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੂੰ 150 ਕਰੋੜ ਰੁਪਏ ਦਿੱਤੇ ਸਨ। ਇਸ ਤੋਂ ਪਹਿਲਾਂ, ਐਨਫੋਰਸਮੈਂਟ ਡਾਇਰੈਕਟੋਰੇਟ ਨੇ ਦਿੱਲੀ ਆਬਕਾਰੀ ਨੀਤੀ ਮਾਮਲੇ ਵਿੱਚ ਆਪਣੀ ਚਾਰਜਸ਼ੀਟ ਵਿੱਚ ਕੇਸੀਆਰ ਦੀ ਧੀ ਕਵਿਤਾ ਦਾ ਨਾਮ ਲਿਆ ਸੀ, ਉਸ ਉੱਤੇ ਇੱਕ ਸ਼ਰਾਬ ਕੰਪਨੀ ਵਿੱਚ 65 ਪ੍ਰਤੀਸ਼ਤ ਹਿੱਸੇਦਾਰੀ ਰੱਖਣ ਦਾ ਦੋਸ਼ ਲਗਾਇਆ ਸੀ।

## "Ambedkar Times" & "Desh Doaba"

### fondly remember Mr C. L. Chumber on his 66th Birthday



Ambedkar Times & Desh Doaba weekly newspapers fondly remember Mr C. L. Chumber on his 66th Birthday. His contribution towards the legacy of the Ad Dharm movement in the form of his well-documented writings is praise worthy. He published a souvenir on the Ad Dharm and the role of Babu Mangu Ram Mugowalia Ji in the awakening of Dalit consciousness in pre-partition Punjab. The right tribute to Mr C. L. Chumber Sahib will be to reproduce his writings in a series of columns in Ambedkar Times and Desh Doaba weekly newspapers. So on his 66rd Birthday, we are going to reproduce from this week in "Desh Doaba" weekly newspaper. -

**Prem K. Chumber**


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

ਦੇਸ਼ ਦੁਆਬਾ

# ਸਤਿਗੁਰੂ ਰਵਿਦਾਸ ਜੀ ਅਤੇ ਦਲਿਤ ਮੁਕਤੀ ਦਾ ਮਾਰਗ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖਾਸ ਨੁਕਤੇ ਦੇ ਉਤੇ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ, ਜਿਸ ਵਿਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ-ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਅਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ 'ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ' ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ।

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਲ ਕਰਨ ਦਾ ਸਿਧਾਂਤ ਆਪਣੇ ਆਪ ਵਿਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ-ਪਾਤ ਸਿਧਾਂਤ ਨੇ ਭਾਰਤ ਦੇ ਮੂਲ ਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਹਨਾਂ ਦੇ ਅਪਰਾਧ ਤੋਂ ਆਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿਚ ਉਨ੍ਹਾਂ ਦਾ ਯੋਗਦਾਨ ਹਾਸਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜਾਤ-ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ 'ਜੋ ਹਮ ਸਹਰੀ ਸੋ ਮੀਤ ਹਮਾਰਾ' ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਣਾਉਂਦਾ ਹੈ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਣਾ ਲਿਆ ਹੈ।

ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿੱਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਣਾਇਆ, ਜਿਸ ਵਿਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਹਨਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ, ਉਥੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਣਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ ਹੈ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਣੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ, ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਉਥੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਦੇਸ਼ ਦੁਆਬਾ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪਾਵਨ ਆਗਮਨ ਪੁਰਬ ਉਤੇ ਅਦਾਰਾ 'ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ' ਦੇ ਮਾਣਯੋਗ ਪਾਠਕਾਂ, ਇਸ਼ਤਿਹਾਰਦਾਤਾ ਅਤੇ ਹੋਰ ਸੁਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ-ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਹਨਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਰਵਿਦਾਸ ਜੀ ਦੇ ਆਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਆਵਾਜ਼ ਬੁਲੰਦ ਕਰਦਾ ਰਹੇਗਾ।

**– ਪ੍ਰੇਮ ਕੁਮਾਰ ਚੁੰਬਰ**

# ਰਾਸ਼ਟਰੀ ਵਿਗਿਆਨ ਦਿਵਸ ਡਾਕਟਰ ਸੀ.ਵੀ. ਰਮਨ ਦੁਆਰਾ ਪ੍ਰਕਾਸ਼ ਫੈਲਾਉਣ ਦੀ ਇੱਕ ਘਟਨਾ ਦੀ ਖੋਜ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ



**ਕੁਲਦੀਪ ਚੰਦ**
91-9417563054

ਭਾਰਤ ਵਿੱਚ ਹਰ ਸਾਲ 28 ਫਰਵਰੀ ਨੂੰ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਦਾ ਮੁੱਖ ਉਦੇਸ਼ ਵਿਗਿਆਨ ਨੂੰ ਉਤਸ਼ਾਹਿਤ ਕਰਨਾ ਅਤੇ ਲੋਕਾਂ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਵਿਗਿਆਨਕ ਤਰੀਕਿਆਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਸੁਵਿਧਾਜਨਕ ਅਤੇ ਆਰਾਮਦਾਇਕ ਬਣਾਇਆ ਜਾ ਸਕੇ। ਰਾਸ਼ਟਰੀ ਵਿਗਿਆਨ ਦਿਵਸ ਦਾ ਮੁੱਖ ਉਦੇਸ਼ ਵਿਗਿਆਨ ਅਤੇ ਤਕਨਾਲੋਜੀ ਨਾਲ ਜੁੜੇ ਲੋਕਾਂ ਨੂੰ ਉਤਸ਼ਾਹਿਤ ਕਰਨਾ ਅਤੇ ਵਿਗਿਆਨ ਨੂੰ ਹਰ ਸੰਭਵ ਤਰੀਕੇ ਨਾਲ ਉਤਸ਼ਾਹਿਤ ਕਰਨਾ ਹੈ। ਜੇਕਰ ਰਾਸ਼ਟਰੀ ਵਿਗਿਆਨ ਦਿਵਸ ਦਾ ਇਤਿਹਾਸ ਵੇਖੀਏ ਤਾਂ ਰਾਸ਼ਟਰੀ ਵਿਗਿਆਨ ਦਿਵਸ ਡਾਕਟਰ ਸੀ.ਵੀ. ਰਮਨ ਦੁਆਰਾ ਪ੍ਰਕਾਸ਼ ਫੈਲਾਉਣ ਦੀ ਇੱਕ ਘਟਨਾ ਦੀ ਖੋਜ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਇਹ ਪ੍ਰਭਾਵ 'ਰਮਨ ਪ੍ਰਭਾਵ' ਵਜੋਂ ਜਾਣਿਆ ਜਾਂਦਾ ਹੈ। ਇਹ ਖੋਜ ਡਾਕਟਰ ਸੀ.ਵੀ. ਰਮਨ ਅਤੇ ਉਸਦੇ ਇੱਕ ਵਿਦਿਆਰਥੀ ਕੇ.ਐਸ. ਕ੍ਰਿਸ਼ਨਨ ਨੇ ਅੱਜ ਦੇ ਦਿਨ 28 ਫਰਵਰੀ 1928 ਨੂੰ ਰਮਨ ਪ੍ਰਭਾਵ ਰੋਸ਼ਨੀ ਦੇ ਫੈਲਾਅ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਖੋਜ ਸੀ। ਇਸ ਖੋਜ ਨੇ ਡਾਕਟਰ ਸੀ.ਵੀ. ਰਮਨ ਨੂੰ 1930 ਵਿੱਚ ਭੌਤਿਕ ਵਿਗਿਆਨ ਵਿੱਚ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤੇ ਜਾਣ ਵਾਲਾ ਪਹਿਲਾ ਭਾਰਤੀ ਬਣਾ ਦਿੱਤਾ। ਡਾਕਟਰ ਸੀ.ਵੀ. ਰਮਨ ਦਾ ਜਨਮ 07 ਨਵੰਬਰ 1888 ਨੂੰ ਹੋਇਆ ਸੀ। ਉਸਦੇ ਪਿਤਾ ਗਣਿਤ ਅਤੇ ਭੌਤਿਕ ਵਿਗਿਆਨ ਦੇ ਲੈਕਚਰਾਰ ਸਨ। ਉਸਨੇ 1902 ਵਿੱਚ ਪ੍ਰੈਜ਼ੀਡੈਂਸੀ ਕਾਲਜ ਮਦਰਾਸ ਵਿੱਚ ਦਾਖਲਾ ਲਿਆ ਅਤੇ 1904 ਵਿੱਚ ਭੌਤਿਕ ਵਿਗਿਆਨ ਵਿੱਚ ਬੀ.ਏ. ਦੀ ਪ੍ਰੀਖਿਆ ਵਿੱਚ ਪਹਿਲਾ ਸਥਾਨ ਅਤੇ ਸੋਨ ਤਗਮਾ ਪ੍ਰਾਪਤ ਕੀਤਾ। ਸਾਲ 1907 ਵਿੱਚ ਉਸਨੇ ਆਪਣੀ ਐੱਮ.ਏ. ਦੀ ਡਿਗਰੀ ਪ੍ਰਾਪਤ ਕੀਤੀ ਅਤੇ ਉੱਚਤਮ ਸਨਮਾਨ ਪ੍ਰਾਪਤ ਕੀਤਾ। ਆਪ 1907 ਵਿੱਚ ਭਾਰਤੀ ਵਿੱਤ ਵਿਭਾਗ ਵਿੱਚ ਸ਼ਾਮਲ ਹੋ ਗਏ ਸਨ। ਉਸਨੂੰ ਕਲਕੱਤਾ ਵਿਖੇ ਇੰਡੀਅਨ ਐਸੋਸੀਏਸ਼ਨ ਫਾਰ ਦਾ ਕਲਟੀਵੇਸ਼ਨ ਆਫ਼ ਸਾਇੰਸ ਦੀ ਪ੍ਰਯੋਗਸ਼ਾਲਾ ਵਿੱਚ ਪ੍ਰਯੋਗਾਤਮਕ ਖੋਜ ਕਰਨ ਦੇ ਮੌਕੇ ਮਿਲੇ। ਸਾਲ 1917 ਵਿੱਚ ਉਸਨੂੰ ਕਲਕੱਤਾ ਯੂਨੀਵਰਸਿਟੀ ਵਿੱਚ ਭੌਤਿਕ ਵਿਗਿਆਨ ਦੀ ਨਵੀਂ ਸਥਾਪਿਤ ਚੇਅਰ ਦੀ ਜ਼ਿੰਮੇਬਾਰੀ ਦਿਤੀ ਗਈ। ਇੱਥੇ ਕੰਮ ਕਰਨ ਤੋਂ ਬਾਅਦ ਉਹ ਬੰਗਲੌਰ ਵਿੱਚ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਵਿੱਚ ਪ੍ਰੋਫ਼ੈਸਰ ਬਣੇ ਅਤੇ 1948 ਵਿੱਚ ਉਹ ਬੰਗਲੌਰ ਵਿਖੇ ਰਮਨ ਇੰਸਟੀਚਿਊਟ ਆਫ਼ ਰਿਸਰਚ ਦੇ ਡਾਇਰੈਕਟਰ ਬਣ ਗਏ। ਉਸਨੇ 1926 ਵਿੱਚ ਇੰਡੀਅਨ ਜਰਨਲ ਆਫ਼ ਫਿਜ਼ਿਕਸ ਦੀ ਸਥਾਪਨਾ ਕੀਤੀ ਜਿਸਦੇ ਉਹ ਆਪ ਸੰਪਾਦਕ ਰਹੇ। ਆਪ ਨੇ ਇੰਡੀਅਨ ਅਕੈਡਮੀ ਆਫ ਸਾਇੰਸਿਜ਼ ਦੀ ਸਥਾਪਨਾ ਨੂੰ ਸਪਾਂਸਰ ਕੀਤਾ ਅਤੇ ਇਸਦੇ ਪ੍ਰਧਾਨ ਵਜੋਂ ਕੰਮ ਕੀਤਾ ਸੀ। ਆਪ ਨੂੰ ਵੱਡੀ ਗਿਣਤੀ ਵਿੱਚ ਆਨਰੇਰੀ ਡਾਕਟਰੇਟ ਅਤੇ ਵਿਗਿਆਨਕ ਸੁਸਾਇਟੀਆਂ ਦੀ ਮੈਂਬਰਸ਼ਿਪ ਨਾਲ ਸਨਮਾਨਿਤ ਕੀਤਾ ਗਿਆ। ਉਸਨੂੰ ਆਪਣੇ ਕੈਰੀਅਰ ਦੇ ਸ਼ੁਰੂ ਵਿੱਚ ਰਾਇਲ ਸੋਸਾਇਟੀ ਦਾ ਇੱਕ ਫੈਲੋ ਚੁਣਿਆ ਗਿਆ ਸੀ। ਇਹ ਮਹਾਨ ਵਿਗਿਆਨੀ 21 ਨਵੰਬਰ 1970 ਨੂੰਅਕਾਲ ਚਲਾਣਾ ਕਰ ਗਿਆ ਸੀ। ਇਸ ਮਹਾਨ ਵਿਗਿਆਨੀ ਦੀ ਯਾਦ ਵਿੱਚ ਹੀ ਰਾਸ਼ਟਰੀ ਵਿਗਿਆਨ ਦਿਵਸ ਦੇਸ਼ ਦੇ ਵੱਖ-ਵੱਖ ਵਿਦਿੱਅਕ ਅਦਾਰਿਆਂ ਵਿੱਚ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ। ਸਾਲ 1986 ਵਿੱਚ ਨੈਸ਼ਨਲ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ ਨੇ ਸਰਕਾਰ ਨੂੰ ਕਿਹਾ ਸੀ ਕਿ ਭਾਰਤ ਸਰਕਾਰ ਦੁਆਰਾ 28 ਫਰਵਰੀ ਨੂੰ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਮਨਾਇਆ ਜਾਵੇ। ਹੁਣ 28 ਫਰਵਰੀ ਨੂੰ ਪੂਰੇ ਭਾਰਤ ਵਿੱਚ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਵਿਗਿਆਨਕ, ਇੰਜਨੀਅਰਿੰਗ, ਮੈਡੀਕਲ ਅਤੇ ਖੋਜ ਸੰਸਥਾਵਾਂ ਵਿੱਚ ਰਾਸ਼ਟਰੀ ਵਿਗਿਆਨ ਦਿਵਸ ਆਯੋਜਿਤ ਕੀਤਾ ਜਾਂਦਾ ਹੈ। ਭਾਰਤ ਵਿੱਚ ਵਿਗਿਆਨ ਨੂੰ ਪ੍ਰਸਿੱਧ ਬਣਾਉਣ ਲਈ ਵੱਖ-ਵੱਖ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਪੁਰਸਕਾਰ ਦਿੱਤੇ ਜਾਂਦੇ ਹਨ। ਵਿਗਿਆਨ ਨੂੰ ਉਤਸ਼ਾਹਿਤ ਕਰਨ ਲਈ ਵਿਗਿਆਨ ਮੇਲੇ ਅਤੇ ਪ੍ਰਦਰਸ਼ਨੀਆਂ ਆਯੋਜਿਤ ਕੀਤੀਆਂ ਜਾਂਦੀਆਂ ਹਨ। ਇਸ ਲਈ ਹਰ ਸਾਲ ਇੱਕ ਵਿਸ਼ੇਸ਼ ਉਦੇਸ਼ ਨਿਰਧਾਰਤ ਕੀਤਾ ਜਾਂਦਾ ਹੈ ਅਤੇ ਇਸ ਸਬੰਧੀ ਹੋਣ ਵਾਲੇ ਸਮਾਗਮ ਉਸ ਵਿਸ਼ੇਸ਼ ਉਦੇਸ਼ ਤੇ ਹੀ ਕੇਂਦ੍ਰਿਤ ਹੁੰਦੇ ਹਨ। ਵਿਗਿਆਨ ਅਤੇ ਤਕਨਾਲੋਜੀ ਮੰਤਰੀ ਡਾਕਟਰ ਜਤਿੰਦਰ ਸਿੰਘ ਨੇਰਾਸ਼ਟਰੀ ਵਿਗਿਆਨ ਦਿਵਸ 2023 ਦੀ ਥੀਮ ਦਾ ਉਦਘਾਟਨ ਕੀਤਾ ਜਿਸਦਾ ਸਿਰਲੇਖ "ਵਿਸ਼ਵਵਿਆਪੀ ਸਿਹਤ ਲਈ ਵਿਸਵਵਿਆਪੀ ਵਿਗਿਆਨ" ਹੈ। ਡਾਕਟਰ ਜਤਿੰਦਰ ਸਿੰਘ ਨੇ ਇਸ ਸਬੰਧੀ ਦੱਸਿਆ ਹੈ ਕਿ ਇਹ ਥੀਮ ਪੂਰੀ ਤਰ੍ਹਾਂ ਭਾਰਤ ਦੇ ਜੀ-20 ਦੀ ਪ੍ਰਧਾਨਗੀ ਸੰਭਾਲਣ ਨਾਲ ਮੇਲ ਖਾਂਦੀ ਹੈ ਜਿੱਥੇ ਉਹ ਦੱਖਣ ਦੀ ਆਵਾਜ਼ ਬਣ ਜਾਵੇਗਾ ਜੋਕਿ ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਵਿਕਾਸਸ਼ੀਲ ਦੇਸ਼ ਹਨ। ਉਨ੍ਹਾਂ ਕਿਹਾ ਕਿ "ਵਿਸ਼ਵਵਿਆਪੀ ਸਿਹਤ ਲਈ ਵਿਸਵਵਿਆਪੀ ਵਿਗਿਆਨ" ਥੀਮ ਦੀ ਚੋਣ ਦੁਨੀਆਂ ਦੇ ਸੰਦਰਭ ਵਿੱਚ ਵਿਗਿਆਨਕ ਮੁੱਦਿਆਂ ਦੀ ਜਨਤਕ ਕਦਰ ਵਧਾਉਣ ਦੇ ਉਦੇਸ਼ ਲਈ ਕੀਤੀ ਗਈ ਹੈ ਜਿਸਦਾ ਵਿਸ਼ਵਵਿਆਪੀ ਤੰਦਰੁਸਤੀ ਤੇ ਪ੍ਰਭਾਵ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਭਾਰਤ ਨੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਰਾਸ਼ਟਰਾਂ ਦੇ ਸਮੂਹ ਵਿੱਚ ਵਿਸ਼ਵਵਿਆਪੀ ਪ੍ਰਸਿੱਧੀ ਹਾਸਲ ਕਰ ਲਈ ਹੈ ਅਤੇ ਅਸੀਂ ਚੁਣੌਤੀਆਂ ਨਾਲ ਨਜਿੱਠਣ ਲਈ ਹਰ ਪ੍ਰਕਾਰ ਦਾ ਸਹਿਯੋਗ ਕਰਨ ਲਈ ਤਿਆਰ ਹਾਂ। ਉਨ੍ਹਾਂ ਕਿਹਾ ਕਿ ਜਦੋਂ ਚਿੰਤਾਵਾਂ, ਚੁਣੌਤੀਆਂ ਅਤੇ ਮਾਪਦੰਡਾਂ ਨੇ ਵਿਸ਼ਵਵਿਆਪੀ ਪਹਿਲੂਆਂ ਨੂੰ ਗ੍ਰਹਿਣ ਕਰ ਲਿਆ ਹੈ ਤਾਂ ਨਿਪਟਾਰਾ ਵੀ ਵਿਸ਼ਵਵਿਆਪੀ ਸੁਭਾਅ ਦਾ ਹੀ ਹੋਣਾ ਚਾਹੀਦਾ ਹੈ।ਉਨ੍ਹਾਂ ਕਿਹਾ ਆਮ ਆਦਮੀ ਲਈ ਜੀਵਨ ਦੀ ਸੌਖ ਲਿਆਉਣ ਲਈ ਹਰ ਘਰ ਦੁਆਰਾ ਵਿਗਿਆਨ ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਵਿਗਿਆਨ ਦਿਵਸ ਦੇਸ਼ ਅਤੇ ਵਿਦੇਸ਼ ਵਿੱਚ ਲੋਕਾਂ ਅਤੇ ਵਿਗਿਆਨਕ ਭਾਈਚਾਰੇ ਨੂੰ ਇਕੱਠੇ ਆਉਣ, ਇਕੱਠੇ ਕੰਮ ਕਰਨ ਅਤੇ ਮਨੁੱਖਤਾ ਦੀ ਭਲਾਈ ਲਈ ਖੁਸ਼ੀ ਦਾ ਅਨੁਭਵ ਕਰਨ ਦੇ ਮੌਕੇ ਪ੍ਰਦਾਨ ਕਰਨ ਲਈ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਦਾ ਹੈ।ਉਨ੍ਹਾਂ ਕਿਹਾ ਕਿਦੇਸ਼ ਵਿੱਚ ਵਿਗਿਆਨ ਅਤੇ ਤਕਨਾਲੋਜੀ ਈਕੋਸਿਸਟਮ ਨੇ ਪਿਛਲੇ ਸਾਲਾਂ ਵਿੱਚ ਦੇਸ਼ ਲਈ ਕਈ ਨਵੇਂ ਇਤਿਹਾਸਕ ਸੁਧਾਰਾਂ ਦੀ ਸ਼ੁਰੂਆਤ ਕਰਕੇ ਤੇਜ਼ੀ ਨਾਲ ਤਰੱਕੀ ਕੀਤੀ ਹੈ। ਉਨ੍ਹਾਂ ਨੇ ਸਰਕਾਰ ਦੇ ਇਸ ਸਟੈਂਡ ਨੂੰ ਵੀ ਦੁਹਰਾਇਆ ਕਿ ਵਿਗਿਆਨ ਤੇ ਨਵੇਂ ਸਿਰੇ ਤੋਂ ਧਿਆਨ ਕੇਂਦਰਿਤ ਕਰਨ ਦੇ ਨਾਲ ਭਾਰਤ ਉਦਯੋਗੀਕਰਨ ਅਤੇ ਤਕਨੀਕੀ ਵਿਕਾਸ ਵਿੱਚ ਇੱਕ ਵਿਸਵ ਪੱਧਰੀ ਆਗੂ ਬਣਨ ਵੱਲ ਵੱਧ ਰਿਹਾ ਹੈ। ਭਾਰਤ ਦੀ ਨਵੀਂ ਯੋਜਨਾ ਜਿਸਨੂੰ ਵਿਗਿਆਨ, ਤਕਨਾਲੋਜੀ ਅਤੇ ਨਵੀਨਤਾ ਨੀਤੀ 2020 ਕਿਹਾ ਜਾਂਦਾ ਹੈ ਵਿਗਿਆਨ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਮਾਹਿਰਾਂ ਦੁਆਰਾ ਸੰਚਾਲਿਤ ਕਰਨ ਦੀ ਯੋਜਨਾ ਬਣਾ ਰਿਹਾ ਹੈ।ਹਰ ਸਾਲ ਇਸ ਲਈ ਥੀਮ ਵੱਖੋ-ਵੱਖਰੇ ਹੁੰਦੇ ਹਨ ਜੋ ਦੇਸ਼ ਅਤੇ ਸਮਾਜ ਦੇ ਇੱਕ ਵਿਸ਼ੇਸ਼ ਪਹਿਲੂ ਨੂੰ ਉਜਾਗਰ ਕਰਦੇ ਹਨ ਅਤੇ ਇਨ੍ਹਾਂ ਦਾ ਉਦੇਸ਼ ਆਮ ਲੋਕਾਂ, ਵਿਦਿਆਰਥੀਆਂ, ਕਰਮਚਾਰੀਆਂ, ਅਧਿਕਾਰੀਆਂ ਅਤੇ ਪ੍ਰਮੁੱਖ ਵਿਗਿਆਨਕ ਸੰਸਥਾਵਾਂ ਦੇ ਪ੍ਰਤੀਨਿਧੀਆਂ ਦੇ ਯੋਗਦਾਨ ਨੂੰ ਮਾਨਤਾ ਦੇਣਾ ਹੈ।ਇਹ ਸਮਾਗਮ ਭਵਿੱਖ ਦੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੇ ਟੀਚਿਆਂ ਨੂੰ ਅੱਗੇ ਵਧਾਉਣ ਲਈ ਉਮੀਦ ਅਤੇ ਪ੍ਰੇਰਨਾ ਪ੍ਰਦਾਨ ਕਰਕੇ ਖੋਜਾਂ ਅਤੇ ਇਨ੍ਹਾਂ ਖੋਜਾਂ ਵਿੱਚ ਸਰ ਸੀ.ਵੀ. ਰਮਨ ਦੇ ਸ਼ਾਨਦਾਰ ਯੋਗਦਾਨ ਦਾ ਸਨਮਾਨ ਕਰਦਾ ਹੈ। ਅਸੀਂ ਵਿਗਿਆਨ ਦੀ ਮਹਾਨਤਾ ਨੂੰ ਮਾਨਤਾ ਦੇਣ ਲਈ ਰਾਸ਼ਟਰੀ ਵਿਗਿਆਨ ਦਿਵਸ ਮਨਾਉਂਦੇ ਹਾਂ।ਇਸ ਲਈ ਵਿਗਿਆਨ ਨੂੰ ਉਤਸ਼ਾਹਿਤ ਕਰਨਾ ਅਤੇ ਲੋਕਾਂ ਨੂੰ ਰੋਜ਼ਾਨਾ ਵਰਤੋਂ ਵਿੱਚ ਵਿਗਿਆਨਕ ਤਰੀਕਿਆਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਸੁਵਿਧਾਜਨਕ ਅਤੇ ਆਰਾਮਦਾਇਕ ਬਣਾਇਆ ਜਾ ਸਕੇ। ਵਿਗਿਆਨ ਨੂੰ ਸਮੁੱਚੇ ਤੌਰ ਤੇ ਜਨਤਾ ਅਤੇ ਮਨੁੱਖਤਾ ਦੇ ਵਿਕਾਸ ਅਤੇ ਕਲਿਆਣ ਦੇ ਸਾਧਨ ਵਜੋਂ ਪੇਸ਼ ਕਰਨਾ ਹੈ। ਅਸੀਂ ਕਈ ਮਹੱਤਵਪੂਰਨ ਵਿਗਿਆਨਕ ਅਧਿਐਨਾਂ, ਸਫਲਤਾਵਾਂ ਅਤੇ ਤਕਨਾਲੋਜੀਆਂ ਨੂੰ ਦੇਖਣ ਲਈ ਭਾਗਸ਼ਾਲੀ ਰਹੇ ਹਾਂ। ਇਹ ਜਸ਼ਨ ਭਵਿੱਖ ਦੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਅੱਗੇ ਵਧਾਉਣ ਲਈ ਉਮੀਦ ਅਤੇ ਪ੍ਰੇਰਨਾ ਪ੍ਰਦਾਨ ਕਰਕੇ ਖੋਜ ਅਤੇ ਖੋਜ ਵਿੱਚ ਸਰ ਸੀ.ਵੀ. ਰਮਨ ਦੇ ਬੇਮਿਸਾਲ ਯੋਗਦਾਨ ਦਾ ਸਨਮਾਨ ਕਰਦਾ ਹੈ। ਕਿਸੇ ਵੀ ਖੇਤਰ ਵਿੱਚ ਸਿਰਫ਼ ਇੱਕ ਖੋਜ ਨਾਲ ਹੀ ਨਹੀਂ ਰੁਕਣਾ ਸਗੋਂ ਹਰ ਤਰ੍ਹਾਂ ਨਾਲ ਦੇਸ਼ ਦੀ ਸਿਖ਼ਰਾਂ ਤੱਕ ਤਰੱਕੀ ਕਰਨਾ ਜਾਰੀ ਰੱਖਣਾ ਹੈ। ਰਾਸ਼ਟਰੀ ਵਿਗਿਆਨ ਦਿਵਸ ਉਹਨਾਂ ਲੋਕਾਂ ਲਈ ਹੈ ਜੋ ਵਿਗਿਆਨ ਵਿੱਚ ਵਿਸ਼ਵਾਸ ਕਰਦੇ ਹਨ, ਵਿਗਿਆਨੀਆਂ, ਉਹਨਾਂ ਨੌਜਵਾਨਾਂ ਲਈ ਜੋ ਵਿਗਿਆਨ ਅਤੇ ਤਕਨਾਲੋਜੀ ਬਾਰੇ ਸਿੱਖਣ ਲਈ ਸੱਖ਼ਤ ਮਿਹਨਤ ਕਰਦੇ ਹਨ, ਅਤੇ ਉਹਨਾਂ ਲਈ ਜੋ ਵਿਗਿਆਨਕ ਖੋਜਾਂ ਦਾ ਆਨੰਦ ਲੈਂਦੇ ਹਨ। ਵਿਗਿਆਨ ਨੇ ਮਨੁੱਖ ਦੀ ਬਹੁਤ ਵੱਡੀ ਸੇਵਾ ਕੀਤੀ ਹੈ। ਵਾਤਾਵਰਣ ਦੀਆਂ ਸਮੱਸਿਆਵਾਂ ਨੂੰ ਖੋਜਣ ਲਈ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿੱਚ ਬਹੁਤ ਸਾਰੀਆਂ ਖੋਜਾਂ ਕੀਤੀਆਂ ਗਈਆਂ ਹਨ। ਇਸ ਵਿੱਚ ਵਿਗਿਆਨ ਦੀਆਂ ਵੱਖ-ਵੱਖ ਸ਼ਾਖਾਵਾਂ ਜਿਵੇਂ ਕਿ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਦੇ ਅਧੀਨ ਜਾਨਵਰਾਂ, ਰਸਾਇਣਾਂ, ਧਰਤੀ, ਪੌਦਿਆਂ ਆਦਿ ਦਾ ਅਧਿਐਨ ਸ਼ਾਮਲ ਹੈ। ਵਿਗਿਆਨ ਪ੍ਰਮਾਣਾਂ ਦੇ ਅਧਾਰ ਤੇ ਇੱਕ ਯੋਜਨਾਬੱਧ ਕਾਰਜਪ੍ਰਣਾਲੀ ਦੀ ਪਾਲਣਾ ਕਰਦੇ ਹੋਏ ਕੁਦਰਤੀ ਅਤੇ ਸਮਾਜਿਕ ਸੰਸਾਰ ਦੇ ਗਿਆਨ ਦੇ ਨਤੀਜਿਆਂ, ਨਿਰੀਖਣਾਂ ਅਤੇ ਸਮਝ ਦੀ ਖੋਜ ਅਤੇ ਵਰਤੋਂ ਹੈ। ਵਿਗਿਆਨ ਆਧਾਰਿਤ ਤਕਨੀਕਾਂ ਨੇ ਆਧੁਨਿਕ ਜੀਵਨ ਨੂੰ ਬਦਲ ਦਿੱਤਾ ਹੈ। ਉਨ੍ਹਾਂ ਨੇ ਜੀਵਨ ਪੱਧਰ, ਸਿਹਤ, ਲੋਕ ਭਲਾਈ ਅਤੇ ਸੁਰੱਖਿਆ ਵਿੱਚ ਪ੍ਰਭਾਵਸ਼ਾਲੀ ਸੁਧਾਰ ਕੀਤੇ ਹਨ। ਆਧੁਨਿਕ ਸਮਾਜ ਵਿੱਚ ਵਿਗਿਆਨ ਅਤੇ ਤਕਨਾਲੋਜੀ ਇੰਨੀ ਆਮ ਹੈ ਕਿ ਵਿਦਿਆਰਥੀਆਂ ਨੂੰ ਵਿਗਿਆਨ ਦੀਆਂ ਮੁੱਖ ਧਾਰਨਾਵਾਂ, ਉਲਝਣਾਂ ਅਤੇ ਉਪਯੋਗਾਂ ਵਿੱਚ ਚੰਗੀ ਸਿੱਖਿਆ ਦੀ ਲੋੜ ਹੁੰਦੀ ਹੈ। ਵਿਗਿਆਨ ਮਨੁੱਖ ਦੇ ਜੀਵਨ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਅਸੀਂ ਆਪਣੇ ਰੋਜ਼ਾਨਾ ਜੀਵਨ ਵਿੱਚ ਬਹੁਤ ਸਾਰੀਆਂ ਮਸ਼ੀਨਾਂ ਦੀ ਵਰਤੋਂ ਕਰਦੇ ਹਾਂ ਜੋ ਵਿਗਿਆਨ ਦੇ ਸਰਲ ਤਰੀਕੇ ਨਾਲ ਕੰਮ ਕਰਦੀਆਂ ਹਨ। ਕੰਪਿਊਟਰ, ਸੈਟੇਲਾਈਟ, ਐਕਸ-ਰੇ, ਰੇਡੀਅਮ, ਪਲਾਸਟਿਕ ਸਰਜਰੀ, ਫੋਨ, ਬਿਜਲੀ, ਇੰਟਰਨੈੱਟ, ਫੋਟੋਗ੍ਰਾਫੀ ਆਦਿ ਵਿਗਿਆਨਕ ਕਾਢਾਂ ਸਾਡੇ ਲਈ ਬਹੁਤ ਲਾਭਦਾਇਕ ਸਾਬਤ ਹੋਈਆਂ ਹਨ। ਵਿਗਿਆਨ ਦੀ ਬਦੌਲਤ ਹੀ ਅੱਜ ਅਸੀਂ ਬੀਮਾਰੀਆਂ ਦਾ ਬਿਹਤਰ ਢੰਗ ਨਾਲ ਮੁਕਾਬਲਾ ਕਰ ਸਕਦੇ ਹਾਂ। ਇਸ ਨਾਲ ਸਾਡੀ ਜ਼ਿੰਦਗੀ ਆਸਾਨ ਹੋ ਗਈ ਹੈ ਅਤੇ ਸਾਡੀ ਉਮਰ ਵੱਧ ਗਈ ਹੈ। ਅਸੀਂ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਆਵਾਜਾਈ ਦੇ ਕਈ ਸਾਧਨਾਂਦੀ ਵਰਤੋਂ ਕਰਦੇ ਹਾਂਜੋਕਿ ਵਿਗਿਆਨਕ ਖੋਜਾਂ ਤੇ ਆਧਾਰਿਤ ਹਨ। ਜੀਵਨ ਦਾ ਕੋਈ ਖੇਤਰ ਅਜਿਹਾ ਨਹੀਂ ਹੈ ਜਿੱਥੇ ਵਿਗਿਆਨ ਨੇ ਸਾਡੀ ਮੱਦਦ ਨਾ ਕੀਤੀ ਹੋਵੇ। ਲਗਭਗ ਹਰ ਦਿਨ ਜਾਂ ਤਾਂ ਨਵੀਆਂ ਕਾਢਾਂ ਦੀ ਰਿਪੋਰਟ ਕੀਤੀ ਜਾ ਰਹੀ ਹੈ ਜਾਂ ਮੌਜੂਦਾ ਵਿੱਚ ਸੁਧਾਰ ਕੀਤਾ ਜਾ ਰਿਹਾ ਹੈ।


ਵਿਗਿਆਨ ਨੇ ਕੰਮ ਨੂੰ ਤੇਜ਼, ਸੁਰੱਖਿਅਤ ਅਤੇ ਹੋਰ ਵੀ ਪ੍ਰਭਾਵਸ਼ਾਲੀ ਅਤੇ ਕੁਸ਼ਲ ਬਣਾਇਆ ਹੈ।ਬੇਸ਼ੱਕ ਵਿਗਿਆਨ ਦੀਆਂ ਕਾਢਾਂ ਅਤੇ ਤਰੱਕੀ ਨੇ ਧਰਮ ਅਧਾਰ ਤੇ ਫੈਲਾਏ ਜਾ ਰਹੇ ਪਾਖੰਡਵਾਦ ਨੂੰ ਰੋਕਣ ਲਈ ਅਹਿਮ ਭੂਮਿਕਾ ਨਿਭਾਈ ਹੈ ਪਰ ਸਮੇਂ-ਸਮੇਂ ਤੇ ਅਜੇ ਵੀ ਕਈ ਵਾਰ ਅਜਿਹੀਆਂ ਪਾਖੰਡਵਾਦੀ ਘਟਨਾਵਾਂ ਵੇਖਣ ਨੂੰ ਨਜਰ ਆਂਦੀਆਂ ਹਨ। ਹਰ ਸਾਲ ਭਾਰਤ ਦੇ ਲੱਗਭੱਗ ਸਾਰੇ ਰਾਜ ਵੱਖ-ਵੱਖ ਤਰੀਕਿਆਂ ਨਾਲ ਰਾਸ਼ਟਰੀ ਵਿਗਿਆਨ ਦਿਵਸ ਮਨਾਉਂਦੇ ਹਨ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵਿਗਿਆਨ ਦੇ ਵੱਖ-ਵੱਖ ਮੁਕਾਬਲੇ ਅਤੇ ਕੁਇਜ਼ ਕਰਵਾਏ ਜਾਂਦੇ ਹਨ। ਪੰਜਾਬ ਵਿੱਚ ਵੀ ਨੋਡਲ ਏਜੰਸੀ ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਕੌਂਸਲ, ਚੰਡੀਗੜ੍ਹ ਵਲੋਂ ਭਾਰਤ ਸਰਕਾਰ ਦੇ ਸਹਿਯੋਗ ਨਾਲ ਹਰ ਸਾਲ 28 ਫਰਵਰੀ ਜਾਂ ਇਸ ਦੇ ਆਸ-ਪਾਸ ਰਾਸ਼ਟਰੀ ਵਿਗਿਆਨ ਦਿਵਸ ਮਨਾਇਆਂ ਜਾਂਦਾ ਹੈ ਅਤੇ ਸੰਸਥਾਵਾਂ, ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ ਅਤੇ ਸਵੈ-ਸੇਵੀ ਸੰਸਥਾਵਾਂ ਦੁਆਰਾ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਵਿੱਚ ਵਿਗਿਆਨ ਨੂੰ ਹਰਮਨ ਪਿਆਰਾ ਬਣਾਉਣਾ ਇਸਦਾ ਮੁੱਖ ਉਦੇਸ਼ ਹੈ। ਹਰ ਸਾਲ ਰਾਜ ਭਰ ਵਿੱਚ ਲੈਕਚਰ, ਵਿਦਿਆਰਥੀ ਮੁਕਾਬਲੇ, ਮਾਡਲ ਬਣਾਉਣ, ਪ੍ਰਦਰਸ਼ਨੀਆਂ, ਕੁਇਜ਼ ਅਤੇ ਹੋਰ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਸਾਨੂੰ ਵਿਗਿਆਨ ਦੀ ਮਹੱਤਤਾ ਅਤੇ ਰਾਸ਼ਟਰੀ ਵਿਗਿਆਨ ਦਿਵਸ ਸਬੰਧੀ ਜਾਣਕਾਰੀ ਆਮ ਲੋਕਾਂ ਤੱਕ ਪਹੁੰਚਾਣ ਲਈ ਕੰਮ ਕਰਨਾ ਚਾਹੀਦਾ ਹੈ।





The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)





## ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 26 ਮਾਰਚ 2023 ਦਿਨ ਐਤਵਾਰ ਨੂੰ ਗੁਰੂ ਘਰ ਦੀ ਪ੍ਰਾਪਰਟੀ ਵਿਖੇ ਮਨਾਇਆ ਜਾ ਰਿਹਾ ਹੈ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਤੇ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਸੰਗਤ ਦੇ ਸੇਵਾਦਾਰ


Vinod Kumar Chumber (Chairman) 510-953-9800


Ram Lubhaya (President) 408-449-1105


Naresh Kumar (Secretary) 510-857-4551


Sohan Singh Dhanda (Treasurer) 510-200-6649

## ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫਰਨੀਆ)


**NSB Insurance**

**NIRMAL SINGH BADHAN**

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

**Dil Nijjar** REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004



Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834

ਐਸੀ ਲਾਲ ਤੁਝ ਬਿਨ ਕਾਉਨ ਕਰੈ।। ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।



# ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

## Raj Guru & his Family



ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 3, 4, 5 ਮਾਰਚ 2023 ਨੂੰ ਮਨਾਏ ਜਾਣ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ


AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price


Prop: Jasbir Singh Takhar
510-755-2132

Free Estimates
Free Towing
510- 733- 2222
1421 Industrial PKWY West#F Hay-ward, CA 94544


Harmandeep Singh



L.A. MERCHANDISE
Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables





New folding bed verities


ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।






Baksho Kaur Bisla Hardev Singh Bisla



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ

530-671-0439, Fax 530-822-0439 Cell- 530-844-3250

## ਬੱਬਰ ਅਕਾਲੀ ਲਹਿਰ ਅਤੇ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਯਾਦਗਾਰੀ ਸਮਾਗਮ

# ਸ਼ਹੀਦਾਂ ਦੇ ਸੁਪਨੇ ਪੂਰੇ ਕਰਨ ਲਈ ਇਤਿਹਾਸ ਤੋਂ ਸਿੱਖਣ ਲਈ ਦਿੱਤਾ ਜ਼ੋਰ

**ਜਲੰਧਰ–** ਬੱਬਰ ਅਕਾਲੀ ਲਹਿਰ ’ਚ 27 ਫਰਵਰੀ 1926–27 ਨੂੰ ਫਾਂਸੀ ਦੇ ਰੱਸੇ ਚੁੰਮਕੇ ਇਕੋ ਤਾਰੀਖ਼ ’ਤੇ ਦੋਵੇਂ ਸਾਲਾਂ ’ਚ ਸ਼ਹਾਦਤ ਪਾਉਣ ਵਾਲੇ ਅਮਰ ਸ਼ਹੀਦਾਂ ਅਤੇ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੀ ਯਾਦ ’ਚ ਇਤਿਹਾਸਕ ਮਹੱਤਤਾ ਅਤੇ ਅਜੋਕੇ ਸਮਿਆਂ ਦੀ ਪ੍ਰਸੰਗਕਤਾ ਉਭਾਰਨ ’ਚ ਸਫ਼ਲ ਰਿਹਾ, ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕੀਤਾ ਯਾਦਗਾਰੀ ਸਮਾਗਮ। ਦੇਸ਼ ਭਗਤ ਯਾਦਗਾਰ ਹਾਲ ’ਚ ਬਣੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਹੋਏ ਸਮਾਗਮ ’ਚ ਹਾਜ਼ਰੀਨ ਨੇ ਖੜ੍ਹੇ ਹੋ ਕੇ ਬੱਬਰ ਅਕਾਲੀ ਲਹਿਰ ਦੇ ਸ਼ਹੀਦਾਂ ਅਤੇ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਨੂੰ ਸਿਜਦਾ ਕੀਤਾ। ਸਮਾਗਮ ਦੇ ਮੁੱਖ ਵਕਤਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਬੱਬਰ ਅਕਾਲੀ ਲਹਿਰ ਦਾ ਤੱਥਾਂ ਭਰਿਆ ਇਤਿਹਾਸਕ ਪ੍ਰਸੰਗ ਪੇਸ਼ ਕਰਦਿਆਂ ਇਸ ਲਹਿਰ ਦੇ ਇਤਿਹਾਸਕ ਪਿਛੋਕੜ, ਕੁਰਬਾਨੀਆਂ ਅਤੇ ਆਜ਼ਾਦੀ ਜੱਦੋ ਜਹਿਦ ਲਈ ਅਮਿਟ ਦੇਣ ਦੀਆਂ ਮੂੰਹ ਬੋਲਦੀਆਂ ਹਕੀਕਤਾਂ ਪੇਸ਼ ਕੀਤੀਆਂ। ਉਹਨਾਂ ਕਿਹਾ ਕਿ ਬੱਬਰ ਅਕਾਲੀ ਲਹਿਰ ਦਾ ਮੁਹਾਂਦਰਾ ਵਿਗਾੜਨ ਦੇ ਕੋਝੇ ਯਤਨਾਂ ਨੂੰ ਬੂਰ ਨਹੀਂ ਪਵੇਗਾ। ਇਹ ਸਾਮਰਾਜਵਾਦ ਵਿਰੋਧੀ, ਧਰਮ–ਨਿਰਪੱਖ, ਸਿਰਲੱਥ ਯੋਧਿਆਂ ਦੀ ਕੁਰਬਾਨੀਆਂ ਭਰੀ ਗਾਥਾ ਹੈ, ਜੋ ਸਦਾ ਹੀ ਆਉਣ ਵਾਲੀਆਂ ਪੀੜ੍ਹੀਆਂ ਦਾ ਮਾਰਗ ਰੁਸ਼ਨਾਉਂਦੀ ਰਹੇਗੀ।






ਇਤਿਹਾਸ ਦੇ ਖੋਜ਼ਕਾਰ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਵਿਜੈ ਬੰਬੇਲੀ ਨੇ ਬੱਬਰ ਅਕਾਲੀ ਲਹਿਰ ਦੀਆਂ ਪੈੜਾਂ ਨੱਪਦਿਆਂ, ਅਣਗੌਲੇ ਇਤਿਹਾਸ ਦੇ ਵਰਕੇ ਫਰੋਲਦਿਆਂ ਦਰਸਾਇਆ ਕਿ ਕਿਵੇਂ ਬੱਬਰ ਅਕਾਲੀ ਲਹਿਰ ਵਿੱਚ ਮੁਸਲਮਾਨ, ਹਿੰਦੂ ਅਤੇ ਸਿੱਖ ਭਾਈਚਾਰਾ, ਮਜ਼੍ਹਬੀ, ਫ਼ਿਰਕੇਦਾਰਾਨਾ ਵੱਟਾਂ ਬੰਨਿਆਂ ਨੂੰ ਢਾਅ ਕੇ ਮੁਲਕ ਅੰਦਰ ਆਜ਼ਾਦੀ, ਜਮਹੂਰੀਅਤ ਅਤੇ ਮੁਹੱਬਤਾਂ ਭਰੇ ਸੋਹਣੇ ਰਾਜ ਅਤੇ ਸਮਾਜ ਦੀ ਸਿਰਜਣਾ ਕਰਨ ਦੇ ਇਤਿਹਾਸਕ ਕਾਜ਼ ਨੂੰ ਪ੍ਰਨਾਈ ਹੋਈ ਲਹਿਰ ਸੀ।

ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੇ ਜੀਵਨ ਸੰਗਰਾਮ ਬਾਰੇ ਬੋਲਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਅਮੋਲਕ ਸਿੰਘ ਨੇ ਕਿਹਾ ਕਿ ਉੱਤਰ ਪ੍ਰਦੇਸ਼ ਦੇ ਪਿੰਡ ਭਾਵਰਾ ਵਿਖੇ ਕੱਖਾਂ ਕਾਨਿਆਂ ਦੀ ਕੁੱਲੀ ’ਚ ਜੰਮੇ ਪਲ਼ੇ ਆਜ਼ਾਦ ਨੇ ਸਭ ਤੋਂ ਪਹਿਲਾਂ ਨਾ–ਮਿਲਵਰਤਣ ਲਹਿਰ ਵਿੱਚ ਹਿੱਸਾ ਲੈਣ ਦੀ ਸਜ਼ਾ ਵਜੋਂ ਬੈਂਤਾਂ ਦੀ ਮਾਰ ਝੱਲੀ। ਉਹਨਾਂ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਬੀ.ਕੇ.ਦੱਤ, ਭਗਵਤੀ ਚਰਨ ਵੋਹਰਾ, ਦੁਰਗਾ ਭਾਬੀ ਅਤੇ ਸ਼ੰਕਰ ਗਣੇਸ਼ ਵਿਦਿਆਰਥੀ ਅਨਮੋਲ ਹੀਰਿਆਂ ਨਾਲ ਆਜ਼ਾਦੀ ਸੰਗਰਾਮ ਵਿੱਚ ਕੰਮ ਕੀਤਾ।

ਉਹਨਾਂ ਦੱਸਿਆ ਕਿ ਨੌਜਵਾਨ ਭਾਰਤ ਸਭਾ, ਹਿੰਦੋਸਤਾਨੀ ਰੀਪਬਲਿਕਨ ਪਾਰਟੀ ਅਤੇ ਆਰਮੀ ਕਮਾਂਡਰ ਵਜੋਂ ਉਹਨਾਂ ਦੀ ਅਮਿਟ ਦੇਣ ਸਾਡੇ ਲਈ ਚਾਨਣ ਮੁਨਾਰਾ ਹੈ, ਜਿਸ ਤੋਂ ਅੱਜ ਦੀ ਜੁਆਨੀ ਨੂੰ ਸੇਧ ਲੈ ਕੇ ਆਪਣਾ ਰੌਸ਼ਨ ਭਵਿੱਖ ਸਿਰਜਣ ਲਈ ਇਤਿਹਾਸ ਦੀਆਂ ਪੈੜਾਂ ਦਾ ਅਧਿਐਨ ਕਰਨ ਦੀ ਲੋੜ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਇਹਨਾਂ ਇਤਿਹਾਸਕ ਗਾਥਾਵਾਂ ਅਤੇ ਬਿਰਤਾਂਤ ਦਾ ਅਧਿਐਨ ਕਰਦਿਆਂ ਇਸਦੇ ਅਮੁੱਲੇ ਸਬਕਾਂ ਨੂੰ ਸਾਡੇ ਸਮਿਆਂ ਦੇ ਹਾਣੀ ਬਣਾਉਣ ਦੀ ਲੋੜ ਹੈ। ਉਹਨਾਂ ਕਿਹਾ ਕਿ ਬੱਬਰ ਅਕਾਲੀ ਲਹਿਰ ਦੇ ਯੋਧਿਆਂ ਅਤੇ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੇ ਸੁਪਨਿਆਂ ਦਾ ਸਾਮਰਾਜਵਾਦ ਤੋਂ ਮੁਕਤ, ਆਜ਼ਾਦ, ਸੈਕੂਲਰ, ਜਮਹੂਰੀ ਨਿਜ਼ਾਮ ਸਿਰਜਣ ਲਈ ਸਾਨੂੰ ਆਪਣੇ ਬਣਦੇ ਫ਼ਰਜ਼ਾਂ ਤੇ ਅਮਲਦਾਰੀ ਕਰਨ ਦੀ ਲੋੜ ਹੈ। ਉਹਨਾਂ ਨੇ ਚੇਤਨਾ, ਚਿੰਤਨ ਅਤੇ ਸੂਝ–ਬੂਝ ਦਾ ਪਸਾਰਾ ਕਰਨ ਲਈ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਨਿਰੰਤਰ ਉਪਰਾਲੇ ਕਰਨ ਦਾ ਵਿਸ਼ਵਾਸ਼ ਦੁਆਇਆ।

ਮੰਚ ਵੱਲੋਂ ਪੇਸ਼ ਮਤਿਆਂ ਨੂੰ ਹੱਥ ਖੜ੍ਹੇ ਕਰਕੇ ਹਾਲ ’ਚ ਹਾਜ਼ਰੀਨ ਨੇ ਪ੍ਰਵਾਨਗੀ ਦਿੱਤੀ। ਮਤਿਆਂ ’ਚ ਮੰਗ ਕੀਤੀ ਗਈ ਕਿ ਸਭਨਾਂ ਰਾਜਨੀਤਕ ਕੈਦੀਆਂ, ਬੁੱਧੀਜੀਵੀਆਂ, ਲੇਖਕਾਂ, ਕਵੀਆਂ, ਸਮਾਜਕ–ਜਮਹੂਰੀ ਕਾਮਿਆਂ ਨੂੰ ਬਿਨ੍ਹਾਂ ਸ਼ਰਤ ਰਿਹਾ ਕੀਤਾ ਜਾਏ। ਫ਼ਿਰੋਜ਼ਪੁਰ ਤੂੜੀ ਵਾਲਾ ਬਾਜ਼ਾਰ ਵਿੱਚ ਸ਼ਹੀਦ ਭਗਤ ਸਿੰਘ, ਸ਼ਹੀਦ ਚੰਦਰ ਸ਼ੇਖਰ ਆਜ਼ਾਦ ਅਤੇ ਉਹਨਾਂ ਦੇ ਸਾਥੀਆਂ ਦੇ ਮਿਲਣ–ਟਿਕਾਣੇ ਨੂੰ ਇਤਿਹਾਸਕ ਯਾਦਗਾਰ ਦਾ ਰੁਤਬਾ ਦਿੱਤਾ ਜਾਏ।

ਸ਼੍ਰੋਮਣੀ ਨਾਟਕਕਾਰ ਸ੍ਰੀ ਗੁਰਸ਼ਰਨ ਸਿੰਘ ਦੀ ਰਿਹਾਇਸ਼ਗਾਹ, ਗੁਰੂ ਖਾਲਸਾ ਨਿਵਾਸ ਅੰਮ੍ਰਿਤਸਰ ਨੂੰ ਯਾਦਗਾਰੀ ਮਿਊਜ਼ੀਅਮ ਤੌਰ ’ਤੇ ਸੰਭਾਲਣ ਲਈ ਕਦਮ ਚੁੱਕੇ ਜਾਣ ਤਾਂ ਜੋ ਭਵਿੱਖ ਵਿੱਚ ਸਾਹਿਤ, ਕਲਾ ਅਤੇ ਰੰਗ–ਮੰਚ ਦੇ ਪ੍ਰੇਮੀਆਂ ਅਤੇ ਕਮਾਊ ਲੋਕਾਂ ਲਈ ਇਹ ਯਾਦਗਾਰ ਇਨਕਲਾਬੀ ਰੰਗ ਮੰਚ ਦਾ ਮੀਨਾਰ ਬਣ ਸਕੇ।

ਸੌੜੇ ਸਿਆਸੀ ਮੰਤਵਾਂ ਦੀ ਪੂਰਤੀ ਲਈ ਧਾਰਮਕ ਗ੍ਰੰਥਾਂ ਦੀ ਆੜ ਲੈ ਕੇ, ਪੰਜਾਬ ਨੂੰ ਬਲ਼ਦੀ ਦੇ ਬੁੱਥੇ ਦੇਣ ਦੇ ਕੋਝੇ ਯਤਨ ਕਰਨੇ ਬੰਦ ਕੀਤੇ ਜਾਣ ਜੋ ਕਿ ਲੋਕਾਂ ਦੀ ਹਕੀਕੀ ਮੁੱਦਿਆਂ ’ਤੇ ਲਾਮਬੰਦੀ ਅਤੇ ਸੰਘਰਸ਼ ਨੂੰ ਖ਼ੋਰਾ ਲਾਉਣ ਦਾ ਕੰਮ ਕਰਦੇ ਹਨ। ਸਮਾਗਮ ਦਾ ਮੰਚ ਸੰਚਾਲਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

# ਇਟਲੀ ਕਿਸ਼ਤੀ ਹਾਦਸੇ 'ਚ 59 ਪਰਵਾਸੀ ਦੀ ਹੋਈ ਮੌਤ

**ਰੋਮ–** ਇਟਲੀ ਦੇ ਦੱਖਣੀ ਤੱਟ ਨੇੜੇ ਇੱਕ ਕਿਸ਼ਤੀ ਦੇ ਚਟਾਨਾਂ ਨਾਲ ਟਕਰਾਉਣ ਮਗਰੋਂ 59 ਪਰਵਾਸੀਆਂ ਦੀ ਮੌਤ ਹੋ ਗਈ ਹੈ। ਹਾਦਸੇ ’ਚ 81 ਵਿਅਕਤੀਆਂ ਨੂੰ ਬਚਾਅ ਲਿਆ ਗਿਆ ਹੈ। ਇਟਲੀ ਤੱਟ ਰੱਖਿਅਕਾਂ ਅਤੇ ਪੁਲੀਸ ਨੇ ਇਹ ਜਾਣਕਾਰੀ ਦਿੱਤੀ। ਇਸ ਤੋਂ ਪਹਿਲਾਂ ਸਰਕਾਰੀ ਰੇਡੀਓ ‘ਆਰਆਈਏ’ ਦੀ ਖ਼ਬਰ ਵਿੱਚ ਮ੍ਰਿਤਕਾਂ ਦੀ ਗਿਣਤੀ 30 ਦੱਸੀ ਗਈ ਸੀ। ਮ੍ਰਿਤਕਾਂ ਵਿੱਚ ਕੁਝ ਕੁ ਮਹੀਨਿਆਂ ਦੀ ਇੱਕ ਬੱਚੀ ਵੀ ਸ਼ਾਮਲ ਹੈ।



‘ਆਰਆਈਏ’ ਨੇ ਇਟਲੀ ਦੇ ਕੈਲੇਬਰੀਆ ਪ੍ਰਾਇਦੀਪ ਦੇ ਤੱਟੀ ਸ਼ਹਿਰ ਕਰੋਟੋਨ ਨੇੜੇ ਬੰਦਰਗਾਹ ਅਧਿਕਾਰੀਆਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਸਵੇਰ ਸਮੇਂ ਜਦੋਂ ਲੋਨੀਅਲ ਸਮੁੰਦਰ ਵਿੱਚ ਕਿਸ਼ਤੀ ਹਾਦਸਾਗ੍ਰਸਤ ਹੋਈ, ਉਸ ਸਮੇਂ ਕਿਸ਼ਤੀ ਵਿੱਚ 100 ਤੋਂ ਵੱਧ ਲੋਕ ਸਵਾਰ ਸਨ। ਬਚਾਅ ਕਾਰਜਾਂ ਵਿੱਚ ਜੁਟੇ ਫਾਇਰ ਬ੍ਰਿਗੇਡ ਕਰਮਚਾਰੀਆਂ ਦੇ ਤਰਜਮਾਨ ਲੂਕਾ ਕਾਰੀ ਨੇ ਦੱਸਿਆ ਕਿ ਹੁਣ ਤੱਕ 81 ਵਿਅਕਤੀ ਜਿਊਂਦੇ ਮਿਲੇ ਹਨ, ਜਿਹੜੇ ਕਿ ਕਿਸ਼ਤੀ ਟੁੱਟਣ ਮਗਰੋਂ ਕਿਸੇ ਤਰ੍ਹਾਂ ਬਚਣ ਵਿੱਚ ਸਫਲ ਹੋ ਗਏ ਸਨ। ਤੱਟ ਰੱਖਿਅਕ ਨੇ ਦੱਸਿਆ, ‘‘ਕਿਸ਼ਤੀ ਵਿੱਚ ਲਗਪਗ 120 ਜਣੇ ਸਵਾਰ ਸਨ ਅਤੇ ਉਹ ਕਿਨਾਰੇ ਤੋਂ ਚੱਲਣ ਮਗਰੋਂ ਥੋੜ੍ਹੀ ਦੂਰ ਹੀ ਚਟਾਨ ਨਾਲ ਟਕਰਾ ਗਈ।’’ ਉਨ੍ਹਾਂ ਦੱਸਿਆ ਕਿ ਬਚਾਅ ਕਾਰਜ ਜਾਰੀ ਹਨ।

ਰੇਡੀਓ ਦੀ ਖਬਰ ਵਿੱਚ ਦੱਸਿਆ ਗਿਆ ਕਿ ਤੱਟ ਰੱਖਿਅਕਾਂ ਦੀਆਂ ਕਿਸ਼ਤੀਆਂ, ਬਾਰਡਰ ਪੁਲੀਸ ਅਤੇ ਫਾਇਰ ਬ੍ਰਿਗੇਡ ਅਮਲਾ ਬਚਾਅ ਕਾਰਜਾਂ ਵਿਚ ਜੁਟਿਆ ਹੋਇਆ ਹੈ। ਇਟਲੀ ਦੀ ਨਿਊਜ਼ ਏਜੰਸੀ ਐਂਡਕਰੋਨੋਸ ਨੇ ਦੱਸਿਆ ਕਿ ਕਿਸ਼ਤੀ ’ਚ ਸਵਾਰ ਲੋਕ ਇਰਾਨ, ਪਾਕਿਸਤਾਨ ਤੇ ਅਫ਼ਗਾਨਿਸਤਾਨ ਤੋਂ ਆਏ ਸਨ ਜਦਕਿ ਏਐੱਨਐੱਸਏ ਮੁਤਾਬਕ ਉਹ ਇਰਾਨ, ਇਰਾਕ, ਅਫ਼ਗਾਨਿਸਤਾਨ ਅਤੇ ਸੀਰੀਆ ਤੋਂ ਆਏ ਸਨ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਨੌਸ਼ਹਿਰਾ ਵਿਖੇ ਅਕਾਲੀ ਫੂਲਾ ਸਿੰਘ ਦੀ ਸਮਾਧ ਬਣੀ ਖੰਡਰ

**ਅੰਮ੍ਰਿਤਸਰ–** ਪਾਕਿਸਤਾਨ ਦੇ ਸੂਬਾ ਖ਼ੈਬਰ ਪਖਤੂਨਖਵਾ ਦੇ ਸ਼ਹਿਰ ਨੌਸ਼ਹਿਰਾ ਦੇ ਪੀਰ ਸਬਾਕ ਇਲਾਕੇ ’ਚ ਦਰਿਆ ਲੁੰਡੇ (ਦਰਿਆ–ਏ–ਕਾਬੁਲ) ਦੇ ਕੰਡੇ ’ਤੇ ਮੌਜੂਦ ਜਥੇਦਾਰ ਅਕਾਲੀ ਫੂਲਾ ਸਿੰਘ ਦੀ ਖੰਡਰ ਵਿਚ ਤਬਦੀਲ ਹੋ ਚੁੱਕੀ ਸਮਾਧ ਅਤੇ ਛਾਉਣੀ ਦੀ ਇਮਾਰਤ ਦੀ ਨਵਉਸਾਰੀ ਸ਼ੁਰੂ ਨਹੀਂ ਕਰਵਾਈ ਜਾ ਸਕੀ। ਜਦਕਿ ਪਿਸ਼ਾਵਰੀ ਸਿੱਖ ਸੰਗਤ ਪਿਛਲੇ ਲੰਬੇ ਸਮੇਂ ਤੋਂ ਪਾਕਿ ਸਰਕਾਰ ਤੋਂ ਇਨ੍ਹਾਂ ਸਮਾਰਕਾਂ ਦੀ ਨਵਉਸਾਰੀ ਦੀ ਮੰਗ ਕਰਦੀ ਆ ਰਹੀ ਹੈ। ਉਕਤ ਸਮਾਧ ਦਰਿਆ–ਏ–ਕਾਬੁਲ ਦੇ ਕਿਨਾਰੇ ਲਗਭਗ 5 ਫੁੱਟ ਉੱਚੇ ਥੜ੍ਹੇ ’ਤੇ ਉਸਾਰੀ ਗਈ ਹੈ ਅਤੇ ਇਸ ਦੇ ਨਾਲ ਹੀ ਛਾਉਣੀ ਨਿਹੰਗ ਸਿੰਘਾਂ ਦੇ ਖੰਡਰ ਵੀ ਮੌਜੂਦ ਹਨ। ਇਤਿਹਾਸਕਾਰਾਂ ਮੁਤਾਬਿਕ 1822 ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਖ਼ਬਰ ਮਿਲੀ ਕਿ ਅਫ਼ਗਾਨੀ ਫ਼ੌਜ ਦਾ ਵੱਡਾ ਲਸ਼ਕਰ ਹਮਲੇ ਲਈ ਨੌਸ਼ਹਿਰਾ ਦੇ ਪਾਸ ਲੁੰਡੇ ਦਰਿਆ ’ਤੇ ਪਹੁੰਚ ਰਿਹਾ ਹੈ ਤਾਂ ਉਨ੍ਹਾਂ ਨੇ ਅਕਾਲੀ ਫੂਲਾ ਸਿੰਘ ਨੂੰ ਜੰਗ–ਏ–ਮੈਦਾਨ ਵੱਲ ਕੂਚ ਕਰਨ ਲਈ ਕਿਹਾ। ਇਸ ਯੁੱਧ ਵਿਚ 5000 ਦੇ ਲਗਭਗ ਸਿੱਖ ਸੈਨਿਕ ਸ਼ਹੀਦ ਹੋਏ, ਜਦਕਿ ਅਫ਼ਗਾਨੀ ਲਸ਼ਕਰ ਦੇ ਮਾਰੇ ਗਏ ਸੈਨਿਕਾਂ ਦੀ ਗਿਣਤੀ ਇਨ੍ਹਾਂ ਤੋਂ ਦੋ–ਗੁਣਾ ਵਧੇਰੇ ਸੀ।





ਜਦੋਂ ਸਿੱਖ ਫ਼ੌਜ ਆਪਣੇ ਕੈਂਪ ਵੱਲ ਪਰਤ ਰਹੀ ਸੀ ਤਾਂ ਰਸਤੇ ਵਿਚ ਇਕ ਪੱਥਰ ਪਿੱਛੇ ਲੁਕੇ ਜਿਹਾਦੀ ਨੌਰੋਜ਼ ਖ਼ਾਨ ਖਟਕ ਨੇ ਬਾਬਾ ਫੂਲਾ ਸਿੰਘ ’ਤੇ ਗੋਲੀ ਚਲਾ ਦਿੱਤੀ, ਜੋ ਉਨ੍ਹਾਂ ਦੀ ਛਾਤੀ ਵਿਚ ਲੱਗੀ ਅਤੇ ਉਨ੍ਹਾਂ ਨੇ ਦਮ ਤੋੜ ਦਿੱਤਾ। ਅਗਲੇ ਦਿਨ ਮੌਜੂਦਾ ਸਮਾਧ ਵਾਲੇ ਸਥਾਨ ’ਤੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ ਅਤੇ ਬਾਅਦ ਵਿਚ ਉਥੇ ਹੀ ਉਨ੍ਹਾਂ ਦੀ ਸੋਹਣੀ ਸਮਾਧ ਤਿਆਰ ਕਰਵਾਈ ਗਈ।

ਇਸ ਦੇ ਨਾਲ ਹੀ ਸ਼ੇਰ–ਏ–ਪੰਜਾਬ ਨੇ ਸਮਾਧ ਅਤੇ ਉਸ ਦੇ ਨਾਲ ਲੱਗਦੀ ਛਾਉਣੀ ਨਿਹੰਗ ਸਿੰਘਾਂ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਦੇ ਨਿਰਵਾਹ ਅਤੇ ਲੰਗਰ ਆਦਿ ਦੇ ਪ੍ਰਬੰਧ ਲਈ 30 ਹਜ਼ਾਰ ਕਨਾਲ ਜਗੀਰ ਇਸ ਅਸਥਾਨ ਦੇ ਨਾਂਅ ਲਗਵਾਈ, ਜੋ ਦੇਸ਼ ਦੀ ਵੰਡ ਤੱਕ ਜਾਰੀ ਰਹੀ। ਜਦਕਿ ਹੁਣ ਇਸ ’ਤੇ ਵੱਖ–ਵੱਖ ਅਦਾਰਿਆਂ ਦੇ ਕਬਜ਼ੇ ਹਨ।

# ਪਾਕਿ ਦੀ ਪਹਿਲੀ ਟਰਾਂਸਜੈਂਡਰ ਨਿਊਜ਼ ਐਂਕਰ ਮਾਰਵੀਆ ’ਤੇ ਫਾਇਰਿੰਗ

**ਲਾਹੌਰ–** ਪਾਕਿਸਤਾਨ ਦੀ ਪਹਿਲੀ ਟਰਾਂਸਜੈਂਡਰ ਨਿਊਜ਼ ਐਂਕਰ ਮਾਰਵੀਆ ਮਲਿਕ ਦੇ ਘਰ ਤੋਂ ਬਾਹਰ ਲਾਹੌਰ ਵਿਚ 2 ਹਮਲਾਵਰਾਂ ਨੇ ਗੋਲ਼ੀਬਾਰੀ ਕੀਤੀ ਸੀ, ਜਿਸ ਵਿੱਚ ਉਹ ਵਾਲ–ਵਾਲ ਬਚ ਗਈ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਮਾਰਵੀਆ ਮਲਿਕ ਇਕ ਫਾਰਮੇਸੀ ਤੋਂ ਵਾਪਸ ਆ ਰਹੀ ਸੀ। ਇਸ ਘਟਨਾ ਵਿੱਚ ਉਹ ਵਾਲ–ਵਾਲ ਬਚ ਗਈ। ‘ਡਾਨ’ ਦੀ ਰਿਪੋਰਟ ਮੁਤਾਬਕ ਮਲਿਕ ਨੇ ਕਿਹਾ ਕਿ ਟਰਾਂਸਜੈਂਡਰ ਭਾਈਚਾਰੇ ਲਈ ਆਵਾਜ਼ ਉਠਾਉਣ ਲਈ ਉਸ ਨੂੰ ਅਣਪਛਾਤੇ ਨੰਬਰਾਂ ਤੋਂ ਧਮਕੀ ਭਰੇ ਫ਼ੋਨ ਕਾਲ ਅਤੇ ਮੈਸੇਜ




ਮਿਲ ਰਹੇ ਸਨ। 2018 ਵਿੱਚ ਉਹ ਪਹਿਲੀ ਟਰਾਂਸਜੈਂਡਰ ਨਿਊਜ਼ ਐਂਕਰ ਬਣੀ। ਮਾਰਵੀਆ ਨੇ ਕਿਹਾ ਕਿ ਟਰਾਂਸਜੈਂਡਰਾਂ ਦੇ ਅਧਿਕਾਰਾਂ ਦੀ ਆਵਾਜ਼ ਉਠਾਉਣ ਕਰਕੇ ਉਸ ’ਤੇ ਹਮਲਾ ਕੀਤਾ ਗਿਆ। ਇਸ ਹਮਲੇ ਵਿਚ ਉਸ ਨੂੰ ਕੋਈ ਸੱਟ ਨਹੀਂ ਲੱਗੀ। ਜਾਣਕਾਰੀ ਮੁਤਾਬਕ ਉਹ ਕੁਝ ਦਿਨ ਪਹਿਲਾਂ ਸਰਜਰੀ ਲਈ ਲਾਹੌਰ ਪਰਤੀ ਸੀ। ਮਾਰਵੀਆ ਮਲਿਕ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਮਾਡਲਿੰਗ ਨਾਲ ਕੀਤੀ ਸੀ। ਇਸ ਤੋਂ ਬਾਅਦ ਸਾਲ 2018 ਵਿਚ ਉਹ ਪਾਕਿਸਤਾਨ ਦੇ ਨਿਊਜ਼ ਚੈਨਲ ‘ਕੋਹੇ–ਨੂਰ’ ਵਿਚ ਬਤੌਰ ਐਂਕਰ ਸ਼ਾਮਲ ਹੋਈ। ਉਸ ਨੂੰ ਪਹਿਲੀ ਵਾਰ 23 ਮਾਰਚ ਨੂੰ ਪਾਕਿਸਤਾਨ ਦਿਵਸ ਮੌਕੇ ਖ਼ਬਰਾਂ ਪੜ੍ਹਦੇ ਦੇਖਿਆ ਗਿਆ ਸੀ।

# ਕਬੱਡੀ ਖਿਡਾਰੀ ਅਮਰ ਘੱਸ ਦੀ ਚਲਦੇ ਟੂਰਨਾਮੈਂਟ ਦੌਰਾਨ ਹੋਈ ਮੌਤ



**ਸ਼ਾਹਕੋਟ–** ਨੇੜਲੇ ਪਿੰਡ ਜੱਕੋਪੁਰ ਕਲਾਂ ਵਿਖੇ ਸ਼ਹੀਦ ਊਧਮ ਸਿੰਘ ਸਪੋਰਟਸ ਤੇ ਵੈੱਲਫੇਅਰ ਕਲੱਬ ਵੱਲੋਂ ਕਰਵਾਏ ਜਾ ਰਹੇ ਕਬੱਡੀ ਟੂਰਨਾਮੈਂਟ ਦੌਰਾਨ ਸਟਾਰ ਕਬੱਡੀ ਖਿਡਾਰੀ ਅਮਰ ਘੱਸ ਦੀ ਅਚਾਨਕ ਸੱਟ ਲੱਗ ਗਈ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰੀ ਟੀਮ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਪ੍ਰਬੰਧਕਾਂ ਨੇ 'ਆਪ' ਦੇ ਹਲਕਾ ਇੰਚਾਰਜ ਰਤਨ ਸਿੰਘ ਕਾਕੜ ਕਲਾਂ ਤੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਹਾਜ਼ਰੀ ਵਿਚ ਕਬੱਡੀ ਟੂਰਨਾਮੈਂਟ ਨੂੰ ਰੱਦ ਕਰ ਦਿੱਤਾ।

# ਜੈਸ਼ੰਕਰ ਵੱਲੋਂ ਯੂਰਪੀਅਨ ਯੂਨੀਅਨ ਨਾਲ ਮੁਕਤ ਵਪਾਰ ਸਮਝੌਤਾ ਅਹਿਮ ਕਰਾਰ

**ਨਵੀਂ ਦਿੱਲੀ–** ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਕਿ ਭਾਰਤ ਨੂੰ ਆਸ ਹੈ ਕਿ ਯੂਰੋਪੀਅਨ ਯੂਨੀਅਨ ਨਾਲ 'ਮੁਕਤ ਵਪਾਰ ਸਮਝੌਤਾ' (ਐਫਟੀਏ) 'ਖੇਡ ਨੂੰ ਬਦਲਣ ਵਾਲਾ' ਸਾਬਿਤ ਹੋਵੇਗਾ। ਉਨ੍ਹਾਂ ਕਿਹਾ ਕਿ ਦੋਵੇਂ ਧਿਰਾਂ ਆਪਸੀ ਲਾਭ ਵਾਲੇ ਕਿਸੇ ਸਾਂਝੇ ਸਿੱਟੇ ਉਤੇ ਪਹੁੰਚਣ ਦੀ ਕੋਸ਼ਿਸ਼ ਕਰਨਗੀਆਂ।

ਸੀਆਈਆਈ ਦੇ ਇਕ ਸਮਾਗਮ ਵਿਚ ਜੈਸ਼ੰਕਰ ਨੇ ਕਿਹਾ ਕਿ ਯੂਰੋਪ ਤੇ ਭਾਰਤ ਇਕ-ਦੂਜੇ ਦੀ ਰਣਨੀਤਕ ਖ਼ੁਦਮੁਖਤਿਆਰੀ ਨੂੰ ਨਿਰਭਰਤਾ ਘਟਾ ਕੇ ਮਜ਼ਬੂਤ ਕਰ ਸਕਦੇ ਹਨ। ਦੋਵੇਂ ਧਿਰਾਂ ਅਹਿਮ ਤਕਨੀਕਾਂ ਤੇ ਸਪਲਾਈ ਲੜੀ ਉਤੇ ਤਾਲਮੇਲ ਕਰ ਸਕਦੀਆਂ ਹਨ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਜੂਨ ਵਿਚ ਭਾਰਤ ਤੇ ਯੂਰੋਪੀਅਨ ਯੂਨੀਅਨ ਨੇ ਲੰਮੇ ਸਮੇਂ ਤੋਂ ਲਟਕੇ ਵਪਾਰ ਤੇ ਨਿਵੇਸ਼ ਸਮਝੌਤੇ ਉਤੇ ਮੁੜ ਸੰਵਾਦ ਸ਼ੁਰੂ ਕਰ ਦਿੱਤਾ ਸੀ।



ਦੁਵੱਲੀ ਗੱਲਬਾਤ ਕਰੀਬ 8 ਸਾਲ ਬਾਅਦ ਸ਼ੁਰੂ ਹੋਈ ਹੈ ਕਿਉਂਕਿ ਦੋਵੇਂ ਧਿਰਾਂ ਕਈ ਪੱਖਾਂ ਉਤੇ ਇਕਸੁਰ ਨਹੀਂ ਸਨ। ਜੈਸ਼ੰਕਰ ਨੇ ਕਿਹਾ ਕਿ ਵਪਾਰ ਸਮਝੌਤਿਆਂ ਪ੍ਰਤੀ ਭਾਰਤ ਦੀ ਨਵੀਂ ਪਹੁੰਚ ਗੈਰ-ਟੈਰਿਫ ਮੁੱਦਿਆਂ ਤੇ ਸਰਹੱਦੀ ਅੜਿੱਕਿਆਂ ਨੂੰ ਹੱਲ ਕਰ ਰਹੀ ਹੈ। ਇਸ ਵਿਚ ਗੁਣਵੱਤਾ ਦਾ ਖ਼ਿਆਲ ਰੱਖਿਆ ਜਾ ਰਿਹਾ ਹੈ। ਜੈਸ਼ੰਕਰ ਨੇ ਜ਼ਿਕਰ ਕੀਤਾ ਕਿ ਯੂਏਈ ਤੇ ਆਸਟਰੇਲੀਆ ਨਾਲ ਵੀ ਰਿਕਾਰਡ ਸਮੇਂ ਵਿਚ ਐਫਟੀਏ ਸਿਰੇ ਚੜ੍ਹਿਆ ਹੈ।

# ਪੰਜਾਬੀ ਯੂਨੀਵਰਸਿਟੀ 'ਚ ਇੰਜੀਨੀਅਰਿੰਗ ਦੇ ਵਿਦਿਆਰਥੀ ਦਾ ਕਤਲ

**ਪਟਿਆਲਾ–** ਪੰਜਾਬੀ ਯੂਨੀਵਰਸਿਟੀ 'ਚ ਕੈਂਪਸ 'ਚ ਦੋ ਧਿਰਾਂ ਦੇ ਝਗੜੇ ਦੌਰਾਨ ਇਕ ਵਿਦਿਆਰਥੀ ਦੀ ਹੱਤਿਆ ਕਰ ਦਿੱਤੀ ਗਈ। ਵਾਰਦਾਤ ਤੋਂ ਬਾਅਦ ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਏ। ਮ੍ਰਿਤਕ ਵਿਦਿਆਰਥੀ ਦੀ ਪਛਾਣ ਨਵਜੋਤ ਸਿੰਘ ਵਾਸੀ ਪਿੰਡ ਸੰਗਤਪੁਰਾ ਵਜੋਂ ਹੋਈ ਹੈ।

ਸੋਮਵਾਰ ਨੂੰ ਦੁਪਹਿਰ ਕਰੀਬ 12 ਵਜੇ ਇੰਜੀਨੀਅਰਿੰਗ ਵਿਭਾਗ ਨੇੜੇ ਕੁਝ ਨੌਜਵਾਨ ਇਕੱਠੇ ਹੋਏ ਜਿਨ੍ਹਾਂ 'ਚ ਖਿੱਚ-ਧੂਹ ਸ਼ੁਰੂ ਹੋ ਗਈ। ਇਸ ਦੌਰਾਨ ਕੁਝ ਵਿਦਿਆਰਥੀਆਂ ਨੇ ਇੰਜੀਨੀਅਰਿੰਗ ਵਿਭਾਗ ਦੇ ਵਿਦਿਆਰਥੀ ਨਵਜੋਤ ਸਿੰਘ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਉਸ ਦੇ ਪੱਟ ਤੇ ਪੇਟ 'ਤੇ ਡੂੰਘੇ ਜ਼ਖ਼ਮ ਹੋ ਗਏ। ਵਾਰਦਾਤ ਮਗਰੋਂ ਹਮਲਾਵਰ ਮੌਕੇ 'ਤੋਂ ਫ਼ਰਾਰ ਹੋ ਗਏ। ਜ਼ਖ਼ਮੀ ਨਵਜੋਤ ਸਿੰਘ ਨੂੰ ਰਜਿੰਦਰਾ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤ ਐਲਾਨ ਦਿੱਤਾ।

ਮਾਮਲੇ ਦੀ ਸੂਚਨਾ ਮਿਲਦਿਆਂ ਹੀ ਯੂਨੀਵਰਸਿਟੀ ਸੁਰੱਖਿਆ ਅਮਲਾ ਤੇ ਪੁਲਿਸ ਮੁਲਾਜ਼ਮ ਮੌਕੇ 'ਤੇ ਪੁੱਜ ਗਏ। ਮੌਕੇ 'ਤੇ ਪੁੱਜੇ ਐੱਸਐੱਸਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਦੋ ਧਿਰਾਂ 'ਚ ਝਗੜਾ ਹੋਇਆ ਹੈ। ਇਸੇ ਦੌਰਾਨ ਕਿਸੇ ਹਮਲਾਵਰ ਨੇ ਕਿਰਚ ਨਾਲ ਨਵਜੋਤ 'ਤੇ ਵਾਰ ਕੀਤਾ ਜਿਸ ਕਰਕੇ ਉਸਦੀ ਮੌਤ ਹੋ ਗਈ ਹੈ।

ਐੱਸਐੱਸਪੀ ਨੇ ਦੱਸਿਆ ਕਿ ਹਮਲਾਵਰ ਫ਼ਾਜ਼ਿਲਕਾ, ਫਿਰੋਜ਼ਪੁਰ ਦੇ ਹਨ। ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਪੁਲਿਸ ਟੀਮਾਂ ਰਵਾਨਾਂ ਹੋ ਚੁੱਕੀਆਂ ਹਨ। ਘਟਨਾ ਤੋਂ ਬਾਅਦ ਜਿੱਥੇ ਯੂਨੀਵਰਸਿਟੀ 'ਚ ਮਾਹੌਲ ਤਣਾਅ-ਪੂਰਨ ਹੋ ਗਿਆ ਹੈ ਉੱਥੇ ਸੁਰੱਖਿਆ ਪ੍ਰਬੰਧਾਂ 'ਤੇ ਵੀ ਸਵਾਲ ਖੜ੍ਹੇ ਹੋਣ ਲੱਗੇ ਹਨ।

ਮ੍ਰਿਤਕ ਨੌਜਵਾਨ ਦੇ ਚਾਚਾ ਅਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਨਵਜੋਤ ਸਿੰਘ ਪੰਜਾਬੀ ਯੂਨੀਵਰਸਿਟੀ 'ਚ ਬੀਟੈਕ ਕਰ ਰਿਹਾ ਸੀ। ਉਹ ਰੋਜ਼ਾਨਾ ਵਾਂਗ ਯੂਨੀਵਰਸਿਟੀ ਗਿਆ ਸੀ। ਨਵਜੋਤ ਜਾਂ ਉਸ ਦੇ ਪਰਿਵਾਰ ਦਾ ਕਦੇ ਕਿਸੇ ਝਗੜਾ ਨਹੀਂ ਰਿਹਾ। ਅਮ੍ਰਿਪਾਲ ਨੇ ਦੋਸ਼ੀਆਂ ਨੂੰ ਜਲਦ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ।

# ਗਰਮੀ ਆਉਣ ਤੋਂ ਪਹਿਲਾਂ ਹੀ ਪੰਜਾਬ 'ਚ ਬਿਜਲੀ ਸੰਕਟ ਆਰੰਭ, 1330 ਮੈਗਾਵਾਟ ਬਿਜਲੀ ਉਤਪਾਦਨ ਠੱਪ

**ਪਟਿਆਲਾ–**ਪੰਜਾਬ ਵਿਚ ਬਿਜਲੀ ਦੀ ਲਗਾਤਾਰ ਵਧ ਰਹੀ ਬਿਜਲੀ ਦੀ ਮੰਗ ਦੀ ਪੂਰਤੀ ਕਰਨਾ ਪੀਐੱਸਪੀਸੀਐੱਲ ਲਈ ਚਣੌਤੀ ਬਣਦਾ ਜਾ ਰਿਹਾ ਹੈ। ਸੋਮਵਾਰ ਨੂੰ 1330 ਮੈਗਾਵਾਟ ਬਿਜਲੀ ਉਤਪਾਦਨ ਠੱਪ ਰਿਹਾ ਹੈ ਅਤੇ ਇਸਦੇ ਨਾਲ ਹੀ ਸੂਬੇ ਭਰ ਦੇ ਖਪਤਕਾਰਾਂ ਨੂੰ ਇਕ ਤੋਂ ਸੱਤ ਘੰਟੇ ਦੇ ਬਿਜਲੀ ਕੱਟਾਂ ਦਾ ਸਾਹਮਣਾ ਵੀ ਕਰਨਾ ਪਿਆ ਹੈ।

ਚਾਰ ਵਜੇ ਤੱਕ ਬਿਜਲੀ ਦੀ ਮੰਗ 6490 ਮੈਗਾਵਾਟ ਦਰਜ ਕੀਤੀ ਗਈ ਹੈ। ਪੰਜਾਬ ਵਿਚ ਕੁੱਲ 4327 ਮੈਗਾਵਾਟ ਬਿਜਲੀ ਉਤਪਾਦਨ ਹੋਇਆ ਹੈ, ਜਿਸ ਵਿਚ 448 ਮੈਗਾਵਾਟ ਹਾਈਡਰੋ, 368 ਨਵਿਆਉਣਯੋਗ ਸ੍ਰੋਤਾਂ ਅਤੇ ਮੰਗ ਦੀ ਪੂਰਤੀ ਲਈ ਬਾਕੀ ਬਿਜਲੀ ਬਾਹਰੋਂ ਹਾਸਲ ਕੀਤੀ ਗਈ ਹੈ।

ਦੱਸਣਯੋਗ ਹੈ ਕਿ ਇਸ ਮਹੀਨੇ 25 ਫਰਵਰੀ ਤੱਕ ਪੀਐਸਪੀਸੀਐੱਲ 506.38 ਕਰੋੜ ਦੀ ਬਿਜਲੀ 7.13 ਪ੍ਰਤੀ ਯੂਨਿਟ ਦੇ ਹਿਸਾਬ ਨਾਲ ਖ਼੍ਰੀਦੀ ਹੈ।

ਸੋਮਵਾਰ ਨੂੰ ਰੋਪੜ ਪਲਾਂਟ ਦਾ 210 ਮੈਗਾਵਾਟ ਸਮਰੱਥਾ ਵਾਲਾ ਯੂਨਿਟ ਨੰਬਰ ਛੇ, ਲਹਿਰਾ ਮੁਹਬਤ ਦਾ ਕ੍ਰਮਵਾਰ 210 ਤੇ 250 ਮੈਗਾਵਾਟ ਸਮਰੱਥਾ ਵਾਲਾ ਯੂਨਿਟ ਨੰਬਰ ਦੋ ਤੇ ਚਾਰ, ਤਲਵੰਡੀ ਸਾਬੋ ਦਾ 660 ਸਮਰੱਥਾ ਵਾਲਾ ਯੂਨਿਟ ਨੰਬਰ ਇੱਕ ਬੰਦ ਰਿਹਾ। ਪੀਐਸਪੀਸਐੱਲ ਦੇ ਤੈਅ ਸ਼ੱਟ ਡਾਊਨ ਤਹਿਤ 420 ਮੈਗਾਵਾਟ ਅਤੇ ਤਕਨੀਕੀ ਨੁਕਸ ਕਰਕੇ 910 ਮੈਗਾਵਾਟ ਬਿਜਲੀ ਉਤਪਾਦਨ ਪ੍ਰਭਾਵਿਤ ਰਿਹਾ ਹੈ।

ਜਨਵਰੀ ਮਹੀਨੇ ਵਿਚ ਬਿਜਲੀ ਦੀ ਮੰਗ ਪਿਛਲੇ ਵਰੇ ਨਾਲੋਂ 28 ਪ੍ਰਤੀਸ਼ਤ ਤੇ ਫਰਵਰੀ ਮਹੀਨੇ ਵਿਚ 25 ਪ੍ਰਤੀਸ਼ਤ ਔਸਤਨ ਵਾਧਾ ਦਰਜ ਕੀਤਾ ਗਿਆ ਹੈ। ਇਸੇ ਵਾਧੇ ਦੇ ਅਨੁਸਾਰ ਪੱਖੇ ਤੇ ਏਅਰੀ ਕੰਡੀਸ਼ਨਰ ਚੱਲਣ 'ਤੇ ਸੂਬੇ ਵਿਚ ਬਿਜਲੀ ਦੀ ਮੰਗ 17800 ਮੈਗਾਵਾਟ ਤੋਂ ਵੱਧ ਹੋਣ ਦਾ ਅਨੁਮਾਨ ਹੈ ਜੋਕਿ ਪਿਛਲੇ ਸਾਲ ਵੱਧ ਤੋਂ ਵੱਧ 14310 ਮੈਗਾਵਾਟ ਤੱਕ ਦਰਜ ਰਹੀ ਸੀ। ਪੀਐਸਪੀਸੀਐੱਲ ਕੋਲ ਆਪਣੇ ਤੇ ਬਾਹਰੋਂ ਹਰ ਹੀਲੇ ਤੋਂ 14589.81 ਮੈਗਾਵਾਟ ਬਿਜਲੀ ਦਾ ਪ੍ਰਬੰਧ ਕਰ ਸਕਦਾ ਹੈ।

ਇਸਤੋਂ ਇਲਾਵਾ ਇਕ ਹਜ਼ਾਰ ਤੋਂ 1500 ਮੈਗਾਵਾਟ ਤੱਕ ਬਿਜਲੀ ਓਪਨ ਅਕਸਚੇਂਜ ਤੋਂ ਖ਼੍ਰੀਦ ਸਕਦਾ ਹੈ। ਜੇਕਰ ਬਿਜਲੀ ਦੀ ਮੰਗ 17800 ਮੈਗਾਵਾਟ ਤੱਕ ਪੁੱਜਦੀ ਹੈ ਤਾਂ ਇਸ ਮੰਗ ਨੂੰ ਪੂਰਾ ਕਰਨਾ ਵੀ ਪੀਐਸਪੀਸੀਐੱਲ ਲਈ ਵੱਡੀ ਚਣੌਤੀ ਹੈ।

ਪੀਐੱਸਪੀਸਐੱਲ ਵਲੋਂ ਜਾਰੀ ਸੂਚੀ ਅਨੁਸਾਰ 27 ਫਰਵਰੀ ਨੂੰ ਸੂਬੇ ਭਰ ਵਿਚ ਇਕ ਤੋਂ ਸੱਤ ਘੰਟੇ ਦੇ ਕੱਟ ਲੱਗੇ ਹਨ। ਇਨਾਂ ਵਿਚੋਂ ਲੁਧਿਆਣਾ ਵਿਚ ਇਕ ਤੋਂ ਪੰਜ ਘੰਟੇ, ਪਠਾਨਕੋਟ ਵਿਚ ਦੋ ਤੋਂ ਤਿੰਨ ਘੰਟੇ, ਅਮ੍ਰਿਤਸਰ ਵਿਚ ਪੰਜ ਤੋਂ ਸੱਤ ਘੰਟੇ, ਮੁਕੇਰੀਆ ਵਿਚ ਅੱਠ ਘੰਟੇ, ਤਰਨਤਾਰਨ, ਪਟਿਆਲਾ, ਮੁਕਤਸਰ ਤੇ ਮੋਗਾ ਦੇ ਕੁਝ ਇਲਾਕਿਆਂ ਵਿਚ ਸੱਤ ਘੰਟੇ ਤੱਕ ਦਾ ਬਿਜਲੀ ਕੱਟ ਦੱਸਿਆ ਗਿਆ ਹੈ। ਬਠਿੰਡਾ ਅਤੇ ਅਬੋਹਰ ਦੇ ਕਈ ਇਲਾਕਿਆਂ ਵਿਚ ਦੋ ਘੰਟੇ ਦੀ ਕੱਟ ਲੱਗੇ ਹਨ। ਇਸਦੇ ਨਾਲ ਹੀ 28 ਫਰਵਰੀ ਨੂੰ ਵੀ ਸੂਬੇ ਵਿਚ 78 ਥਾਈਂ ਬਿਜਲੀ ਕੱਟ ਦੀ ਸੂਚੀ ਤਿਆਰ ਕੀਤੀ ਗਈ ਹੈ। ਇਸ ਵਿਚ ਲੁਧਿਆਣਾ, ਗੜ੍ਹਸ਼ੰਕਰ, ਕਾਦੀਆਂ, ਮੁਕਤਸਰ, ਬਲਾਚੋਰ, ਬਠਿੰਡਾ, ਤਰਨਤਾਰਨ, ਨਕੋਦਰ, ਜਗਰਾਓਂ, ਜੈਤੋ, ਕੋਟ ਕਪੂਰਾ, ਮੋਗਾ, ਸ਼ਾਮ ਚੁਰਾਸੀ, ਫਰੀਦਕੋਟ ਤੇ ਮਾਹਿਲ ਪੁਰ ਦੇ ਕੁਝ ਇਲਾਕਿਆਂ ਵਿਚ ਇਕ ਤੋਂ ਅੱਠ ਘੰਟੇ ਦੇ ਬਿਜਲੀ ਕੱਟ ਲੱਗਣ ਦੀ ਜਾਣਕਾਰੀ ਦਿੱਤੀ ਗਈ ਹੈ।

****


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

## "ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਇ ਘਲੇ ਆਵਹਿ ਨਾਨਕਾ ਸੱਦੇ ਉਠੀ ਜਾਹਿ"



ਬਹੁਤ ਹੀ ਦੁਖੀ ਹਿਰਦੇ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੇਵਲ ਸਿੰਘ ਸਿੱਧੂ ਦੇ ਵੱਡੇ ਭਾਈ ਤਰਸੇਮ ਸਿੱਧੂ ਅਕਾਲ ਪੁਰਖ ਦੇ ਹੁਕਮਾਂ ਅਨੁਸਾਰ ਸੰਸਾਰਿਕ ਜੀਵਨ ਸਫਰ ਪੂਰਾ ਕਰਕੇ 4 ਫਰਵਰੀ 2023 ਨੂੰ ਪ੍ਰਭੂ ਚਰਨਾਂ 'ਚ ਜਾ ਬਿਰਾਜੇ ਹਨ। ਸਿੱਧੂ ਪਰਿਵਾਰ ਨੂੰ ਗਹਿਰਾ ਸਦਮਾ ਲੱਗਾ। ਸਵਰਗੀ ਤਰਸੇਮ ਸਿੱਧੂ ਦੇ ਅੰਤਿਮ ਦਰਸ਼ਨ ਅਤੇ ਅਰਦਾਸ 5 ਮਾਰਚ 2023 ਦਿਨ ਐਤਵਾਰ ਨੂੰ 10.30 ਵਜੇ 1100 Tennessee St. Vallejo, CA, 94589 ਵਿਖੇ ਹੋਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਕੇਵਲ ਸਿੱਧੂ ਨਾਲ 707-704-3869 'ਤੇ ਸੰਪਰਕ ਕਰ ਸਕਦੇ ਹੋ। ਗੁਰੂ ਪਾਤਸ਼ਾਹ ਵਿੱਛੜੀ ਰੂਹ ਨੂੰ ਚਰਨੀ ਲਗਾਉਣ।

**ਦੁਖੀ ਹਿਰਦੇ**

**Mango (Daughter), Honey (Daughter-in-Law), Jiya (Grand Daughter)**

**ਸਾਰੇ ਭੈਣ-ਭਰਾ ਅਤੇ ਰਿਸ਼ਤੇਦਾਰ/ਸਬੰਧੀ**

ਅਦਾਰਾ 'ਦੇਸ਼ ਦੁਆਬਾ' ਇਸ ਦੁੱਖ ਦੀ ਘੜੀ ਵਿਚ ਦੁਖੀ ਪਰਿਵਾਰ ਨਾਲ ਦਿਲੀ ਦੁੱਖ ਦਾ ਪ੍ਰਗਟਾਵਾ ਕਰਦਾ ਹੈ।

# ਐੱਫਏਟੀਐੱਫ ਦੇ ਮੈਂਬਰ ਦੇਸ਼ਾਂ ਦੀ ਸੂਚੀ 'ਚੋਂ ਬਾਹਰ ਹੋਇਆ ਰੂਸ

**ਰੂਸ–** ਪੈਰਿਸ ਵਿੱਚ ਐੱਫਏਟੀਐੱਫ ਸੰਮੇਲਨ ਤੋਂ ਬਾਅਦ ਜਾਰੀ ਇਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ ਨੇ ਰੂਸ ਦੇ "ਗੈਰ-ਕਾਨੂੰਨੀ ਅਤੇ ਬਿਨਾਂ ਭੜਕਾਹਟ ਵਾਲੇ" ਫੌਜੀ ਹਮਲੇ ਲਈ ਦੇਸ਼ ਦੀ ਮੈਂਬਰਸ਼ਿਪ ਨੂੰ ਮੁਅੱਤਲ ਕਰ ਦਿੱਤਾ। ਟਾਸਕ ਫੋਰਸ ਨੇ ਕਿਹਾ ਕਿ ਰੂਸੀ ਫੌਜੀ ਕਾਰਵਾਈ ਦੇ ਮੂਲ ਸਿਧਾਂਤਾਂ ਦੇ ਉਲਟ ਹੈ, ਜਿਸ ਦਾ ਉਦੇਸ਼ ਵਿਸ਼ਵ ਵਿੱਤੀ ਪ੍ਰਣਾਲੀ ਦੀ ਸੁਰੱਖਿਆ ਅਤੇ ਅਖੰਡਤਾ ਨੂੰ ਉਤਸ਼ਾਹਿਤ ਕਰਨਾ ਹੈ। ਪੈਰਿਸ ਵਿੱਚ ਐੱਫਏਟੀਐੱਫ ਸੰਮੇਲਨ ਤੋਂ ਬਾਅਦ ਜਾਰੀ ਇਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਰੂਸ ਦੇ ਯੂਕ੍ਰੇਨ ਉੱਤੇ "ਗੈਰ-ਕਾਨੂੰਨੀ ਅਤੇ ਬਿਨਾਂ ਭੜਕਾਹਟ ਵਾਲੇ ਹਮਲੇ" ਦੇ ਇਕ ਸਾਲ ਬਾਅਦ ਐੱਫਏਟੀਐੱਫ ਯੂਕ੍ਰੇਨ ਦੇ ਲੋਕਾਂ ਪ੍ਰਤੀ ਆਪਣੀ ਡੂੰਘੀ ਹਮਦਰਦੀ ਪ੍ਰਗਟ ਕਰਦਾ ਹੈ। ਅੱਤਵਾਦ ਦੇ ਵਿੱਤ ਪੋਸ਼ਣ ਲਈ ਗਲੋਬਲ ਵਾਚਡੌਗ ਨੇ ਕਿਹਾ ਕਿ ਉਸ ਨੇ ਯੂਕ੍ਰੇਨ ਦੇ ਖ਼ਿਲਾਫ਼ ਰੂਸੀ ਹਮਲੇ ਦੀ ਸਖਤ ਨਿੰਦਾ ਕੀਤੀ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਰੂਸ ਦੁਆਰਾ ਪਿਛਲੇ ਇਕ ਸਾਲ 'ਚ "ਬਰਬਰ ਅਤੇ ਮਨੁੱਖਤਾਵਾਦੀ ਹਮਲੇ" ਤੇਜ਼ ਹੋ ਗਏ ਹਨ ਅਤੇ ਮਹੱਤਵਪੂਰਨ ਜਨਤਕ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ।



**ਅਮਰੀਕਾ ਨੇ ਰੂਸ 'ਤੇ ਲਗਾਈਆ ਹੋਰ ਪਾਬੰਦੀਆਂ**

ਰੂਸ-ਯੂਕ੍ਰੇਨ ਯੁੱਧ ਦੇ ਇਕ ਸਾਲ ਪੂਰਾ ਹੋਣ 'ਤੇ ਸ਼ੁੱਕਰਵਾਰ ਨੂੰ ਅਮਰੀਕਾ ਨੇ ਰੂਸੀ ਬੈਂਕਾਂ, ਕੰਪਨੀਆਂ ਅਤੇ ਨਾਗਰਿਕਾਂ 'ਤੇ ਹੋਰ ਨਵੀਆਂ ਪਾ-ਬੰਦੀਆਂ ਲਗਾ ਦਿੱਤੀਆਂ ਹਨ। ਇੱਥੇ ਜਾਰੀ ਇਕ ਬਿਆਨ ਅਨੁਸਾਰ ਯੂਐੱਸ ਦੇ ਵਿੱਤ ਵਿਭਾਗ ਦੁਆਰਾ "ਸਭ ਤੋਂ ਮਹੱਤਵਪੂਰਨ ਪਾਬੰਦੀਆਂ ਦੀ ਕਾਰਵਾਈ" ਵਿੱਚ ਰੂਸ ਦੇ ਧਾਤੂ ਅਤੇ ਮਾਈਨਿੰਗ ਸੈਕਟਰ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ। ਜੀ-7 ਸਹਿਯੋਗੀ ਦੇਸ਼ਾਂ ਨਾਲ ਤਾਲਮੇਲ ਕਰਕੇ ਲਏ ਗਏ ਇਸ ਫ਼ੈਸਲੇ ਦਾ ਮਕਸਦ 250 ਲੋਕਾਂ ਅਤੇ ਕੰਪਨੀਆਂ, ਹਥਿਆਰ ਡੀਲਰਾਂ 'ਤੇ ਕਾਰਵਾਈ ਕਰਨ ਦੇ ਨਾਲ-ਨਾਲ ਬੈਂਕਾਂ 'ਤੇ ਆਰਥਿਕ ਪਾਬੰਦੀਆਂ ਲਗਾਉਣਾ ਹੈ। ਵਿੱਤ ਸਕੱਤਰ ਜੈਨੇਟ ਯੇਲੇਨ ਨੇ ਇਕ ਬਿਆਨ ਵਿੱਚ ਕਿਹਾ, "ਸਾਡੀਆਂ ਪਾਬੰਦੀਆਂ ਦੇ ਥੋੜ੍ਹੇ ਸਮੇਂ ਅਤੇ ਲੰਬੇ ਸਮੇਂ ਦੇ ਪ੍ਰਭਾਵ ਹਨ, ਜਿਸ ਨਾਲ ਰੂਸ ਨੂੰ ਆਪਣੇ ਹਥਿਆਰਾਂ ਦੀ ਬਰਾਮਦ ਅਤੇ ਇਕ ਅਲੱਗ-ਥਲੱਗ ਆਰਥਿਕਤਾ ਨੂੰ ਮੁੜ ਪ੍ਰਾਪਤ ਕਰਨ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

# ਪਾਕਿ 'ਚ ਪੀਐਮ ਮੋਦੀ ਵਰਗੀ ਸ਼ਖ਼ਸ਼ੀਅਤ ਦੀ ਮੰਗ ਉਠੀ

**ਇਸਲਾਮਾਬਾਦ–** ਆਰਥਿਕ ਸੰਕਟ ਵਿਚ ਘਿਰੇ ਪਾਕਿਸਤਾਨ 'ਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਰਗੀ ਸ਼ਖ਼ਸ਼ੀਅਤ ਦੀ ਮੰਗ ਉੱਠ ਰਹੀ ਹੈ। ਪਾਕਿਸਤਾਨੀ ਯੂਟਿਊਬਰ ਸਨਾ ਅਮਜਦ ਦੁਆਰਾ ਪੋਸਟ ਕੀਤੀ ਗਈ ਇੱਕ ਵਾਇਰਲ ਵੀਡੀਓ ਵਿੱਚ ਇੱਕ ਸਾਥੀ ਵੱਲੋਂ ਪਾਕਿਸਤਾਨ ਵਿੱਚ ਮੌਜੂਦਾ ਸਥਿਤੀਆਂ ਨੂੰ ਲੈ ਕੇ ਸ਼ਾਹਬਾਜ਼ ਸ਼ਰੀਫ ਸਰਕਾਰ ਵਿਰੁੱਧ ਬੋਲਦੇ ਹੋਏ ਸੁਣਿਆ ਜਾ ਸਕਦਾ ਹੈ ਅਤੇ ਨਾਲ ਹੀ ਇਹ ਕਹਿੰਦੇ ਹੋਏ ਸੁਣਿਆ ਜਾ ਸਕਦਾ ਹੈ ਕਿ ਉਹ ਵੀ ਵਾਜਬ ਕੀਮਤਾਂ 'ਤੇ ਸਾਮਾਨ ਖ਼ਰੀਦਣ ਵਿਚ ਸਮਰੱਥ ਹੋ ਸਕਦੇ ਹਨ ਜੇਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਾਕਿਸਤਾਨ 'ਤੇ ਰਾਜ ਕਰ ਰਹੇ ਹੁੰਦੇ।



ਸਾਬਕਾ ਪੱਤਰਕਾਰ ਸਨਾ ਅਮਜਦ ਨੇ ਕਈ ਪਾਕਿਸਤਾਨੀ ਮੀਡੀਆ ਹਾਊਸਾਂ ਨਾਲ ਕੰਮ ਕੀਤਾ ਸੀ। ਵਾਇਰਲ ਵੀਡੀਓ ਵਿੱਚ ਉਹ ਇੱਕ ਸਥਾਨਕ ਵਿਅਕਤੀ ਨੂੰ ਇਹ ਪੁੱਛਦੀ ਹੋਈ ਸੁਣੀ ਜਾ ਸਕਦੀ ਹੈ ਕਿ 'ਪਾਕਿਸਤਾਨ ਤੋਂ ਜ਼ਿੰਦਾ ਭੱਜੋ ਚਾਹੇ ਇੰਡੀਆ ਚਲੇ ਜਾਓ' ਦਾ ਨਾਅਰਾ ਸੜਕਾਂ 'ਤੇ ਕਿਉਂ ਲਗਾਇਆ ਜਾ ਰਿਹਾ ਹੈ? ਇਸ ਸਵਾਲ ਦੇ ਜਵਾਬ ਵਿੱਚ ਵਿਅਕਤੀ ਨੇ ਕਿਹਾ ਕਿ ਕਾਸ਼ ਉਹ ਪਾਕਿਸਤਾਨ ਵਿੱਚ ਪੈਦਾ ਹੀ ਨਾ ਹੋਇਆ ਹੁੰਦਾ। ਵਿਅਕਤੀ ਮੁਤਾਬਕ ਜੇਕਰ ਵੰਡ ਨਾ ਹੁੰਦੀ ਤਾਂ ਉਹ ਅਤੇ ਉਸਦੇ ਸਾਥੀ ਦੇਸ਼ ਵਾਸੀ ਵਾਜਬ ਕੀਮਤਾਂ 'ਤੇ ਜ਼ਰੂਰੀ ਚੀਜ਼ਾਂ ਖਰੀਦਣ ਵਿਚ ਸਮਰੱਥ ਹੁੰਦੇ ਅਤੇ ਹਰ ਰਾਤ ਆਪਣੇ ਬੱਚਿਆਂ ਨੂੰ ਭੋਜਨ ਦੇਣ ਦੇ ਯੋਗ ਹੁੰਦੇ। ਵਾਇਰਲ ਵੀਡੀਓ ਵਿਚ ਵਿਅਕਤੀ ਨੇ ਕਿਹਾ ਕਿ "ਕਾਸ਼ ਪਾਕਿਸਤਾਨ ਭਾਰਤ ਤੋਂ ਵੱਖ ਨਾ ਹੁੰਦਾ ਤਾਂ ਅਸੀਂ ਵੀ ਟਮਾਟਰ 20 ਰੁਪਏ ਪ੍ਰਤੀ ਕਿਲੋਗ੍ਰਾਮ, ਚਿਕਨ 150 ਰੁਪਏ ਪ੍ਰਤੀ ਕਿਲੋਗ੍ਰਾਮ ਅਤੇ ਪੈਟਰੋਲ 50 ਰੁਪਏ ਪ੍ਰਤੀ ਲੀਟਰ ਦੇ ਹਿਸਾਬ ਨਾਲ ਖਰੀਦ ਰਹੇ ਹੁੰਦੇ,"।

ਉਸਨੇ ਅੱਗੇ ਕਿਹਾ ਕਿ "ਇਹ ਬਦਕਿਸਮਤੀ ਦੀ ਗੱਲ ਹੈ ਕਿ ਸਾਨੂੰ ਇੱਕ ਇਸਲਾਮੀ ਰਾਸ਼ਟਰ ਮਿਲ ਗਿਆ ਪਰ ਅਸੀਂ ਇੱਥੇ ਇਸਲਾਮ ਦੀ ਸਥਾਪਨਾ ਨਹੀਂ ਕਰ ਸਕੇ," । ਵਿਅਕਤੀ ਨੇ "ਨਰਿੰਦਰ ਮੋਦੀ ਤੋਂ ਇਲਾਵਾ ਕੋਈ ਹੋਰ ਨਹੀਂ" ਦੀ ਕਾਮਨਾ ਕਰਦੇ ਹੋਏ ਕਿਹਾ ਕਿ "ਮੋਦੀ ਸਾਡੇ ਨਾਲੋਂ ਬਿਹਤਰ ਹੈ। ਲੋਕ ਉਨ੍ਹਾਂ ਦਾ ਬਹੁਤ ਸਨਮਾਨ ਕਰਦੇ ਹਨ। ਜੇਕਰ ਸਾਡੇ ਕੋਲ ਨਰਿੰਦਰ ਮੋਦੀ ਹੁੰਦਾ ਤਾਂ ਸਾਨੂੰ ਨਵਾਜ਼ ਸ਼ਰੀਫ ਜਾਂ ਬੇਨਜ਼ੀਰ ਜਾਂ ਇਮਰਾਨ ਦੀ ਜ਼ਰੂਰਤ ਨਹੀਂ ਹੁੰਦੀ। ਇੱਥੋਂ ਤੱਕ ਕਿ ਮਰਹੂਮ ਸਾਬਕਾ ਫ਼ੌਜੀ ਸ਼ਾਸਕ ਜਨਰਲ (ਪਰਵੇਜ਼) ਮੁਸ਼ੱਰਫ਼ ਦੀ ਵੀ ਨਹੀਂ। ਅਸੀਂ ਸਿਰਫ਼ ਪ੍ਰਧਾਨ ਮੰਤਰੀ ਮੋਦੀ ਚਾਹੁੰਦੇ ਹਾਂ ਕਿਉਂਕਿ ਸਿਰਫ਼ ਉਹੀ ਸਾਡੇ ਦੇਸ਼ ਦੇ ਸਾਰੇ ਸ਼ਰਾਰਤੀ ਅਨਸਰਾਂ ਨਾਲ ਨਜਿੱਠ ਸਕਦੇ ਹਨ।

ਭਾਰਤ ਇਸ ਵੇਲੇ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਹੈ ਜਦਕਿ ਅਸੀਂ ਕਿਤੇ ਵੀ ਨਹੀਂ ਹਾਂ। ਮੈਂ ਮੋਦੀ ਦੇ ਸ਼ਾਸਨ ਵਿੱਚ ਰਹਿਣ ਲਈ ਤਿਆਰ ਹਾਂ। ਮੋਦੀ ਇੱਕ ਮਹਾਨ ਵਿਅਕਤੀ ਹੈ। ਭਾਰਤੀਆਂ ਨੂੰ ਵਾਜਬ ਰੇਟਾਂ 'ਤੇ ਟਮਾਟਰ ਅਤੇ ਚਿਕਨ ਮਿਲ ਰਹੇ ਹਨ।

ਵਿਅਕਤੀ ਨੇ ਨਮ ਅੱਖਾਂ ਨਾਲ ਕਿਹਾ ਕਿ "ਮੈਂ ਪ੍ਰਮਾਤਮਾ ਤੋਂ ਪ੍ਰਾਰਥਨਾ ਕਰਦਾ ਹਾਂ ਕਿ ਉਹ ਸਾਨੂੰ ਮੋਦੀ ਦੇਵੇ ਅਤੇ ਉਹ ਸਾਡੇ ਦੇਸ਼ 'ਤੇ ਰਾਜ ਕਰੇ,"।

# 2023 ਅੰਤਰਰਾਸ਼ਟਰੀ ਮੋਟਾ ਅਨਾਜ ਸਾਲ ਵਜੋਂ ਮਨਾਇਆ ਜਾਵੇਗਾ; 70 ਦੇਸ਼ਾਂ ਨੇ ਦਿੱਤਾ ਸਮਰਥਨ




**ਬੀਜਿੰਗ–** ਚੀਨ ਵਿਚ ਮੋਟੇ ਅਨਾਜ ਨੇ ਭਾਰਤੀ ਰੈਸਟੋਰੈਂਟਾਂ ਵਿਚ ਸ਼ਾਨਦਾਰ ਵਾਪਸੀ ਕੀਤੀ ਹੈ ਅਤੇ ਇਸ ਦੇਸ਼ ਵਿਚ ਭਾਰਤ ਦਾ ਕੂਟਨੀਤਕ ਮਿਸ਼ਨ 'ਅੰਤਰਰਾਸ਼ਟਰੀ ਮੋਟਾ ਅਨਾਜ ਸਾਲ 2023' ਮਨਾ ਰਿਹਾ ਹੈ। ਭਾਰਤ ਸਰਕਾਰ ਵਲੋਂ ਇਕ ਪ੍ਰਸਤਾਵ ਲਿਆਏ ਜਾਣ ਅਤੇ ਫੂਡ ਐਂਡ ਐਗਰੀਕਲਚਰ ਆਰਗੇਨਾਈਜੇਸ਼ਨ (ਐਫ. ਏ. ਓ.) ਦੇ ਮੈਂਬਰਾਂ ਦੀ ਅਤੇ ਸੰਯੁਕਤ ਰਾਸ਼ਟਰ ਮਹਾਸਭਾ ਦੇ 75ਵੇਂ ਸੈਸ਼ਨ ਵਿਚ ਇਸ ਨੂੰ ਮਨਜ਼ੂਰੀ ਮਿਲਣ ਦੇ ਬਾਅਦ ਸਾਲ 2023 ਨੂੰ 'ਅੰਤਰਰਾਸ਼ਟਰੀ ਮੋਟਾ ਅਨਾਜ ਸਾਲ' ਵਜੋਂ ਮਨਾਇਆ ਜਾ ਰਿਹਾ ਹੈ। ਪ੍ਰਸਤਾਵ ਦਾ 70 ਤੋਂ ਜ਼ਿਆਦਾ ਦੇਸ਼ਾਂ ਨੇ ਸਮਰਥਨ ਕੀਤਾ ਹੈ।


ਇਥੇ ਸਥਿਤ ਭਾਰਤੀ ਦੂਤਘਰ ਨੇ ਇਸ ਸਿਲਸਿਲੇ ਵਿਚ ਕਈ ਪ੍ਰੋ-ਗਰਾਮ ਆਯੋਜਿਤ ਕਰਨ ਦੀ ਯੋਜਨਾ ਬਣਾਈ ਹੈ, ਜਿਸ ਵਿਚ ਚੀਨ ਵਿਚ ਐਫ. ਏ. ਓ. ਦੇ ਪ੍ਰਤੀਨਿਧੀਆਂ ਨੇ ਭਾਈਵਾਲੀ ਨਾਲ ਅੰਤਰ-ਰਾਸ਼ਟਰੀ ਮੋਟਾ ਅਨਾਜ ਸਾਲ 2023 'ਤੇ ਚਰਚਾ ਲਈ ਇਕ ਗੋਲਮੇਜ ਚਰਚਾ ਵੀ ਸ਼ਾਮਲ ਹੈ। ਦੂਤਘਰ ਮੋਟਾ ਅਨਾਜ ਪਕਾਉਣ ਦੀ ਵਿਧੀ 'ਤੇ ਇਕ ਕਿਤਾਬ ਨੂੰ ਵੀ ਲੋਕ ਅਰਪਣ ਕਰੇਗਾ ਅਤੇ 'ਮੋਟਾ ਅਨਾਜ ਪਕਾਉਣ ਦੀ ਚੁਣੌਤੀ' ਅਤੇ 'ਮੋਟਾ ਅਨਾਜ ਸੇਲਫੀ ਮੁਕਾਬਲੇ' ਦਾ ਵੀ ਆਯੋਜਨ ਕਰੇਗਾ।

ਬੀਜਿੰਗ, ਸ਼ੰਘਾਈ ਅਤੇ ਕਈ ਹੋਰ ਚੀਨੀ ਸ਼ਹਿਰਾਂ ਵਿੱਚ ਭਾਰਤੀ ਰੈਸਟੋਰੈਂਟ ਮੋਟੇ ਅਨਾਜ ਨਾਲ ਤਿਆਰ ਕੀਤੇ ਜਾਣ ਵਾਲੇ ਕਈ ਵਿਸ਼ੇਸ਼ ਪਕਵਾਨਾਂ ਨਾਲ ਆਏ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਮੁੰਬਈ 'ਤੇ ਹਮਲਾ ਕਰਨ ਵਾਲੇ ਲੋਕ ਹੁਣ ਵੀ ਤੁਹਾਡੇ ਮੁਲਕ 'ਚ ਘੁੰਮ ਰਹੇ-ਜਾਵੇਦ ਅਖ਼ਤਰ

**ਲਾਹੌਰ–** ਗੀਤਕਾਰ ਜਾਵੇਦ ਅਖ਼ਤਰ ਹਾਲ ਹੀ ਵਿਚ ਉਰਦੂ ਸ਼ਾਇਰ ਫੈਜ਼ ਅਹਿਮ ਫੈਜ਼ ਦੀ ਯਾਦ ਵਿਚ ਹੋ ਰਹੇ ਇਕ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਾਹੌਰ ਪਹੁੰਚੇ, ਜਿੱਥੇ ਉਹ ਪਾਕਿਸਤਾਨ 'ਤੇ ਹਮਲਾਵਰ ਹੁੰਦੇ ਨਜ਼ਰ ਆਏ। ਪ੍ਰੋਗਰਾਮ ਦੌਰਾਨ ਇਕ ਵਿਅਕਤੀ ਨੇ ਉਨ੍ਹਾਂ ਤੋਂ ਪੁੱਛਿਆ ਕਿ ਤੁਸੀਂ ਕਈ ਵਾਰ ਪਾਕਿਸਤਾਨ ਆ ਚੁੱਕੇ ਹੋ, ਜਦੋਂ ਤੁਸੀਂ ਵਾਪਸ ਜਾਓਗੇ ਤਾਂ ਕੀ ਆਪਣੇ ਲੋਕਾਂ ਨੂੰ ਕਹੋਗੇ ਕਿ ਪਾਕਿਸਤਾਨੀ ਚੰਗੇ ਲੋਕ ਹਨ। ਇਸ ਸਵਾਲ ਦੇ ਜਵਾਬ ਵਿਚ ਅਖ਼ਤਰ ਨੇ ਕਿਹਾ ਕਿ ਸਾਨੂੰ ਇਕ-ਦੂਜੇ 'ਤੇ ਦੋਸ਼ ਨਹੀਂ ਲਗਾਉਣੇ ਚਾਹੀਦੇ। ਇਸ ਨਾਲ ਕੋਈ ਮਸਲਾ



ਹੱਲ ਨਹੀਂ ਹੋਵੇਗਾ। ਅਸੀਂ ਨੁਸਰਤ ਫ਼ਤਿਹ ਅਲੀ ਖ਼ਾਨ ਤੇ ਮਹਿੰਦੀ ਹਸਨ ਦੇ ਵੱਡੇ-ਵੱਡੇ ਸਮਾਗਮ ਕੀਤੇ, ਪਰ ਤੁਹਾਡੇ ਮੁਲਕ ਵਿਚ ਤਾਂ ਲਤਾ ਮੰਗੇਸ਼ਕਰ ਦਾ ਕਦੀ ਕੋਈ ਪ੍ਰੋਗਰਾਮ ਨਹੀਂ ਕੀਤਾ ਗਿਆ। ਇਕ ਦੂਜੇ ਨੂੰ ਇਲਜ਼ਾਮ ਦੇਣ ਨਾਲ ਪਰੇਸ਼ਾਨੀ ਘੱਟ ਨਹੀਂ ਹੋਵੇਗੀ। ਆਪਣੇ ਜਵਾਬ ਵਿਚ ਜਾਵੇਦ ਅਖ਼ਤਰ ਨੇ ਅੱਗੇ ਕਿਹਾ ਕਿ ਅਹਿਮ ਗੱਲ ਇਹ ਹੈ ਕਿ ਜੋ ਅੱਜਕਲ੍ਹ ਜੋ ਫਿਜ਼ਾ ਐਨੀ ਹੈ, ਉਹ ਘੱਟ ਹੋਣੀ ਚਾਹੀਦੀ ਹੈ। ਅਸੀਂ ਤਾਂ ਮੁੰਬਈ ਦੇ ਲੋਕ ਹਾਂ, ਅਸੀਂ ਵੇਖਿਆ ਹੈ ਕਿਝ ਹਮਲਾ ਹੋਇਆ ਸੀ ਸਾਡੇ ਸ਼ਹਿਰ 'ਤੇ। ਜਿਨ੍ਹਾਂ ਨੇ ਹਮਲਾ ਕੀਤਾ ਉਹ ਨਾਰਵੇ ਤੋਂ ਤਾਂ ਆਏ ਨਹੀਂ ਸੀ, ਨਾ ਹੀ ਅਜਿਪਟ ਤੋਂ ਆਏ ਸੀ। ਉਹ ਲੋਕ ਹੁਣ ਵੀ ਤੁਹਾਡੇ ਮੁਲਕ ਵਿਚ ਘੁੰਮ ਰਹੇ ਹਨ। ਤਾਂ ਇਹ ਸ਼ਿਕਾਇਤ ਜੇਕਰ ਇਕ ਹਿੰਦੋਸਤਾਨੀ ਦੇ ਦਿੱਲ ਵਿਚ ਹੋਵੇ ਤਾਂ ਤੁਹਾਨੂੰ ਬੁਰਾ ਨਹੀਂ ਮੰਨਣਾ ਚਾਹੀਦਾ।

**ਕੰਗਣਾ ਰਣੌਤ ਨੇ ਵਖਰੇਵੇਂ ਭੁੱਲ ਕੇ ਕੀਤੀ ਤਾਰੀਫ਼**

ਜਾਵੇਦ ਅਖ਼ਤਰ ਦੇ ਇਸ ਬਿਆਨ ਦੀ ਕੰਗਣਾ ਰਣੌਤ ਨੇ ਤਾਰੀਫ਼ ਕੀਤੀ ਹੈ। ਅਦਾਕਾਰਾ ਦੇ ਇਸ ਪ੍ਰਤੀਕਰਮ ਤੋਂ ਲੋਕ ਵੀ ਹੈਰਾਨ ਹਨ, ਕਿਉਂਕਿ ਜਾਵੇਦ ਅਖ਼ਤਰ ਨੇ ਉਸ ਦੇ ਖ਼ਿਲਾਫ਼ ਮਾਣਹਾਨੀ ਦਾ ਕੇਸ ਠੋਕਿਆ ਹੋਇਆ ਹੈ। ਜਾਵੇਦ ਅਖ਼ਤਰਦੇ ਇਸ ਬਿਆਨ ਦੀ ਸ਼ਲਾਘਾ ਕਰਦਿਆਂ ਕੰਗਣਾ ਨੇ ਕਿਹਾ, "ਜਦੋਂ ਮੈਂ ਜਾਵੇਦ ਸਾਹਿਬ ਦੀ ਕਵਿਤਾ ਸੁਣਦੀ ਹਾਂ ਤਾਂ ਲਗਦਾ ਸੀ ਕਿ ਕਿੰਝ ਮਾਂ ਸਰਸਵਤੀ ਜੀ ਦੀ ਇਨ੍ਹਾਂ 'ਤੇ ਕਿਰਪਾ ਹੈ, ਪਰ ਵੇਖੋ ਕੁੱਝ ਤਾਂ ਸੱਚਾਈ ਹੁੰਦੀ ਹੈ ਇਨਸਾਨ ਵਿਚ, ਤਾਂ ਹੀ ਤਾਂ ਖੁਦਾਈ ਹੁੰਦੀ ਹੈ, ਉਨ੍ਹਾਂ ਦੇ ਨਾਲ। ਜੈ ਹਿੰਦ। ਘਰ ਵਿਚ ਵੜ ਕੇ ਮਾਰਿਆ।"

ਦੱਸ ਦੇਈਏ ਕਿ ਪਿਛਲੇ ਸਾਲ ਕੰਗਣਾ ਰਣੌਤ ਤੇ ਜਾਵੇਦ ਅਖ਼ਤਰ ਆਪਣੀ ਕਾਨੂੰਨੀ ਲੜਾਈ ਨੂੰ ਲੈ ਕੇ ਸੁਰਖੀਆਂ ਵਿਚ ਰਹੇ ਸਨ। ਅਦਾਕਾਰਾ ਨੇ ਇਕ ਇੰਟਰਵੀਊ ਵਿਚ ਜਾਵੇਦ ਬਾਰੇ ਕੁਮੈਂਟ ਕੀਤਾ ਸੀ, ਜਿਸ ਨੂੰ ਲੈ ਕੇ ਲੇਖਕ ਬੁਰੀ ਤਰ੍ਹਾਂ ਭੜਕ ਗਏ ਸਨ ਤੇ ਕੰਗਣਾ ਦੇ ਖ਼ਿਲਾਫ਼ ਮਾਣਹਾਨੀ ਦਾ ਮੁਕੱਦਮਾ ਕੀਤਾ ਸੀ, ਜਿਸ ਨੂੰ ਲੈ ਕੇ ਦੋਵਾਂ ਨੇ ਕੋਰਟ ਦੇ ਕਈ ਚੱਕਰ ਕੱਟੇ।

# ਪ੍ਰਯੋਗ : 21 ਗ੍ਰਾਮ ਹੁੰਦਾ ਹੈ ਇਨਸਾਨ ਦੀ ਆਤਮਾ ਦਾ ਭਾਰ



**ਨਿਊਯਾਰਕ–** ਅਮਰੀਕਾ ਦੇ ਵਿਗਿਆਨੀ ਡਾ. ਮੈਕਡੋਗਲ ਨੇ ਸਾਲ 1907 'ਚ ਆਤਮਾ ਦਾ ਭਾਰ ਮਾਪਣ ਲਈ ਮ੍ਰਿਤਕ ਲੋਕਾਂ 'ਤੇ ਪ੍ਰਯੋਗ ਕੀਤੇ। ਇਨਸਾਨ ਦੀ ਆਤਮਾ ਦਾ ਭਾਰ ਕਿੰਨਾ ਹੁੰਦਾ ਹੈ, ਇਸ 'ਤੇ ਪ੍ਰਯੋਗ ਕਰਨਾ ਸ਼ੁਰੂ ਕੀਤਾ ਸੀ। ਵਿਗਿਆਨੀ ਨੇ ਕਈ ਮਰਦੇ ਹੋਏ ਲੋਕਾਂ 'ਤੇ ਪ੍ਰਯੋਗ ਕੀਤਾ, ਜਿਸ ਨਾਲ ਕਿ ਆਤਮਾ ਦਾ ਭਾਰ ਮਾਪਿਆ ਜਾ ਸਕੇ। ਇਨ੍ਹਾਂ ਪ੍ਰਯੋਗਾਂ 'ਚ ਉਨ੍ਹਾਂ ਨੇ ਉਨ੍ਹਾਂ ਲੋਕਾਂ ਦਾ ਭਾਰ ਮਾਪਿਆ, ਜਿਨ੍ਹਾਂ ਦੀ ਕੁਝ ਹੀ ਦੇਰ 'ਚ ਮੌਤ ਹੋਣ ਵਾਲੀ ਸੀ, ਉਨ੍ਹਾਂ ਦੇ ਮਰਨ ਤੋਂ ਤੁਰੰਤ ਬਾਅਦ ਇਕ ਵਾਰ ਫਿਰ ਤੋਂ ਉਨ੍ਹਾਂ ਦਾ ਭਾਰ ਮਾਪਿਆ ਜਾਵੇ ਤੇ ਪਤਾ ਲਾਇਆ ਜਾਵੇ ਕਿ ਉਸ ਦੌਰਾਨ ਕਿੰਨਾ ਭਾਰ ਘੱਟ ਹੋਇਆ ਹੈ। ਇਸ ਤੋਂ ਹੀ ਉਹ ਪਤਾ ਲਗਾ ਲੈਂਦੇ ਕਿ ਆਤਮਾ ਦੇ ਜਾਣ ਤੋਂ ਬਾਅਦ ਮ੍ਰਿਤਕ ਵਿਅਕਤੀ ਦੇ ਭਾਰ 'ਚ ਕਿੰਨੀ ਕਮੀ ਆਈ ਹੈ। ਡਾ. ਮੈਕਡੋਗਲ ਨੇ ਪਹਿਲੇ ਪ੍ਰਯੋਗ 'ਚ ਪਾਇਆ ਕਿ ਇਕ ਮਰੀਜ਼ ਦੇ ਮਰਨ ਤੋਂ ਬਾਅਦ ਉਸ ਦਾ 21 ਗ੍ਰਾਮ ਭਾਰ ਘੱਟ ਹੋ ਗਿਆ ਸੀ। ਉੱਥੇ ਹੀ ਦੂਜੇ ਮਰੀਜ਼ ਦਾ ਭਾਰ ਵੀ ਮਰਨ ਤੋਂ ਕੁਝ ਹੀ ਦੇਰ ਬਾਅਦ ਘੱਟ ਹੋ ਗਿਆ ਸੀ।

# ਅਮਿਟ ਯਾਦਾਂ ਛੱਡ ਗਿਆ ਸਰਕਾਰੀ ਪ੍ਰਾਇਮਰੀ ਸਕੂਲ ਬਹਿਦੋਚੱਕ ਬਲਾਕ ਨਰੋਟ ਜੈਮਲ ਸਿੰਘ ਦਾ ਸਲਾਨਾ ਸਮਾਰੋਹ

**ਪਠਾਨਕੋਟ, 24 ਫਰਵਰੀ (ਰਾਜਿੰਦਰ ਸਿੰਘ ਰਾਜਨ)** ਸਰਕਾਰੀ ਪ੍ਰਾਇਮਰੀ ਸਕੂਲ ਬਹਿਦੋਚੱਕ ਬਲਾਕ ਨਰੋਟ ਜੈਮਲ ਸਿੰਘ ਦਾ ਸਲਾਨਾ ਸਮਾਰੋਹ ਆਪਣੀਆਂ ਅਮਿਟ ਪੈੜਾਂ ਛੱਡਦਾ ਹੋਇਆ ਯਾਦਗਾਰੀ ਹੋ ਨਿੱਬੜਿਆ। ਸਮਾਰੋਹ ਦੌਰਾਨ ਵਿਦਿਆਰਥੀਆਂ ਨੇ ਰੰਗਾਂ ਰੰਗ ਪ੍ਰੋਗਰਾਮ, ਗਿੱਧੇ, ਭੰਗੜੇ ਅਤੇ ਕੋਰਿਓਗ੍ਰਾਫੀਆਂ ਨਾਲ





ਮਾਪਿਆਂ ਅਤੇ ਪਤਵੰਤੇ ਸੱਜਣ ਨੂੰ ਪ੍ਰਭਾਵਿਤ ਕਰ ਵਾਹ ਵਾਹ ਲੁੱਟੀ। ਸਕੂਲ ਮੁਖੀ ਜੋਤੀ ਬਾਲਾ ਦੀ ਅਗਵਾਈ ਅਤੇ ਸਕੂਲ ਸਟਾਫ਼ ਦੇ ਸਹਿਯੋਗ ਨਾਲ ਆਯੋਜਿਤ ਇਸ ਸਲਾਨਾ ਸਮਾਰੋਹ ਦੌਰਾਨ ਬੀਪੀਈਓ ਨਰੋਟ ਜੈਮਲ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਸੈਂਟਰ ਹੈਡ ਟੀਚਰ ਅੰਜੂ ਬਾਲਾ, ਐਚਟੀ ਪਿਆਰੀ ਦੇਵੀ ਅਤੇ ਸਰਪੰਚ ਬੋਧ ਰਾਜ ਨੇ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋ ਕੇ ਬੱਚਿਆਂ ਦਾ ਹੌਂਸਲਾ ਵਧਾਇਆ। ਸਮਰੋਹ ਦੌਰਾਨ ਪ੍ਰੀ- ਪ੍ਰਾਇਮਰੀ ਗਰੁੱਪ ਡਾਂਸ, ਨੰਨ੍ਹੇ ਮੁੰਨੇ ਬੱਚਿਆਂ ਵੱਲੋਂ ਕਵਿਤਾਵਾਂ ਦੀ ਪੇਸ਼ਕਾਰੀ, ਪਾਪਾ ਮੇਰੇ ਪਾਪਾ ਗੀਤ ਤੇ ਕੋਰਿਓਗ੍ਰਾਫੀ, ਨੰਨ੍ਹੇ ਮੁੰਨਿਆਂ ਦਾ ਪੰਜਾਬੀ ਡਾਂਸ, ਸੋਸ਼ਲ ਮੀਡੀਆ ਤੇ ਸਪੀਚ ਹਰਿਆਣਵੀ, ਪੰਜਾਬੀ ਅਤੇ ਹਿਮਾਚਲੀ ਡਾਂਸ ਅਤੇ ਭੰਗੜੇ ਨੇ ਮਾਪਿਆਂ ਦੇ ਮਨਾਂ ਨੂੰ ਮੋਹ ਲਿਆ। ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਬੀਪੀਈਓ ਰਿਸ਼ਮਾਂ ਦੇਵੀ ਨੇ ਕਿਹਾ ਕਿ ਅਧਿਆਪਕ ਦਾ ਕਿਰਦਾਰ ਉੱਚਾ ਹੋਣਾ ਚਾਹੀਦਾ ਹੈ। ਅਧਿਆਪਕ ਦੀ ਜ਼ਿੰਮੇਵਾਰੀ ਇਕੱਲਾ ਬੱਚਿਆਂ ਨੂੰ ਪੜ੍ਹਾਉਣਾ ਹੀ ਨਹੀਂ ਹੁੰਦਾ ਸਗੋਂ ਬੱਚਿਆਂ ਦੀ ਪ੍ਰਤਿਭਾ ਦੀ ਪਛਾਣ ਕਰਕੇ ਉਸਨੂੰ ਤਰਾਸ਼ਣਾ ਹੁੰਦਾ ਹੈ, ਤਾਂ ਜੋ ਬੱਚਾ ਜਿਸ ਖੇਤਰ ਵਿੱਚ ਅੱਗੇ ਜਾ ਸਕਦਾ ਹੋਵੇ ਉਸਨੂੰ ਉਸ ਖੇਤਰ ਵਿੱਚ ਅੱਗੇ ਲੈਕੇ ਜਾਇਆ ਜਾ ਸਕੇ। ਉਨ੍ਹਾਂ ਸਕੂਲ ਅਧਿਆਪਕਾਂ ਦੇ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਹੋਰ ਵਧੀਆ ਤੇ ਮਿਹਨਤ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਖੇਡਾਂ ਅਤੇ ਕਲਚਰਲ ਪ੍ਰੋਗਰਾਮਾਂ ਵਿੱਚ ਵੀ ਇਸ ਸਕੂਲ ਦੀ ਪਰਫਾਰਮੈਂਸ ਬਹੁਤ ਕਾਬਿਲੇ ਤਾਰੀਫ਼ ਰਹੀ ਹੈ। ਅਤੇ ਇਹ ਸਭ ਸਟਾਫ਼ ਦੇ ਤੇ ਪਿੰਡ ਦੇ ਆਪਸੀ ਸਹਿਯੋਗ ਕਰਕੇ ਹੀ ਸੰਭਵ ਹੋਇਆ ਹੈ। ਉਨ੍ਹਾਂ ਮਾਪਿਆਂ ਨੂੰ ਸਕੂਲ ਦੀਆਂ ਉਪਲੱਬਧੀਆਂ ਦੇਖਦੇ ਹੋਏ ਆਪਣੇ ਅਤੇ ਆਪਣੇ ਆਲੇ ਦੁਆਲੇ ਦੇ ਬੱਚਿਆਂ ਨੂੰ ਇਸ ਸਕੂਲ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਅਧਿਆਪਕ ਜੋਤੀ ਬਾਲਾ ਨੇ ਆਏ ਹੋਏ ਸਾਰੇ ਮਹਿਮਾਨਾਂ ਅਤੇ ਮਾਪਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਆਂਗਣਵਾੜੀ ਵਰਕਰ ਨਰਿੰਦਰ ਕੌਰ ਆਦਿ ਹਾਜ਼ਰ ਸਨ।



ਕਾਲਮਨਵੀਸ ਮੇਜਰ ਸਿੰਘ ਨਾਭਾ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਰਾਜਵੰਤ ਕੌਰ ਨਾਭਾ ਦੀ 35 ਵੀ ਵਿਆਹ ਵਰ੍ਹੇ ਗੰਢ ਦੀ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈ। ਵਾਹਿਗੁਰੂ ਇਸ ਸੁਭਾਗੀ ਜੋੜੀ ਨੂੰ ਖੁਸ਼ੀਆਂ ਖੇੜੇ ਬਖਸ਼ੇ।

# ਮਾਰਚ—2023 ਵਿਚ ਲਗਾਏ ਜਾਣਗੇ ਮੈਗਾ ਰੋਜਗਾਰ ਮੇਲੇ: ਰੋਜਗਾਰ ਅਫਸਰ



**ਪਠਾਨਕੋਟ, 26 ਜਨਵਰੀ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਵਲੋਂ ਮਾਰਚ—2023 ਦੋਰਾਨ ਰਾਜ ਪੱਧਰ ਤੇ ਹਰ ਜ਼ਿਲੇ ਵਿਚ ਮੈਗਾ ਰੋਜਗਾਰ ਮੇਲੇ ਆਯੋਜਿਤ ਕੀਤੇ ਜਾਣਗੇ। ਇਹ ਜਾਣਕਾਰੀ ਰੋਜਗਾਰ ਅਫਸਰ ਸ੍ਰੀ ਰਮਨ ਵਲੋਂ ਵੱਖ—ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੀਤੀ ਗਈ ਮੀਟਿੰਗ ਦੋਰਾਨ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਮੈਗਾ ਰੋਜ਼ਗਾਰ ਮੇਲੇ ਮਿਤੀ 13 ਮਾਰਚ 2023 ਤੋਂ ਲੈ ਕੇ 18 ਮਾਰਚ 2023 ਦੇ ਵਿੱਚ ਘੱਟੋ—ਘੱਟ ਤਿੰਨ ਮੇਲੇ ਜਿਲ੍ਹਾ ਪਠਾਨਕੋਟ ਵਿਚ ਆਯੋਜਿਤ ਕੀਤੇ ਜਾਣਗੇ। ਇਨ੍ਹਾਂ ਮੈਗਾ ਰੋਜਗਾਰ ਮੇਲਿਆਂ ਦੇ ਪ੍ਰਬੰਧ ਜਿਲ੍ਹਾ ਰੋਜਗਾਰ ਅਫਸਰ ਵਲੋਂ ਜਿਲ੍ਹੇ ਦੇ ਵੱਖ—ਵੱਖ ਵਿੱਦਿਅਕ ਅਤੇ ਤਕਨੀਕੀ ਸੰਸਥਾਵਾਂ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਇਸ ਮੀਟਿੰਗ ਵਿਚ ਜਿਲ੍ਹੇ ਦੇ ਕਾਲਜਾਂ ਦੇ ਪ੍ਰਿੰਸੀਪਲਾਂ ਨਾਲ ਵੀ ਸਲਾਹ ਮਸਵਰਾ ਕੀਤਾ ਗਿਆ ਅਤੇ ਉਨ੍ਹਾਂ ਨਾਲ ਗੱਲਬਾਤ ਕੀਤੀ ਗਈ ਕਿ ਇਹ ਮੈਗਾ ਰੋਜ਼ਗਾਰ ਮੇਲਿਆਂ ਨੂੰ ਸਫਲਤਾ ਪੂਰਵਕ ਨੇਪੜੇ ਚਾੜ੍ਹਨ ਲਈ ਆਪ ਸਭ ਦੇ ਸਹਿਯੋਗ ਦੀ ਲੋੜ ਹੈ। ਜਿਲ੍ਹਾ ਰੋਜਗਾਰ ਦਫਤਰ ਵੱਲੋਂ ਲਗਭਗ 800 ਨੋਕਰੀਆਂ ਇਨ੍ਹਾਂ ਰੋਜਗਾਰ ਮੇਲਿਆਂ ਵਿਚ ਭਰੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਲਈ 76578-25214 ਤੇ ਸੰਪਰਕ ਕੀਤਾ ਜਾਵੇ।

# ਸ਼ਹਿਰੀ ਨੌਜਵਾਨਾਂ ਲਈ ਮੁਫਤ ਰੁਜਗਾਰ ਕਿੱਤਾ ਮੁਖੀ ਹੁਨਰ ਸਿਖਲਾਈ ਕੋਰਸਾਂ ਦੀ ਸ਼ੁਰੂਆਤ: ਏ .ਡੀ .ਸੀ (ਜੀ)

**ਪਠਾਨਕੋਟ, 24 ਫਰਵਰੀ (ਰਾਜਿੰਦਰ ਸਿੰਘ ਰਾਜਨ)** ਜਿਲਾ ਪਠਾਨਕੋਟ ਵਿਖੇ ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋ ਡੈਅ.ਐਨ.ਯੂ.ਐਲ.ਐਮ(ਰਾਸ਼ਟਰੀ ਸ਼ਹਿਰੀ ਆਜੀਵਿਕਾ ਮਿਸ਼ਨ) ਸਕੀਮ ਤਹਿਤ ਜਿਲੇ ਦੇ ਸ਼ਹਿਰੀ ਨੋਜਵਾਨਾਂ ਲਈ ਮੁਫਤ ਰੁਜਗਾਰ ਕਿੱਤਾ ਮੂਖੀ ਹੁਨਰ ਸਿਖਲਾਈ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਸ੍ਰ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜੀ) ਪਠਾਨਕੋਟ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਉਪਰਾਲਾ ਹੈ ਕਿ ਜੋ ਨੋਜਵਾਨ ਬੇਰੋਜਗਾਰ ਹਨ ਉਨ੍ਹਾਂ ਨੂੰ ਅਪਣਾ ਰੁਜਗਾਰ ਖੋਲਣ ਲਈ ਹੁਨਰ ਸਿਖਾਇਆ ਜਾਵੇ ਅਤੇ ਨੋਜਵਾਨ ਅਜਿਹੇ ਕੋਰਸਾਂ ਨੂੰ ਕਰਕੇ ਅਪਣਾ ਸਵੈ ਰੋਜਗਾਰ ਸਥਾਪਿਤ ਕਰ ਸਕਦੇ ਹਨ। ਉਨ੍ਹਾਂ ਨੋਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਕਰਵਾਏ ਜਾ ਰਹੇ ਫ੍ਰੀ ਕੋਰਸ ਤੋਂ ਲਾਭ ਪ੍ਰਾਪਤ ਕਰਨ।

ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਹ ਕੋਰਸ ਸ਼ਹਿਰੀ ਨੋਜਵਾਨਾਂ ਲਈ ਇਕ ਬਹੁਤ ਹੀ ਵਧੀਆ ਰੋਜਗਾਰ ਸਿੱਧ ਹੋਵੇਗਾ। ਇਸ ਸਕੀਮ ਤਹਿਤ ਵੱਖ-ਵੱਖ ਤਰਾਂ ਦੇ ਕੋਰਸ ਜਿਵੇ ਕਿ ਹੈਲਥਕੇਅਰ ਕੁਆਲਿਟੀ ਇਨਸੋਰੈਂਸ ਮੈਂਨੇਜਰ, ਯੋਗਾ ਤੰਦਰੁਸਤੀ ਟ੍ਰੇਨਰ , ਮਰੀਜ਼ ਸਬੰਧ ਐਸੋਸੀਏਟਸ, ਟੰਗਸਟਨ ਇਨਰਟ ਗੈਸ ਵੈਲਡਰ, ਸਕੂਲ ਵਿੱਚ ਆਈਟੀ ਕੋਆਰਡੀਨੇਟਰ, ਵੈੱਬ ਡਿਵੈਲਪਰ, ਮੋਬਾਈਲ ਮੁਰੰਮਤ, ਆਈ.ਟੀ ਹੈਲਪਡੈਸਕ ਅਟੈਂਡੈਂਟ, ਬਿਊਟੀ ਥੈਰੇਪਿਸਟ, ਸੀਸੀ-ਟੀਵੀ-ਇੰਸਟਾਲੇਸ਼ਨ ਟੈਕਨੀਸ਼ੀਅਨ, ਗਾਹਕ ਦੇਖਭਾਲ ਕਾਰਜਕਾਰੀ, ਮੇਕਅੱਪ, ਸੋਲਰ ਪੈਨਲ ਇੰਸਟਾਲੇਸ਼ਨ ਟੈਕਨੀਸ਼ੀਅਨ, ਸਹਾਇਕ ਇਲੈਕਟ੍ਰੀਸ਼ੀਅਨ ਆਦਿ ਸਾਮਲ ਹਨ ਅਤੇ ਇਨ੍ਹਾਂ ਕੋਰਸਾਂ ਅਧੀਨ 4 ਮਹੀਨਿਆਂ ਦੀ ਮੁਫਤ ਸਿਖਲਾਈ ਦਿੱਤੀ ਜਾਣੀ ਹੈ। ਸਿਖਲਾਈ ਦੇ ਨਾਲ ਹੀ ਬੇਸਿਕ ਕੰਪਿਊਟਰ, ਸਾਫਟ ਸਕਿੱਲ ਆਦਿ ਵੀ ਸਿਖਾਇਆ ਜਾਣਾ ਹੈ।



ਉਨਾਂ ਦੱਸਿਆ ਕਿ ਟਰੇਨਿੰਗ ਵਿਚ ਭਾਗ ਲੈਣ ਵਾਲੇ ਪ੍ਰਾਰਥੀਆਂ ਨੂੰ ਵਰਦੀਆਂ, ਕਿਤਾਬਾਂ ਮੁਫਤ ਦਿੱਤੀਆਂ ਜਾਣਗੀਆਂ। ਟਰੇਨਿੰਗ ਤੋ ਬਾਅਦ ਪ੍ਰਾਰਥੀਆਂ ਨੂੰ ਸਰਕਾਰ ਵੱਲੋ ਸਰਟੀਫਿਕੇਟ ਅਤੇ ਰੋਜਗਾਰ ਅਤੇ ਸਵੈ ਰੋਜਗਾਰ ਦੇ ਅਵਸਰ ਵੀ ਮੁਹੱਈਆ ਕਰਵਾਏ ਜਾਣਗੇ।ਕੋਈ ਵੀ ਚਾਹਵਾਨ ਪ੍ਰਾਰਥੀ ਜਿਲਾਂ ਰੋਜਗਾਰ ਦਫਤਰ ਕਮਰਾ ਨੰ;352, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਲਿਕਪੁਰ ਵਿੱਚ ਆ ਕੇ ਸੰਪਰਕ ਕਰ ਸਕਦਾ ਹੈ।

# ਜੰਗਲੀ ਜੀਵ ਸੁਰੱਖਿਆ ਅਤੇ ਵਣ ਹੇਠਲਾ ਰਕਬਾ ਵਧਾਉਂਣ ਲਈ ਵਣ ਮੰਡਲ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਕੀਤਾ ਜਾਗਰੂਕਤਾ ਪ੍ਰੋਗਰਾਮ

**ਪਠਾਨਕੋਟ: 25 ਫਰਵਰੀ (ਰਾਜਿੰਦਰ ਸਿੰਘ ਰਾਜਨ)** ਵਣ ਜੀਵ ਅਤੇ ਜੰਗਲ ਸਾਡੀ ਸਮਪੱਤੀ ਹਨ ਅਤੇ ਸਾਡੀ ਜਿੰਦਗੀ ਨੂੰ ਜੀਵਨ ਪ੍ਰਦਾਨ ਕਰਦੇ ਹਨ ਸਾਨੂੰ ਇਹਨ੍ਹਾਂ ਦੀ ਰੱਖਿਆ ਲਈ ਅੱਗੇ ਆਉਂਣਾ ਚਾਹੀਦਾ ਹੈ ਜਿਆਦਾ ਤੋਂ ਜਿਆਦਾ ਜੰਗਲ ਲਗਾਈਏ ਅਤੇ ਧਰਤੀ ਦੀ ਰੱਖਿਆ ਲਈ ਯੋਗਦਾਨ ਪਾਈਏ, ਜੰਗਲ ਜਿੱਥੇ ਸਾਨੂੰ ਸਾਫ ਵਾਤਾਵਰਣ ਪ੍ਰਦਾਨ ਕਰਦੇ ਹਨ ਉਸ ਦੇ ਨਾਲ ਹੀ ਧਰਤੀ ਅੰਦਰ ਵਾਟਰ ਲੈਵਲ ਬਣਾਉਂਣ ਵਿੱਚ ਵੀ ਸਹਾਇਕ ਹੁੰਦੇ ਹਨ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਵਾਈਲਡ ਲਾਈਫ ਸੈਂਚਰੀ ਕਥਲੋਰ (ਪਠਾਨਕੋਟ) ਵਿਖੇ ਆਯੋਜਿਤ ਇੱਕ ਵਿਸੇਸ ਵਰਕਸਾਪ ਦੋਰਾਨ ਸੰਬੋਧਤ ਕਰਦਿਆਂ ਕੀਤਾ। ਜਿਕਰਯੋਗ ਹੈ ਕਿ ਅੱਜ ਵਣ ਮੰਡਲ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਜੰਗਲੀ ਜੀਵ ਅਤੇ ਜੰਗਲਾਂ ਦੇ ਪ੍ਰਤੀ ਲੋਕਾਂ ਨੂੰ ਜਾਗਰੁਕ ਕਰਨ ਲਈ ਵਣਮੰਡਲ ਅਫਸਰ ਜੰਗਲੀ ਜੀਵ ਪਠਾਨਕੋਟ ਸ੍ਰੀ ਪਰਮਜੀਤ ਸਿੰਘ ਅਤੇ ਵਣ ਮੰਡਲ ਅਫਸਰ ਵਿਸਥਾਰ ਸ੍ਰੀ ਜਰਨੈਲ ਸਿੰਘ ਬਾਠ੍ਹ(ਫਿਲੋਰ ਮੰਡਲ) ਦੀ ਸੰਯੁਕਤ ਪ੍ਰਧਾਨਗੀ ਵਿੱਚ ਇੱਕ ਵਿਸੇਸ ਵਰਕਸਾਪ ਵਾਈਲਡ ਲਾਈਫ ਸੈਂਚਰੀ ਕਥਲੋਰ ਵਿਖੇ ਆਯੋਜਿਤ ਕੀਤੀ ਗਈ , ਜਿਸ ਵਿੱਚ ਵਿਧਾਨ ਸਭਾ ਹਲਕਾ ਭੋਆ ਦੇ ਕਿਸਾਨਾਂ ਅਤੇ ਸਕੂਲੀ ਵਿਦਿਆਰਥੀਆਂ ਵੱਲੋਂ ਵਿਸੇਸ ਤੋਰ ਤੇ ਭਾਗ ਲਿਆ ਗਿਆ।






ਸਮਾਰੋਹ ਦੋਰਾਨ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਸਾਨੂੰ ਵਣ ਸਮਪੱਤੀ ਦੀ ਰੱਖਿਆ ਕਰਨੀ ਚਾਹੀਦੀ ਹੈ ਇਹ ਸਾਡੀ ਜਿਮ੍ਹੇਦਾਰੀ ਵੀ ਬਣਦੀ ਹੈ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਦੇ ਖੇਤਰ ਵਿਧਾਨ ਸਭਾ ਹਲਕਾ ਭੋਆ ਦੇ ਕਥਲੋਰ ਵਿਖੇ ਬਣਾਈ ਵਾਈਲਡ ਲਾਈਫ ਸੈਂਚਰੀ ਮਾਨ ਦੀ ਗੱਲ ਹੈ ਭਵਿੱਖ ਵਿੱਚ ਇਸ ਨੂੰ ਹੋਰ ਵੀ ਵਧੀਆ ਦਿੱਖ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਇੱਕ ਛੋਟੀ ਇਲੈਕਟ੍ਰੀਕਲ ਟ੍ਰੇਨ ਚਲਾਈ ਜਾਵੈਗੀ ਤਾਂ ਜੋ ਇੱਥੇ ਆਉਂਣ ਵਾਲੇ ਵਣ ਪ੍ਰੇਮੀਆਂ ਨੂੰ ਸੈਂਚਰੀ ਅੰਦਰ ਘੁਮਣ ਲਈ ਸੁਵਿਧਾ ਦਿੱਤੀ ਜਾਵੈ।

ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਕਥਲੋਰ ਨੂੰ ਵੱਡੇ ਪੱਧਰ ਤੇ ਦੁਨੀਆਂ ਦੇ ਸਾਹਮਣੇ ਲੈ ਕੇ ਆਉਂਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਇਹ ਵੀ ਯੋਜਨਾ ਬਣਾਈ ਜਾ ਰਹੀ ਹੈ ਕਿ ਸੈਂਚਰੀ ਅੰਦਰ ਹੀ ਇੱਕ ਰੇਸਟ ਹਾਊਸ ਦਾ ਵੀ ਨਿਰਮਾਣ ਕੀਤਾ ਜਾਵੈ। ਉਨ੍ਹਾਂ ਕਿਹਾ ਕਿ ਸੈਂਚਰੀ ਅੰਦਰ ਇੱਕ ਸਮੱਸਿਆ ਕਾਫੀ ਲੰਮੇ ਸਮੇਂ ਤੋਂ ਸੀ ਕਿ ਜੰਗਲ ਦੇ ਆਲੇ ਦੁਆਲੇ ਵਾੜ ਨਾ ਹੋਣ ਕਰਕੇ ਜੰਗਲੀ ਜੀਵ ਬਾਹਰ ਜਾ ਕੇ ਫਸਲਾ ਨੂੰ ਨੁਕਸਾਨ ਪਹੁੰਚਾਉਂਦੇ ਸਨ ਇਸ ਦੇ ਹਲ ਲਈ ਕਰੀਬ 7 ਕਿਲੋਮੀਟਰ ਤਾਰ ਲਗਾਉਂਣ ਲਈ ਵੀ ਮਨਜੂਰੀ ਮਿਲੀ ਸੀ ਸਮਾਨ ਆ ਚੁੱਕਾ ਹੈ ਅਤੇ ਇੱਕ ਦੋ ਦਿਨ ਦੇ ਅੰਦਰ ਇਸ ਤਾਰ ਨੂੰ ਲਗਾਉਂਣ ਦਾ ਕੰਮ ਸੁਰੂ ਕੀਤਾ ਜਾਵੈਗਾ। ਜੰਗਲੀ ਜੀਵਾਂ ਦੀ ਜਾਣਕਾਰੀ ਲਈ ਇੱਕ ਡਿਜੀਟਲ ਗੈਲਰੀ ਬਣਾਈ ਜਾਵੈਗੀ ਜਿਸ ਵਿੱਚ ਹਰੇਕ ਜਾਣਕਾਰੀ ਨੂੰ ਵਿਸਥਾਰ ਪੂਰਵਕ ਦੱਸਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਰਕਾਰ ਦਾ ਉਪਰਾਲਾ ਹੈ ਕਿ ਵਾਤਾਵਰਣ ਦੀ ਸੰਭਾਲ ਕੀਤੀ ਜਾਵੈ ਅਤੇ ਵਣ ਹੇਠਲਾ ਰਕਬਾ ਵਧਾਇਆ ਜਾਵੈ ਦੇ ਅਧੀਨ ਹੀ ਕਿਸਾਨਾਂ ਨੂੰ ਇਸ ਮੋਕੇ ਤੇ ਫਸਲੀ ਵਭਿੰਨਤਾ ਨੂੰ ਪਰਮੋਟ ਕਰਨ ਵਾਲੇ ਅਤੇ ਵਣ ਹੇਠਲਾ ਰਕਬਾ ਵਧਾਉਂਣ ਵਾਲੇ ਕਰੀਬ 14 ਕਿਸਾਨਾਂ ਨੂੰ 4.25 ਲੱਖ ਰੁਪਏ ਦੀਆਂ ਗ੍ਰਾਂਟਾਂ ਵੀ ਸਬਸਿਡੀ ਦੇ ਤੋਰ ਤੇ ਵੰਡੀਆਂ ਗਈਆਂ। ਸਕੂਲ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ ਕੀਤਾ ਗਿਆ। ਇਸ ਮੋਕੇ ਤੇ ਸਰਵਸ੍ਰੀ ਸੂਬੇਦਾਰ ਕੁਲਵੰਤ ਸਿੰਘ, ਖੁਸਬੀਰ ਕਾਟਲ, ਨਰੇਸ ਸੈਣੀ , ਅਸਵਨੀ ਕੁਮਾਰ, ਕਮਲਜੀਤ, ਜੰਗ ਬਹਾਦੁਰ, ਸਿਮਰ, ਗੁਰਵਿੰਦਰ ਸਿੰਘ, ਮਨਵੀਰ ਅਤੇ ਵਿਸੇਸ ਤੋਰ ਤੇ ਪਹੁੰਚੇ ਜੰਗਲੀ ਜੀਵ ਅਧਿਕਾਰੀ ਦੀਪਕ ਕਪੂਰ, ਗੁਰਵਿੰਦਰ ਸਿੰਘ, ਸਚਿਨਦੀਪ , ਅਭਿਆਸ ਸੈਣੀ, ਅਮਨਦੀਪ ਅਤੇ ਹੋਰ ਅਧਿਕਾਰੀ ਵੀ ਹਾਜਰ ਸਨ।

# ਅਜਨਾਲਾ ਝੜਪ ਨੇ ਪੰਜਾਬ 'ਚ ਦਹਿਸ਼ਤ ਦਾ ਮਾਹੌਲ ਸਿਰਜਿਆ

## ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਪੁਲਸ ਤੋਂ ਮੰਗੀ ਰਿਪੋਰਟ

**ਵਿਸ਼ੇਸ ਰਿਪੋਰਟ : ਜੇ. ਸਿੰਘ 'ਭਡਿਆਰ'**

ਬੀਤੇ ਦਿਨੀਂ ਅਜਨਾਲੇ ਵਾਪਰੀ ਹਿੰਸਕ ਘਟਨਾ ਨੇ ਪੰਜਾਬ ਸਰਕਾਰ ਤੋਂ ਇਲਾਵਾ ਆਮ ਪੰਜਾਬੀਆਂ ਨੂੰ ਵੀ ਚਿੰਤਾ ਵਿਚ ਡੋਬ ਦਿੱਤਾ ਹੈ। ਇਸ ਸੰਬੰਧੀ ਕੇਂਦਰ ਸਰਕਾਰ ਵੱਲੋਂ ਸਖ਼ਤੀ ਦਿਖਾਈ ਗਈ ਹੈ। ਕੇਂਦਰ ਦੇ ਗ੍ਰਹਿ ਮੰਤਰਾਲੇ ਨੇ ਅਜਨਾਲਾ ਥਾਣੇ 'ਤੇ ਹਮਲੇ ਨੂੰ ਲੈ ਕੇ ਐੱਮ.ਐੱਚ.ਏ. (ਮਿਨੀਸਟਰੀ ਆਫ ਹੋਮ ਅਫੇਅਰ) ਨੇ ਪੰਜਾਬ ਪੁਲਸ ਤੇ ਆਈ.ਬੀ. ਤੋਂ ਮੰਗੀ ਰਿਪੋਰਟ ਮੰਗੀ ਹੈ। ਦੱਸਿਆ ਜਾ ਰਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਦੀਆਂ ਸਰਗਰਮੀਆਂ ਨੂੰ ਲੈ ਕੇ ਗ੍ਰਹਿ ਮੰਤਰਾਲਾ ਸੁਰੱਖਿਆ ਏਜੰਸੀਆਂ ਦੇ ਸੰਪਰਕ ਵਿਚ ਹੈ। ਸੂਤਰਾਂ ਮੁਤਾਬਕ ਆਈ.ਬੀ. ਨੇ ਘਟਨਾਕ੍ਰਮ ਦੇ ਸੰਬੰਧ ਵਿਚ ਇਕ ਵਿਸਥਾਰਿਤ ਰਿਪੋਰਟ ਤਿਆਰ ਕਰਕੇ ਕੇਂਦਰੀ ਗ੍ਰਹਿ ਮੰਤਰਾਲਾ ਦੇ ਉੱਚ ਅਧਿਕਾਰੀਆਂ ਨੂੰ ਸੌਂਪੀ ਹੈ।

ਇਸ ਸੰਬੰਧੀ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਢਾਲ ਬਣਾ ਕੇ ਥਾਣਿਆਂ ਤੱਕ ਲੈ ਕੇ ਜਾਣ ਵਾਲੇ ਕਿਸੇ ਵੀ ਪੱਖ ਤੋਂ ਪੰਜਾਬ ਅਤੇ ਪੰਜਾਬੀਅਤ ਦੇ 'ਵਾਰਿਸ ' ਅਖਵਾਉਣ ਦੇ ਕਾਬਿਲ ਨਹੀਂ ਹੋ ਸਕਦੇ। ਮਾਨ ਨੇ ਇਹ ਹਮਲਾ ਸਿੱਧੇ ਤੌਰ 'ਤੇ ਅੰਮ੍ਰਿਤਪਾਲ ਸਿੰਘ 'ਤੇ ਬੋਲਿਆ ਹੈ। ਮਾਨ ਨੇ ਸਾਫ ਆਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆੜ ਵਿਚ ਅਜਨਾਲਾ ਥਾਣੇ 'ਤੇ ਹਮਲਾ ਬੋਲਿਆ ਹੈ ਅਤੇ ਜਿਹੜਾ ਗੁਰੂ ਸਾਹਿਬ ਨੂੰ ਢਾਲ ਬਣਾ ਕੇ ਅਜਿਹੀ ਕਾਰਵਾਈ ਨੂੰ ਅੰਜਾਮ ਦਿੰਦਾ ਹੈ ਉਹ ਪੰਜਾਬ ਦਾ ਵਾਰਿਸ ਨਹੀਂ ਹੋ ਸਕਦਾ।



### ਕੀ ਹੈ ਮਾਮਲਾ

ਬੀਤੇ ਦਿਨੀਂ ਅਜਨਾਲਾ ਪੁਲਸ ਵਲੋਂ 'ਵਾਰਿਸ ਪੰਜਾਬ ਦੇ' ਜਥੇਬ-ਦੀ ਦੇ ਲਵਪ੍ਰੀਤ ਸਿੰਘ ਤੂਫਾਨ ਨੂੰ ਗ੍ਰਿਫ਼ਤਾਰ ਕੀਤਾ ਸੀ। ਜਿਸ ਦੇ ਵਿਰੋਧ ਵਿਚ ਅੰਮ੍ਰਿਤਪਾਲ ਸਿੰਘ ਵਲੋਂ ਅਜਨਾਲਾ ਥਾਣੇ ਦਾ ਸਮਰਥਕਾਂ ਸਮੇਤ ਘਿਰਾਓ ਕੀਤਾ ਗਿਆ, ਇਸ ਦੌਰਾਨ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਨੇ ਥਾਣੇ 'ਤੇ ਕਬਜ਼ਾ ਵੀ ਕਰ ਲਿਆ। ਪੁਲਿਸ ਉੱਤੇ ਹਮਲਾ ਕਰਨ ਵਾਲੇ ਲੋਕ ਲਵਪ੍ਰੀਤ ਸਿੰਘ ਤੂਫਾਨ ਦੀ ਗ੍ਰਿਫਤਾਰੀ ਦਾ ਵਿਰੋਧ ਕਰ ਸਨ। ਦੂਜੇ ਪਾਸੇ ਪੁਲਿਸ ਦੇ ਵੱਲੋਂ ਪ੍ਰਦਰਸ਼ਨ ਕਰ ਰਹੇ ਲੋਕਾਂ ਨੂੰ ਰੋਕਣ ਲਈ ਬੈਰੀਕੇਡਿੰਗ ਕੀਤੀ ਗਈ ਸੀ। ਪੁਲਿਸ ਦੇ ਨਾਲ ਝੜਪ ਦੇ ਦੌਰਾਨ 6 ਪੁਲਿਸ ਮੁਲਾਜ਼ਮ ਜ਼ਖਮੀ ਹੋ ਗਏ ਸਨ। ਵਾਰਿਸ ਪੰਜਾਬ ਦੇ ਜਥੇਬੰਦੀ ਦੇ ਵੱਲੋਂ ਪੁਲਿਸ ਨੂੰ ਅਲਟੀਮੇਟਮ ਦਿੱਤਾ ਗਿਆ ਸੀ। ਅੰਮ੍ਰਿਤਪਾਲ ਸਿੰਘ ਵਲੋਂ ਥਾਣੇ ਦੇ ਘਿਰਾਓ ਮੌਕੇ ਪਾਲਕੀ ਸਾਹਿਬ ਨਾਲ ਲੈ ਕੇ ਜਾਣ 'ਤੇ ਚੁਫੇਰਿਓਂ ਉਨ੍ਹਾਂ ਦਾ ਵਿਰੋਧ ਹੋ ਰਿਹਾ ਹੈ। ਇਸ ਸਭ ਦੇ ਦਰਮਿਆਨ ਸ਼ੁੱਕਰਵਾਰ ਨੂੰ ਪੁਲਸ ਵਲੋਂ ਗ੍ਰਿਫ਼ਤਾਰ ਕੀਤੇ ਗਏ ਲਵਪ੍ਰੀਤ ਸਿੰਘ ਤੂਫਾਨ ਨੂੰ ਰਿਹਾਅ ਕਰ ਦਿੱਤਾ ਗਿਆ। ਰਿਹਾਅ ਹੋਣ ਤੋਂ ਬਾਅਦ ਲਵਪ੍ਰੀਤ ਸਿੰਘ ਤੂਫਾਨ ਨੇ ਕਿਹਾ ਕਿ ਸਿੱਖ ਕੌਮ ਨੂੰ ਇਕੱਠੇ ਹੋ ਕੇ ਰਹਿਣ ਦੀ ਲੋੜ ਹੈ। ਤੂਫਾਨ ਨੇ ਕਿਹਾ ਕਿ ਸਿੱਖ ਹੋਣ ਦੇ ਨਾਤੇ ਉਨ੍ਹਾਂ ਦਾ ਪੂਰਾ ਸਤਿਕਾਰ ਕੀਤਾ ਗਿਆ ਹੈ। ਇਸ ਲਈ ਉਹ ਸਾਰੇ ਪੁਲਸ ਅਫਸਰਾਂ ਦਾ ਧੰਨਵਾਦ ਕਰਦੇ ਹਨ।

### ਡੀ. ਜੀ. ਪੀ. ਨੇ ਦਿੱਤੀ ਸੀ ਕਾਰਵਾਈ ਦੀ ਚਿਤਾਵਨੀ

ਅਜਨਾਲਾ ਥਾਣਾ ਝੜਪ 'ਤੇ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਸਖ਼ਤ ਐਕਸ਼ਨ ਲੈਣ ਦੀ ਗੱਲ ਆਖੀ ਸੀ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਡੀ. ਜੀ. ਪੀ. ਨੇ ਕਿਹਾ ਕਿ ਉਨ੍ਹਾਂ ਨੂੰ ਪਹਿਲਾਂ ਸ਼ਾਂਤੀ ਪੂਰਵਰਕ ਪ੍ਰਦਰਸ਼ਨ ਕਰਨ ਦੀ ਗੱਲ ਆਖੀ ਗਈ ਸੀ ਪਰ ਬਾਅਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆੜ ਵਿਚ ਹਿੰਸਕ ਕਾਰਵਾਈ ਕੀਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਨੇ ਪੂਰੀ ਸੂਝ-ਬੂਝ ਤੋਂ ਕੰਮ ਲਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਣ ਮਰਿਆਦਾ ਕਾਇਮ ਰੱਖੀ। ਪੁਲਸ ਮੁਖੀ ਨੇ ਕਿਹਾ ਕਿ ਇਸ ਝੜਪ ਦੌਰਾਨ 6 ਪੁਲਸ ਮੁਲਾਜ਼ਮ ਜ਼ਖਮੀ ਹੋਏ ਹਨ। ਉਨ੍ਹਾਂ ਕਿਹਾ ਕਿ ਪੁਲਸ ਮੁਲਾਜ਼ਮਾਂ ਦੇ ਬਿਆਨ ਦਰਜ ਕਰਕੇ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਡੀ. ਜੀ. ਪੀ. ਨੇ ਕਿਹਾ ਕਿ ਪੁਲਸ ਵਲੋਂ ਘਟਨਾ ਦੀ ਵੀਡੀਓਜ਼ ਵੀ ਦੇਖੀਆਂ ਜਾ ਰਹੀਆਂ ਹਨ, ਜਿਨ੍ਹਾਂ ਤੋਂ ਮੁਲਜ਼ਮਾਂ ਦੀ ਸ਼ਨਾਖਤ ਕੀਤੀ ਜਾਵੇਗੀ।

### ਪੰਥਕ ਜਥੇਬੰਦੀਆਂ ਤੇ ਸਿਆਸਤਦਾਨਾਂ ਵਲੋਂ ਨਿਖੇਧੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦਖਲ ਦੇਣ-ਬੀਬੀ ਜਗੀਰ ਕੌਰ

ਅਜਨਾਲਾ ਥਾਣੇ 'ਤੇ ਕੀਤੇ ਗਏ ਹਮਲੇ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਢਾਲ ਵੱਜੋਂ ਵਰਤੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਇਸ ਵਿਚ ਦਖ਼ਲ ਦੇ ਕੇ ਪ੍ਰਭਾਵੀ ਕਾਰਵਾਈ ਕਰਨ। ਬੀਬੀ ਜਗੀਰ ਕੌਰ ਨੇ ਇੱਥੋਂ ਜਾਰੀ ਕੀਤੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਵੱਲੋਂ ਆਪਣੇ ਸਾਥੀਆਂ ਨੂੰ ਪੁਲਸ ਜ਼ਬਰ ਤੋਂ ਛਡਵਾਉਣ ਲਈ ਸੰਘਰਸ਼ ਕਰਨਾ ਇਕ ਵੱਖਰੀ ਗੱਲ ਹੈ ਪਰ ਇਸ ਕੰਮ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਥਾਣੇ ਲੈ ਕੇ ਜਾਣਾ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਰਸਤਿਆਂ ਵਿਚ ਸਿਰਫ ਨਗਰ ਕੀਰਤਨਾਂ ਦੌਰਾਨ ਹੀ ਲੈ ਕੇ ਜਾਇਆ ਜਾ ਸਕਦਾ ਹੈ ਜਦੋਂ ਸਾਰੇ ਰਸਤੇ ਵਿਚ ਪਾਤਸ਼ਾਹ ਦੇ ਲੰਘਣ ਲਈ ਸਾਫ-ਸਫਾਈ ਕੀਤੀ ਹੋਵੇ ਤੇ ਧਾਰਮਿਕ ਰੁਹ-ਰੀਤਾਂ ਨਾਲ ਪ੍ਰਬੰਧ ਕੀਤੇ ਹੋਣ।

ਉਨ੍ਹਾਂ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਇਸ ਘਟਨਾ ਨੂੰ ਸਾਰੀ ਦੁਨੀਆ ਨੇ ਆਪਣੀਆਂ ਅੱਖਾਂ ਨਾਲ ਦੇਖਿਆ ਹੈ। ਇਹ ਘਟਨਾ ਗੁਰੂ ਸਾਹਿਬ ਜੀ ਦੀ ਬੇਅਦਬੀ ਤੋਂ ਘੱਟ ਨਹੀਂ। ਉਨ੍ਹਾਂ ਕਿਹਾ ਕਿ ਸੰਗਤਾਂ ਦੇ ਛੱਲਣੀ ਹੋਏ ਹਿਰਦਿਆਂ ਨੂੰ ਠਾਰਨ ਲਈ ਇਸ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਸਿੱਖ ਮਰਿਆਦਾ ਨਾਲ ਕਾਰਵਾਈ ਕੀਤੀ ਜਾਵੇ। ਬੀਬੀ ਜਗੀਰ ਕੌਰ ਨੇ ਕਿਹਾ ਕਿ ਦੁਨੀਆ ਭਰ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਹਿਰਦੇ ਵਾਲੂੰਧਰੇ ਗਏ ਹਨ ਜਦੋਂ ਬਿਨ੍ਹਾਂ ਕਿਸੇ ਧਾਰਮਿਕ ਸਮਾਗਮ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਢਾਲ ਵੱਜੋਂ ਵਰਤਿਆ ਗਿਆ ਹੈ। ਇਸ ਘਟਨਾ ਨੇ ਸਿੱਖ ਕੌਮ ਨੂੰ ਧੁਰ ਅੰਦਰੋਂ ਹਿਲਾ ਕੇ ਰੱਖ ਦਿੱਤਾ ਹੈ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੱਖ ਪੰਥ ਨੇ ਅਨੇਕਾਂ ਜੰਗਾਂ-ਯੁੱਧਾਂ ਤੇ ਲਹੂ ਵੀਟਵੇ ਸੰਘਰਸ਼ਾਂ ਵਿਚ ਹਿੱਸਾ ਲੈਣ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰਕੇ ਓਟ ਆਸਰਾ ਲਿਆ ਪਰ ਕਦੇ ਵੀ ਇਸ ਢਾਲ ਦੇ ਰੂਪ ਵਿਚ ਨਹੀਂ ਵਰਤਿਆ। ਇਸ ਘਟਨਾ ਨਾਲ ਸਿੱਖ ਕੌਮ ਨੂੰ ਵੱਡਾ ਸਦਮਾ ਲੱਗਾ ਹੈ। ਗੁਰੂ ਸਾਹਿਬ ਦੀ ਹਾਜ਼ਰੀ ਵਿਚ ਹਿੰਸਾ ਨਹੀਂ ਕਰਨੀ ਚਾਹੀਦੀ ਸੀ ਜਦ ਕਿ ਗੁਰਬਾਣੀ ਸਰਬੱਤ ਦੇ ਭਲੇ ਦਾ ਸੁਨੇਹਾ ਦਿੰਦੀ ਹੈ।

### ਗੁਰੂ ਗ੍ਰੰਥ ਸਾਹਿਬ ਨੂੰ ਕਾਫਲੇ ਦੇ ਰੂਪ 'ਚ ਲੈ ਕੇ ਜਾਣਾ ਬੱਜਰ ਗਲਤੀ-ਢੱਡਰੀਆਂਵਾਲਾ

ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਕਿਹਾ ਕਿ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਅਤੇ ਹੋਰਨਾਂ ਲੋਕਾਂ ਨੇ ਬੀਤੀ ਦਿਨੀਂ ਅਜਨਾਲਾ ਦੇ ਪੁਲਸ ਸਟੇਸ਼ਨ ਅੰਦਰ ਪੰਜ ਪਿਆਰਿਆਂ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੱਡੇ ਕਾਫਲੇ ਦੇ ਰੂਪ 'ਚ ਲੈ ਕੇ ਜਾਣ ਦੀ ਬੱਜਰ ਗਲਤੀ ਕੀਤੀ ਹੈ। ਭਾਈ ਢੱਡਰੀਆਂ ਵਾਲੇ ਨੇ ਕਿਹਾ ਕਿ ਜੇਕਰ ਪੰਜਾਬ ਪੁਲਸ ਦੀ ਥਾਂ 'ਤੇ ਸਰਕਾਰ ਬੇਕਾਬੂ ਭੀੜ ਨੂੰ ਵੇਖਦਿਆਂ ਸੀ. ਆਰ. ਪੀ. ਐੱਫ ਜਾਂ ਕਿਸੇ ਹੋਰ ਬਾਹਰਲੀ ਫੋਰਸ ਨੂੰ ਬੁਲਾ ਲੈਂਦੀ, ਜੋ ਪੰਜਾਬੀ ਭਾਸ਼ਾ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਗਿਆਨ ਨਾ ਰੱਖਦੀ ਹੋਵੇ ਤਾਂ ਕੀ ਗੁਰੂ ਸਾਹਿਬ ਦੀ ਬੇਅਦਬੀ ਨਾ ਹੁੰਦੀ । ਜੇਕਰ ਅਜਿਹਾ ਹੁੰਦਾ ਤਾਂ ਇਸ ਗੱਲ ਦਾ ਜ਼ਿੰਮੇਵਾਰ ਕੌਣ ਹੁੰਦਾ? ਉਨ੍ਹਾਂ ਸਤਿਕਾਰ ਕਮੇਟੀ ਨੂੰ ਸਵਾਲ ਕੀਤਾ ਕਿ ਹੁਣ ਜੇਕਰ ਅਜਿਹਾ ਹੁੰਦਾ ਤਾਂ ਫਿਰ ਕਿਸੇ ਕੋਲ ਇਸ ਗੱਲ ਦਾ ਜਵਾਬ ਸੀ? ਉਨ੍ਹਾਂ ਕੱਲ ਦੀ ਘਟਨਾਂ 'ਤੇ ਪੰਜਾਬ ਪੁਲਸ ਨੂੰ ਸਲੂਟ ਵੀ ਕੀਤਾ ਕਿਉਂਕਿ ਕਿਵੇਂ ਸਾਰੇ ਮੁਲਾਜ਼ਮਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕੀਤਾ ਤੇ ਅਮਨ ਕਾਨੂੰਨ ਨੂੰ ਵੀ ਬਰਕਰਾਰ ਰੱਖਿਆ।

### ਕੈਪਟਨ ਨੇ ਕਾਨੂੰਨ ਵਿਵਸਥਾ ਨੂੰ ਲੈ ਕੇ ਖੜੇ ਕੀਤੇ ਵੱਡੇ ਸਵਾਲ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਜਨਾਲਾ ਵਿਖੇ ਵਾਪਰੀ ਘਟਨਾ ਨੂੰ ਲੈ ਕੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਉਤੇ ਨਿਸ਼ਾਨਾ ਸਾਧਿਆ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਭਿਆਨਕ ਹੈ। ਜੇਕਰ ਭਗਵੰਤ ਮਾਨ ਪੰਜਾਬ ਸਰਕਾਰ ਇਸ ਨੂੰ ਸੰਭਾਲਣ ਦੇ ਸਮਰੱਥ ਨਹੀਂ ਤਾਂ ਭਾਰਤ ਸਰਕਾਰ ਨੂੰ ਜ਼ਿੰਮੇਵਾਰੀ ਲੈਣੀ ਪਵੇਗੀ। ਪੰਜਾਬ ਵਿੱਚ ਹਰ ਰੋਜ਼ ਡਰੋਨ ਫੜੇ ਜਾ ਰਹੇ ਹਨ, ਮੈਨੂੰ ਲੱਗਦਾ ਹੈ ਕਿ ਕੇਂਦਰ ਨੂੰ ਇਸ ਵਿੱਚ ਦਖਲ ਦੇਣਾ ਚਾਹੀਦਾ ਹੈ। ਕੈਪਟਨ ਨੇ ਕਿਹਾ ਜਿਸ ਦਿਨ ਅਜਨਾਲਾ ਵਿੱਚ ਘਟਨਾ ਵਾਪਰੀ, ਉਸ ਦਿਨ ਸੀਐਮ ਮਾਨ ਦਿੱਲੀ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਬੈਠਾ ਸੀ। ਉਹਨਾਂ ਅੰਮ੍ਰਿਤਪਾਲ ਸਿੰਘ ਬਾਰੇ ਵੀ ਗੱਲ ਕਰਦਿਆਂ ਕਿਹਾ ਉਹ ਨੂੰ ਸਰਕਾਰ ਨੂੰ ਚੈਲਿੰਜ ਨਹੀਂ ਕਰਨਾ ਚਾਹੀਦਾ। ਜੇਕਰ ਉਹ ਸਰਕਾਰ ਨੂੰ ਚੈਲਿੰਜ ਕਰੇਗਾ ਇਸ ਨਾਲ ਸੂਬੇ ਦੇ ਹਾਲਾਤ ਹੀ ਖਰਾਬ ਹੋਣਗੇ। ਉਨ੍ਹਾਂ ਕਿਹਾ ਕਿ ਕੋਈ ਨਹੀਂ ਚਾਹੁੰਦਾ ਕਿ ਪੰਜਾਬ 80-90 ਦੇ ਦਹਾਕੇ ਵਾਲੇ ਬਣਨ, ਇਸ ਲਈ ਸੂਬਾ ਸਰਕਾਰ ਨੂੰ ਸਖਤ ਕਦਮ ਚੁੱਕਣੇ ਪੈਣਗੇ।

### ਲੋਕਾਂ ਵਿਚ ਡਰ ਅਤੇ ਸਹਿਮ ਦਾ ਮਾਹੌਲ-ਅਸ਼ਵਨੀ ਸ਼ਰਮਾ

ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਅਜਨਾਲਾ ਵਿਚ ਅੰਮ੍ਰਿਤਪਾਲ ਸਿੰਘ ਵੱਲੋਂ ਆਪਣੇ ਸਮਰਥਕਾਂ ਸਮੇਤ ਥਾਣੇ 'ਤੇ ਕਬਜ਼ਾ ਕਰਨ ਅਤੇ ਹਿੰਸਕ ਝੜਪ ਵਿਚ ਕਈ ਪੁਲਸ ਮੁਲਾਜ਼ਮਾਂ ਦੇ ਜ਼ਖ਼ਮੀ ਹੋਣ ਦੀ ਘਟਨਾ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਜੋ ਵਾਪਰਿਆ ਉਹ ਬਹੁਤ ਹੀ ਮੰਦਭਾਗਾ ਅਤੇ ਲੋਕਤੰਤਰੀ ਪ੍ਰਣਾਲੀ ਲਈ ਚਿੰਤਾ ਦਾ ਵਿਸ਼ਾ ਹੈ। ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਮਰਥਕਾਂ ਵੱਲੋਂ ਜਿਸ ਤਰ੍ਹਾਂ ਥਾਣੇ 'ਤੇ ਹਮਲਾ ਕੀਤਾ ਗਿਆ। ਇਸ ਦੌਰਾਨ ਕਈ ਪੁਲਸ ਮੁਲਾਜ਼ਮ ਜ਼ਖਮੀ ਵੀ ਹੋਏ, ਜਿਸ ਨੂੰ ਲੈ ਕੇ ਉਨ੍ਹਾਂ ਸੂਬੇ ਦੀ ਕਾਨੂੰਨ ਵਿਵਸਥਾ 'ਤੇ ਸਵਾਲ ਖੜ੍ਹੇ ਕੀਤੇ ਹਨ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਨ੍ਹਾਂ ਹਾਲਾਤ ਵਿਚ ਲੋਕਾਂ ਵਿਚ ਡਰ ਅਤੇ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਉਨ੍ਹਾਂ ਨੂੰ ਇਕ ਵਾਰ ਫਿਰ ਕਾਲੇ ਦਿਨਾਂ ਦੀ ਯਾਦ ਤਾਜ਼ਾ ਹੋ ਗਈ ਹੈ। ਇਕ ਪਾਸੇ ਸੂਬਾ ਸਰਕਾਰ ਨਿਵੇਸ਼ ਸੰਮੇਲਨ ਕਰਵਾ ਰਹੀ ਹੈ, ਦੂਜੇ ਪਾਸੇ ਅਮਨ-ਕਾਨੂੰਨ ਦੀ ਸਥਿਤੀ ਵਿਗੜ ਰਹੀ ਹੈ। ਇਨ੍ਹਾਂ ਹਾਲਾਤ ਵਿਚ ਪੰਜਾਬ ਵਿਚ ਕੌਣ ਨਿਵੇਸ਼ ਕਰੇਗਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਮਾਮਲੇ ਸਬੰਧੀ ਕੋਈ ਵਿਵਾਦ ਹੁੰਦਾ ਹੈ ਤਾਂ ਉਸ ਲਈ ਕਾਨੂੰਨੀ ਪ੍ਰਕਿਰਿਆ ਹੁੰਦੀ ਹੈ।

### ਪੰਜਾਬ ਸਰਕਾਰ ਦੀ ਮਿਲੀਭੁਗਤ ਨਾਲ ਵਾਪਰੀ ਘਟਨਾ-ਮਜੀਠੀਆ

ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਸਰਕਾਰ ਦੀ ਸਾਜ਼ਿਸ਼ ਕਰਾਰ ਦਿੱਤਾ ਹੈ, ਉਥੇ ਹੀ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ 'ਤੇ ਵੀ ਵੱਡਾ ਹਮਲਾ ਬੋਲਿਆਹੈ। ਮਜੀਠੀਆ ਨੇ ਕਿਹਾ ਕਿ ਹਿੰਦੁਸਤਾਨ-ਪਾਕਿਸਤਾਨ ਬਾਰਡਰ ਦੇ ਨੇੜੇ ਇਕ ਥਾਣੇ 'ਤੇ ਧਾਵਾ ਬੋਲਣਾ ਅਤੇ ਫਿਰ ਕਬਜ਼ਾ ਕਰਨਾ ਲੈਣਾ ਚਿੰਤਾਜਨਕ ਹੈ। ਮਜੀਠੀਆ ਨੇ ਕਿਹਾ ਕਿ ਪੰਜਾਬ ਦੇ ਜਿਹੜੇ ਹਾਲਾਤ ਬਣ ਰਹੇ ਹਨ, ਇਸ ਨਾਲ ਇੰਡਸਟਰੀ ਨਹੀਂ ਆਵੇਗੀ, ਪੰਜਾਬ ਵਿਚ ਜੰਗਲਰਾਜ ਹੈ। ਪੰਜਾਬ ਵਿਚ ਜਿਹੜੇ ਹਾਲਾਤ ਪੈਦਾ ਕੀਤੇ ਜਾ ਰਹੇ ਹਨ, ਉਹ ਖ਼ਤਰਨਾਕ ਹਨ। 80 ਤੇ 90 ਦੇ ਦਹਾਕੇ ਦਾ ਸਮਾਂ ਮੁੜ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਜੀਠੀਆ ਨੇ ਕਿਹਾ ਕਿ ਪੰਜਾਬ ਲਈ ਇਹ ਚਿੰਤਾ ਦਾ ਵਿਸ਼ਾ ਹੈ ਅਤੇ ਇਸ ਲਈ ਪਾਰਟੀ ਪੱਧਰ ਤੋਂ ਉਪਰ ਉੱਠ ਕੇ ਸੋਚਣ ਦੀ ਲੋੜ ਹੈ, ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਇਨ੍ਹਾਂ ਕੰਮਾਂ ਤੋ ਗੁਰੇਜ਼ ਕਰਨਾ ਪਵੇਗਾ। ਜੋ ਵੀਰਵਾਰ ਨੂੰ ਹੋਇਆ, ਇਹ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਖੇਡਣ ਵਾਲੀ ਗੱਲ ਹੈ, ਜਿਹੜੇ ਪੰਜਾਬ ਨੂੰ ਬਲਦਾ ਦੇਖਣਾ ਚਾਹੁੰਦੇ ਹਨ। ਇਹ ਉਨ੍ਹਾਂ ਲੋਕਾਂ ਦੇ ਮਨਸੂਬੇ ਹਨ ਜਿਹੜੇ ਪੰਜਾਬ ਵਿਚ ਹਿੰਦੂ-ਸਿੱਖ ਏਕਤਾ ਨੂੰ ਢਾਹ ਲਾਉਣਾ ਚਾਹੁੰਦੇ ਹਨ। ਮਜੀਠੀਆ ਨੇ ਕਿਹਾ ਕਿ ਅਜਨਾਲਾ ਥਾਣੇ ਵਿਚ ਹੋਈ ਘਟਨਾ ਲਈ ਪੰਜਾਬ ਸਰਕਾਰ ਜ਼ਿੰਮੇਵਾਰ ਹੈ। ਸਰਕਾਰ ਇਹ ਸਭ ਕਰਵਾ ਰਹੀ ਹੈ। ਸਰਹੱਦੀ ਇਲਾਕੇ ਦੇ ਥਾਣੇ 'ਤੇ ਕਬਜ਼ਾ ਹੋਇਆ ਹੋਵੇ ਅਤੇ ਮੁੱਖ ਮੰਤਰੀ ਨੇ ਇਕ ਬਿਆਨ ਤਕ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਤਾਂ ਸੰਗਤ ਲੈਂਦੀ ਹੈ ਪਰ ਗੁਰੂ ਸਾਹਿਬ ਦੀ ਆੜ ਵਿਚ ਇਹ ਕਰਨਾ ਢੋਂਗ ਹੈ। ਆਪਣੀ ਨਿੱਜੀ ਲੜਾਈ ਨੂੰ ਵਧਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਸਰਾ ਨਹੀਂ ਸਗੋਂ ਆੜ ਲਈ ਗਈ, ਜੇ ਓਟ ਆਸਰਾ ਹੁੰਦਾ ਤਾਂ ਅਰਦਾਸ ਕਰਕੇ ਜਾਂਦੇ ਪਰ ਅਜਿਹਾ ਨਹੀਂ ਕੀਤਾ ਗਿਆ। ਮਜੀਠੀਆ ਨੇ ਕਿਹਾ ਕਿ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਿਜਾਇਆ ਜਾਂਦਾ ਹੈ ਤਾਂ ਸੰਗਤ ਸੜਕਾਂ 'ਤੇ ਫੁੱਲਾਂ ਦੀ ਸੇਜ ਵਿਛਾ ਦਿੰਦੀ ਹੈ, ਸੰਗਤ ਝਾੜੂ ਮਾਰ ਮਾਰ ਕੇ ਗੁਰੂ ਸਾਹਿਬ ਦਾ ਸਵਾਗਤ ਕਰਦੀ ਹੈ ਪਰ ਕੱਲ੍ਹ ਜੋ ਹੋਇਆ ਇਹ ਕਿਸੇ ਬੇਅਦਬੀ ਤੋਂ ਘੱਟ ਨਹੀਂ ਹੈ।

### ਗੁਰੂ ਗ੍ਰੰਥ ਸਾਹਿਬ ਦੀ ਬੀੜ ਥਾਣੇ ਲਿਜਾਣਾ ਕਾਇਰਤਾ-ਰਾਜਾ ਵੜਿੰਗ

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਨੂੰ ਕਾਨੂੰਨੀ ਕਾਰਵਾਈ ਦੇ ਬਿਨਾਂ ਅਜਾਈਂ ਨਹੀਂ ਜਾਣ ਦੇਣਾ ਚਾਹੀਦਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਪੰਜਾਬ ਨੂੰ ਮੁੜ ਹਿੰਸਾ ਦੇ ਕਾਲੇ ਦਿਨਾਂ ਵੱਲ ਧੱਕਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਨਹੀਂ ਚੁਣੀ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਖ਼ਤ ਕਾਰਵਾਈ ਕਰਨ ਦੀ ਅਪੀਲ ਕਰਦਿਆਂ ਕਿਹਾ, "ਅੱਜ ਅਸੀਂ ਜੋ ਕੁਝ ਦੇਖ ਰਹੇ ਹਾਂ ਉਹ ਅਤੀਤ ਦੀ ਯਾਦ ਦਿਵਾਉਂਦਾ ਹੈ ਜਿਸ ਤੋਂ ਹਰ ਪੰਜਾਬੀ ਡਰਿਆ ਹੋਇਆ ਹੈ"। ਵਾਰਿਸ ਪੰਜਾਬ ਦੇ ਆਗੂ ਅੰਮ੍ਰਿਤਪਾਲ ਸਿੰਘ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਨੂੰ ਥਾਣੇ ਲਿਜਾਣ ਦੀ ਨਿਖੇਧੀ ਕਰਦਿਆਂ ਵੜਿੰਗ ਨੇ ਕਿਹਾ ਕਿ ਇਹ ਉਨ੍ਹਾਂ (ਅੰਮ੍ਰਿਤਪਾਲ ਸਿੰਘ) ਦੀ ਕਾਇਰਤਾ ਨੂੰ ਹੀ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ, "ਜੇਕਰ ਤੁਹਾਨੂੰ ਸੱਚਮੁੱਚ ਗੁਰੂ ਵਿਚ ਵਿਸ਼ਵਾਸ ਹੈ, ਤਾਂ ਤੁਹਾਨੂੰ ਪੁਲਸ ਨਾਲ ਲੜਣ ਲਈ ਥਾਣੇ ਲਿਜਾਣ ਦੀ ਲੋੜ ਨਹੀਂ ਹੈ"।

### ਅਜਨਾਲਾ ਦੀ ਘਟਨਾ ਪੁਲਸ ਦੇ ਮਨੋਬਲ ਨੂੰ ਕੁਚਲ ਦੇਵੇਗੀ-ਜੂਲੀਓ ਰਿਬੇਰੋ

ਪੰਜਾਬ ਦੇ ਸਾਬਕਾ ਡੀ. ਜੀ. ਪੀ. ਜੂਲੀਓ ਰਿਬੇਰੋ, ਜਿਨ੍ਹਾਂ ਨੇ 1980 ਦੇ ਅੱਤਵਾਦ ਦੇ ਦਿਨਾਂ ਵਿਚ ਫੌਜ ਦੀ ਅਗਵਾਈ ਕੀਤੀ ਸੀ, ਨੇ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਅਤੇ ਪੁਲਸ ਨੇ ਅਜਨਾਲਾ ਥਾਣਾ ਵਿਖੇ 23 ਫਰਵਰੀ ਨੂੰ ਖ਼ਾਲਿ-ਸਤਾਨੀ ਸਮਰਥਕ ਅੰਮ੍ਰਿਤਪਾਲ ਸਿੰਘ ਨੂੰ ਘੇਰਣ ਦਾ ਚੰਗਾ ਮੌਕਾ ਗੁਆ ਦਿੱਤਾ ਹੈ ਅਤੇ ਜਿਸ ਵਿਚ 6 ਦੇ ਕਰੀਬ ਪੁਲਸ ਮੁਲਾਜ਼ਮ ਵੀ ਜ਼ਖ਼ਮੀ ਹਨ। ਇਕ ਨਿੱਜੀ ਚੈਨਲ ਨਾਲ ਗੱਲ ਕਰਦਿਆਂ ਰਿਬੇਰੋ ਨੇ ਕਿਹਾ ਕਿ ਇਹ ਘਟਨਾ ਪੁਲਸ ਦੇ ਮਨੋਬਲ ਨੂੰ ਕੁਚਲ ਦੇਵੇਗੀ ਅਤੇ ਸਿਆਸੀ ਲੀਡਰਸ਼ਿਪ ਲਈ ਇਕ ਮੁਸ਼ਕਲ ਕੰਮ ਛੱਡ ਦੇਵੇਗੀ। ਸਾਬਕਾ ਡੀ. ਜੀ. ਪੀ. ਨੇ ਅਜਨਾਲਾ ਹਿੰਸਾ ਦੀ ਨਿੰਦਾ ਕਰਦਿਆਂ ਕਿਹਾ ਕਿ ਕੀ ਹੋ ਵੀ ਹੋਇਆ ਉਹ ਦੁਖ਼ਦਾਇਕ ਗੱਲ ਹੈ ਅਤੇ ਦੁਸ਼ਮਣ ਦੇਸ਼ ਇਸ ਦਾ ਫਾਇਦਾ ਚੁੱਕ ਸਕਦੇ ਹਨ। ਉਨ੍ਹਾਂ ਆਖਿਆ ਕਿ ਅਜਨਾਲਾ ਵਿਖੇ ਹੋਈ ਝੜਪ ਨੂੰ ਰੋਕਣ ਲਈ ਪੰਜਾਬ ਸਰਕਾਰ ਤੇ ਪੰਜਾਬ ਪੁਲਸ ਨੇ ਜੋ ਫ਼ੈਸਲਾ ਲਿਆ, ਉਸ ਤੋਂ ਕੁਝ ਸਪੱਸ਼ਟ ਨਹੀਂ ਹੋ ਰਿਹਾ ਕਿ ਉਨ੍ਹਾਂ ਨੇ ਅਜਿਹਾ ਕਿਉਂ ਕੀਤਾ ਪਰ ਕੱਟੜਪੰਥੀਆਂ ਦੀਆਂ ਅਜਿਹੀਆਂ ਮੰਗਾਂ ਮੰਨਣਾ ਬਹੁਤ ਖ਼ਤਰਨਾਕ ਹੈ। ਉਨ੍ਹਾਂ ਕਿਹਾ ਕਿ ਅਜਨਾਲਾ ਹਿੰਸਾ ਨੂੰ ਲੈ ਕੇ ਹੁਣ ਤੱਕ ਪੁਲਸ ਵੱਲੋਂ ਕੋਈ ਐੱਫ. ਆਈ. ਆਰ. ਨਹੀਂ ਦਰਜ ਕੀਤੀ ਗਈ ਪਰ ਇਸਦੇ ਪਿੱਛੇ ਦੀ ਕਾਰਨ ਹੈ, ਇਸ ਨੂੰ ਸਮਝਣਾ ਔਖਾ ਹੈ। ਜੂਲੀਓ ਰਿਬੇਰੋ ਨੇ ਕਿਹਾ ਕਿ ਇਸ ਮਾਮਲੇ ਵਿਚ ਐੱਫ਼. ਆਈ. ਆਰ. ਦਰਜ ਨਾ ਕਰਨ ਦਾ ਕਾਰਨ ਜੇਕਰ ਸਿਆਸੀ ਹੈ ਤਾਂ ਇਹ ਗ਼ਲਤ ਹੈ ਪਰ ਸਰਕਾਰ ਸ਼ਾਇਦ ਅਜਿਹਾ ਤਾਂ ਕਰ ਰਹੀ ਹੈ ਤਾਂ ਜੋ ਸਿੱਖ ਭਾਵਨਾਵਾਂ ਨੂੰ ਸ਼ਾਂਤ ਜਾਂ ਉਨ੍ਹਾਂ ਨੂੰ ਕਾਬੂ ਕਰ ਸਕਣ। ਸਾਬਕਾ ਡੀ. ਜੀ. ਪੀ. ਨੇ ਕਿਹਾ ਕਿ ਮੈਂ ਪੜ੍ਹਿਆ ਹੈ ਕਿ ਇਸ ਝੜਪ ਦੌਰਾਨ ਅਜਨਾਲਾ ਵਿਖੇ 600 ਕਰੀਬ ਪੁਲਸ ਮੁਲਾਜ਼ਮ ਹਾਜ਼ਰ ਸਨ ਪਰ ਜੇਕਰ ਉੱਥੇ 100 ਮੁਲਾਜ਼ਮ ਵੀ ਹੁੰਦੇ ਤਾਂ ਉਨ੍ਹਾਂ ਨੂੰ ਭੀੜ 'ਤੇ ਕਾਬੂ ਪਾਉਣ ਦੇ ਯੋਗ ਹੋਣਾ ਸੀ ਪਰ ਉਨ੍ਹਾਂ ਨੂੰ ਕੋਈ ਸਪੱਸ਼ਟ ਹਦਾਇਤਾਂ ਦਿੱਤੀਆਂ ਹੋਣੀਆਂ ਚਾਹੀਦੀਆਂ ਸਨ। ਜੇਕਰ ਉਨ੍ਹਾਂ ਨੂੰ ਸਪੱਸ਼ਟ ਹਦਾਇਤਾਂ ਨਹੀਂ ਦਿੱਤੀਆਂ ਗਈਆਂ ਤਾਂ ਜੋ ਕੁਝ ਵੀ ਵਾਪਰਿਆਂ ਉਹ ਹੋਣਾ ਲਾਜ਼ਮੀ ਸੀ। ਅਜਿਹਾ ਹੋਣ ਨਾਲ ਪੁਲਸ ਦਾ ਮਨੋਬਲ ਡਿੱਗੇਗਾ ਅਤੇ ਹਿੰਸਾ ਭੜਕਾਉਣ ਵਾਲੇ ਲੋਕਾਂ ਨੂੰ ਹੋਰ ਹੌਂਸਲਾ ਮਿਲੇਗਾ।

### ਸਿੱਖ ਵਿਦਵਾਨਾਂ ਦੀ ਸਬ ਕਮੇਟੀ ਗਠਿਤ-ਜਥੇਦਾਰ ਅਕਾਲ ਤਖ਼ਤ

ਅਜਨਾਲਾ ਵਿਖੇ ਪਿਛਲੇ ਦਿਨੀਂ ਵਾਪਰੀ ਘਟਨਾ ਨੂੰ ਧਿਆਨ ਵਿਚ ਰੱਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਰੋਸ ਮੁਜ਼ਾਹਰਿਆਂ, ਧਰਨਿਆਂ ਅਤੇ ਕਬਜ਼ੇ ਵਾਲੇ ਸਥਾਨਾਂ 'ਤੇ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਨਾਲ ਗੁਰੂ ਸਾਹਿਬ ਜੀ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਣ ਦਾ ਖਦਸ਼ਾ ਹੋਵੇ, ਉਨ੍ਹਾਂ ਸਥਾਨਾਂ 'ਤੇ ਗੁਰੂ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਸੁਭਾਇਮਾਨ ਕਰਨ ਸਬੰਧੀ ਵਿਚਾਰ ਕਰਨ ਲਈ ਸਬ-ਕਮੇਟੀ ਗਠਿਤ ਕੀਤੀ ਗਈ ਹੈ। ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕਿਹਾ ਕਿ ਰੋਸ ਮੁਜ਼ਾਹਰਿਆਂ, ਧਰਨਿਆਂ ਅਤੇ ਕਬਜ਼ੇ ਵਾਲੇ ਸਥਾਨਾਂ 'ਤੇ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਨਾਲ ਗੁਰੂ ਸਾਹਿਬ ਜੀ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਣ ਦਾ ਖਦਸ਼ਾ ਹੋਵੇ ਉਥੇ ਗੁਰੂ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਸੁਭਾਇਮਾਨ ਕਰਨ ਸਬੰਧੀ ਵਿਚਾਰ ਕਰਨ ਲਈ ਸਮੂਹ ਸਿੱਖ ਸੰਪ੍ਰਦਾਵਾਂ, ਸਿੱਖ ਜਥੇਬੰਦੀਆਂ ਤੇ ਸਿੱਖ ਵਿਦਵਾਨਾਂ ਦੇ ਅਧਾਰ 'ਤੇ ਸਬ ਕਮੇਟੀ ਗਠਿਤ ਕੀਤੀ ਗਈ ਹੈ। ਇਹ ਕਮੇਟੀ 15 ਦਿਨਾਂ ਦੇ ਅੰਦਰ-ਅੰਦਰ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜੇਗੀ ਜਿਸ ਨੂੰ ਵਿਚਾਰ ਕੇ ਪੰਜ ਸਿੰਘ ਸਾਹਿਬਾਨ ਵੱਲੋਂ ਅੰਤਿਮ ਫ਼ੈਸਲਾ ਲਿਆ ਜਾਵੇਗਾ।

# ਅਗਨੀਵੀਰ ਫੌਜ ਭਰਤੀ ਲਈ ਔਨਲਾਈਨ ਰਜਿਸਟਰੇਸ਼ਨ 16 ਫਰਵਰੀ ਤੋਂ ਸ਼ੁਰੂ ਹੋ ਕੇ 15 ਮਾਰਚ 2023 ਤੱਕ ਚੱਲੇਗੀ

**ਪਠਾਨਕੋਟ, 26 ਫ਼ਰਵਰੀ (ਰਾਜਿੰਦਰ ਸਿੰਘ ਰਾਜਨ)** ਅਗਨੀਵੀਰ ਫੌਜ ਭਰਤੀ ਲਈ ਔਨਲਾਈਨ ਰਜਿਸਟਰੇਸ਼ਨ 16 ਫਰਵਰੀ ਤੋਂ ਸ਼ੁਰੂ ਹੋ ਕੇ 15 ਮਾਰਚ 2023 ਤੱਕ ਚੱਲੇਗੀ। ਅਗਨੀਵੀਰ ਵਜੋਂ ਭਾਰਤੀ ਫੌਜ ਵਿਚ ਭਰਤੀ ਹੋਣ ਦੇ ਚਾਹਵਾਨ ਸਾਰੇ ਇਛੁੱਕ ਉਮੀਦਵਾਰ ਭਾਰਤੀ ਫੌਜ ਦੀ ਅਧਿਕਾਰਤ ਵੈੱਬਸਾਈਟ ".ਜੌਨਿਨਦਿਅਨਅਰਮੇ.ਨਿਚ਼ਿ.ਨ 'ਤੇ ਔਨਲਾਈਨ ਅਰਜ਼ੀ ਦੇ ਸਕਦੇ ਹਨ।




ਇਸ ਭਰਤੀ ਲਈ ਅੰਮ੍ਰਿਤਸਰ, ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਦੇ ਉਮੀਦਵਾਰਾਂ ਤੋਂ ਬਿਨੈ ਪੱਤਰ ਮੰਗੇ ਜਾ ਰਹੇ ਹਨ। ਲੋੜੀਂਦੀ ਸਿੱਖਿਆ ਯੋਗਤਾ ਵਾਲੇ 01 ਅਕਤੂਬਰ, 2002 ਤੋਂ 01 ਅਪ੍ਰੈਲ, 2006 (ਦੋਵੇਂ ਮਿਤੀਆਂ ਸਣੇ) ਦਰਮਿਆਨ ਪੈਦਾ ਹੋਏ ਸਾਰੇ ਅਣਵਿਆਹੇ ਯੋਗ ਪੁਰਸ਼/ਮਹਿਲਾ ਉਮੀਦਵਾਰ ਅਗਨੀਵੀਰ (ਜਨਰਲ ਡਿਊਟੀ, ਅਗਨੀਵੀਰ ਟ੍ਰੇਡਸਮੈਨ (8ਵੀਂ ਅਤੇ 10ਵੀਂ ਪਾਸ), ਅਗਨੀਵੀਰ ਕਲਰਕ/ ਸਟੋਰਕੀਪਰ ਟੈਕਨੀਕਲ, ਅਗਨੀਵੀਰ ਟੈਕਨੀਕਲ (ਸਾਰਿਆਂ ਵਿੱਚ), ਅਗਨੀਵੀਰ ਜਨਰਲ ਡਿਊਟੀ (ਮਹਿਲਾ ਮਿਲਟਰੀ ਪੁਲਿਸ) ਵਰਗਾਂ ਲਈ ਅਰਜ਼ੀ ਦੇ ਸਕਦੇ ਹਨ। ਯੋਗ ਪੁਰਸ਼ ਉਮੀਦਵਾਰਾਂ ਤੋਂ ਸਿਪਾਹੀ ਟੈਕਨੀਕਲ (ਨਰਸਿੰਗ ਅਸਿਸਟੈਂਟ/ਨਰਸਿੰਗ ਅਸਿਸਟੈਂਟ ਵੈਟਰਨਰੀ) ਅਤੇ ਸਿਪਾਹੀ ਫਾਰਮਾ ਸ਼੍ਰੇਣੀਆਂ ਲਈ ਵੀ ਬਿਨੈ ਪੱਤਰ ਮੰਗੇ ਜਾ ਰਹੇ ਹਨ।

ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੁਣ ਭਾਰਤੀ ਫ਼ੌਜ ਵਿੱਚ ਭਰਤੀ ਲਈ ਪੂਰੀ ਪ੍ਰਕਿਰਿਆ ਵਿੱਚ ਇਸ ਸਾਲ ਤੋਂ ਬਦਲਾਅ ਕੀਤਾ ਗਿਆ ਹੈ। ਇਹ ਭਰਤੀ ਪ੍ਰਕਿਰਿਆ ਹੁਣ ਦੇਸ਼ ਭਰ ਦੇ ਵੱਖ-ਵੱਖ ਕੇਂਦਰਾਂ ਵਿਚ ਇੱਕ ਬਹੁ-ਚੋਣ ਪ੍ਰਸ਼ਨਾਵਲੀ ਦੇ ਫਾਰਮੈਟ ਵਿੱਚ ਇੱਕ ਔਨਲਾਈਨ ਲਿਖਤੀ ਪ੍ਰੀਖਿਆ ਨਾਲ ਸ਼ੁਰੂ ਹੋਵੇਗੀ। ਔਨਲਾਈਨ ਪ੍ਰੀਖਿਆਵਾਂ 17 ਅਪ੍ਰੈਲ ਤੋਂ ਸ਼ੁਰੂ ਹੋਣਗੀਆਂ। ਸਾਰੇ ਸਫਲ ਉਮੀਦਵਾਰਾਂ ਦੀ ਸਰੀਰਕ ਭਰਤੀ ਰੈਲੀ ਪਹਿਲਾਂ ਵਾਂਗ ਹੀ ਹੋਵੇਗੀ। ਰੈਲੀ ਦੇ ਸਥਾਨ ਅਤੇ ਮਿਤੀ ਦੇ ਵੇਰਵਿਆਂ ਦਾ ਐਲਾਨ ਵੱਖਰੇ ਤੌਰ 'ਤੇ ਕੀਤਾ ਜਾਵੇਗਾ।

# 22 ਮਾਰਚ ਸਮਾਗਮ ਨੂੰ ਅੰਤਿਮ ਛੋਹਾਂ, ਖਟਕੜ ਕਲਾਂ ਆਏਗਾ ਲੱਛੂ ਕਬਾੜੀਆ

## ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਖੇੜੇਗਾ ਕਵੀਸ਼ਰੀ ਰੰਗ



**ਬੰਗਾ, (ਰੇਸ਼ਮ ਕਰਨਾਣਵੀ) –** ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ 'ਚ ਹਰ ਸਾਲ ਦੀ ਤਰ੍ਹਾਂ 22 ਮਾਰਚ ਸ਼ਾਮ 7 ਵਜੇ ਖਟਕੜ ਕਲਾਂ ਵਿਖੇ ਹੋਏਗਾ ਯਾਦਗਾਰੀ ਸਮਾਗਮ। ਅੱਜ ਖੁਸ਼ੀ ਰਾਮ ਗੁਣਾਚੌਰ ਦੀ ਪ੍ਰਧਾਨਗੀ ਹੇਠ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੀ ਹੋਈ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ ) ਦੇ ਪ੍ਰਧਾਨ ਅਮੋਲਕ ਸਿੰਘ ਨੇ ਵੀ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ।

ਇਸ ਮੀਟਿੰਗ ਦੀ ਕਾਰਵਾਈ ਪ੍ਰੈਸ ਦੇ ਨਾਂਅ ਜਾਰੀ ਕਰਦਿਆਂ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੇ ਕਨਵੀਨਰ ਤੀਰਥ ਰਸੂਲਪੁਰੀ ਨੇ ਦੱਸਿਆ ਕਿ 22 ਮਾਰਚ ਸ਼ਾਮ 7 ਵਜੇ ਸ਼ੁਰੂ ਹੋ ਰਹੇ ਇਸ ਸਮਾਗਮ ਵਿੱਚ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ, ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਸ਼ਹੀਦੀ ਯਾਦਗਾਰ ਕਮੇਟੀ ਦੇ ਕਨਵੀਨਰ ਤੀਰਥ ਰਸੂਲਪੁਰੀ ਸ਼ਹੀਦਾਂ ਦੇ ਜੀਵਨ ਸੰਗਰਾਮ ਦੀ ਪ੍ਰਸੰਗਿਕਤਾ ਸਬੰਧੀ ਵਿਚਾਰ ਚਰਚਾ ਕਰਨਗੇ। ਇਸ ਮੌਕੇ ਅਦਾਕਾਰ ਮੰਚ ਮੁਹਾਲੀ ਦੇ ਨਿਰਦੇਸ਼ਕ ਡਾ.ਸਾਹਿਬ ਸਿੰਘ ਦੀ ਕਲਮ ਤੋਂ ਲਿਖਿਆ ਬਹੁ - ਚਰਚਿਤ ਅਤੇ ਮਕਬੂਲ ਨਾਟਕ 'ਲੱਛੂ ਕਬਾੜੀਆ' ਖੇਡਿਆ ਜਾਏਗਾ। ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਦੇ ਸਵਰਨ ਧਾਲੀਵਾਲ ਅਤੇ ਸਾਥੀ ਆਪਣੀ ਬੁਲੰਦ ਆਵਾਜ਼ ਵਿੱਚ ਕਵੀਸ਼ਰੀਆਂ ਦਾ ਰੰਗ ਪੇਸ਼ ਕਰਨਗੇ। ਇਸ ਮੌਕੇ ਤੇ ਜਿੱਥੇ ਸਥਾਨਕ ਨਵੀਆਂ ਖਿੜਦੀਆਂ ਕਾਵਿ ਕਿਆਰੀਆਂ ਦੀਆਂ ਕਲੀਆਂ ਦੀਆਂ ਵੰਨ-ਸੁਵੰਨੀਆਂ ਕਲਾ ਕ੍ਰਿਤਾਂ ਪੇਸ਼ ਹੋਣਗੀਆਂ ਓਥੇ ਲੋਕ-ਪੱਖੀ ਕਾਵਿ ਅਤੇ ਗੀਤ ਸੰਗੀਤ ਸਮਾਗਮਾਂ ਦੇ ਮਾਣ ਧਰਮਿੰਦਰ ਮਸਾਣੀ ਅਤੇ ਤਲਵਿੰਦਰ ਸ਼ੇਰਗਿੱਲ ਅਤੇ ਨੂਰ ਕਮਰ ਤਲਵੰਡੀ ਫੱਤੂ ਆਦਿ ਕਵੀਆਂ ਗਾਇਕਾਂ ਦਾ ਰੰਗ ਵੀ ਸਮਾਗਮ ਨੂੰ ਖੂਬਸੂਰਤ ਰੰਗਾਂ ਵਿੱਚ ਰੰਗੇਗਾ। ਮੀਟਿੰਗ 'ਚ ਇਹ ਫੈਸਲਾ ਵੀ ਕੀਤਾ ਗਿਆ ਕਿ ਸਮਾਗਮ ਨੂੰ ਪ੍ਰਭਾਵਸ਼ਾਲੀ ਅਤੇ ਇਕਾਗਰਤਾ ਨਾਲ ਚਲਾਉਣ ਲਈ ਸਮੂਹ ਹਾਜ਼ਰੀਨ ਲਈ ਚਾਹ ਅਤੇ ਖਾਣ ਪੀਣ ਦੀ ਸੇਵਾ ਪੰਡਾਲ ਵਿੱਚ ਬੈਠਿਆਂ ਨੂੰ ਹੀ ਕੀਤੀ ਜਾਏਗੀ।

# ਨਾਥਨ ਲਿਓਨ ਨੇ ਤੋੜਿਆ ਸ਼ੇਨ ਵਾਰਨ ਦਾ ਵਰਲਡ ਰਿਕਾਰਡ, ਏਸ਼ਿਆਈ ਜ਼ਮੀਨ 'ਤੇ ਬਣੇ ਸਭ ਤੋਂ ਖ਼ਤਰਨਾਕ ਗੇਂਦਬਾਜ਼

**ਨਵੀਂ ਦਿੱਲੀ–** ਆਸਟ੍ਰੇਲੀਆ ਦੇ ਤਜਰਬੇਕਾਰ ਆਫ ਸਪਿਨਰ ਨਾਥਨ ਲਿਓਨ ਨੇ ਭਾਰਤ ਖਿਲਾਫ ਤੀਜੇ ਟੈਸਟ ਦੇ ਪਹਿਲੇ ਦਿਨ ਬੁੱਧਵਾਰ ਨੂੰ ਇਤਿਹਾਸ ਰਚ ਦਿੱਤਾ। ਲਿਓਨ ਨੇ ਰਵਿੰਦਰ ਜਡੇਜਾ ਨੂੰ ਆਪਣਾ ਸ਼ਿਕਾਰ ਬਣਾਉਂਦੇ ਹੀ ਏਸ਼ੀਆ 'ਚ ਸਭ ਤੋਂ ਸਫਲ ਵਿਦੇਸ਼ੀ ਗੇਂਦਬਾਜ਼ ਬਣਨ ਦਾ ਵਿਸ਼ਵ ਰਿਕਾਰਡ ਬਣਾ ਲਿਆ। ਨਾਥਨ ਲਿਓਨ ਨੇ ਇਸ ਮਾਮਲੇ 'ਚ ਮਹਾਨ ਸ਼ੇਨ ਵਾਰਨ ਦਾ ਰਿਕਾਰਡ ਤੋੜਿਆ।

ਰਵਿੰਦਰ ਜਡੇਜਾ (4) ਨੂੰ ਮੈਥਿਊ ਕੁਹਨੇਮੈਨ ਨੇ ਸ਼ਾਰਟ ਐਕਸਟਰਾ ਕਵਰ 'ਤੇ ਨਾਥਨ ਲਿਓਨ ਹੱਥੋਂ ਕੈਚ ਕਰਵਾਇਆ। ਇਹ ਏਸ਼ੀਆ ਵਿਚ ਲਿਓਨ ਦੀ 128ਵੀਂ ਵਿਕਟ ਸੀ। ਇਸ ਨਾਲ ਉਸ ਨੇ ਏਸ਼ਿਆਈ ਧਰਤੀ 'ਤੇ 127 ਵਿਕਟਾਂ ਲੈਣ ਵਾਲੇ ਮਹਾਨ ਸ਼ੇਨ ਵਾਰਨ ਦਾ ਵਿਸ਼ਵ ਰਿਕਾਰਡ ਤੋੜ ਦਿੱਤਾ। ਨਾਥਨ ਲਿਓਨ ਨੇ ਜਡੇਜਾ ਤੋਂ ਬਾਅਦ ਕੇਐਸ ਭਰਤ ਨੂੰ ਆਊਟ ਕੀਤਾ ਤੇ ਉਨ੍ਹਾਂ ਦੀਆਂ ਵਿਕਟਾਂ ਦੀ ਗਿਣਤੀ 129 ਤਕ ਪਹੁੰਚ ਗਈ। ਲਿਓਨ ਦੀਆਂ ਵਿਕਟਾਂ ਦੀ ਗਿਣਤੀ ਵਧਣ ਦੀ ਪੂਰੀ ਉਮੀਦ ਹੈ।

ਸਿਰਫ ਦੋ ਵਿਦੇਸ਼ੀ ਗੇਂਦਬਾਜ਼ ਹੀ ਏ-ਸ਼ਿਆਈ ਧਰਤੀ 'ਤੇ ਟੈਸਟ 'ਚ 100 ਜਾਂ ਇਸ ਤੋਂ ਵੱਧ ਵਿਕਟਾਂ ਲੈਣ 'ਚ ਕਾਮਯਾਬ ਰਹੇ ਹਨ। ਨਾਥਨ ਲਿਓਨ ਤੇ ਮਰਹੂਮ ਸ਼ੇਨ ਵਾਰਨ ਹੀ ਏਸ਼ੀਆ ਵਿਚ 100 ਜਾਂ ਇਸ ਤੋਂ ਵੱਧ ਵਿਕਟਾਂ ਲੈਣ ਵਾਲੇ ਦੋ ਗੇਂਦਬਾਜ਼ ਹਨ। ਨਿਊਜ਼ੀਲੈਂਡ ਦੇ ਸਾਬਕਾ ਕਪਤਾਨ ਡੇਨੀਅਲ ਵਿਟੋਰੀ 98 ਵਿਕਟਾਂ ਲੈ ਕੇ ਤੀਜੇ ਸਥਾਨ 'ਤੇ ਰਹੇ ਹਨ। ਦੱਖਣੀ ਅਫਰੀਕਾ ਦੇ ਸਾਬਕਾ ਤੇਜ਼ ਗੇਂਦਬਾਜ਼ ਡੇਲ ਸਟੇਨ 92 ਵਿਕਟਾਂ ਲੈ ਕੇ ਚੌਥੇ ਸਥਾਨ 'ਤੇ ਹਨ।

ਇੰਗਲੈਂਡ ਦੇ ਤਜਰਬੇਕਾਰ ਤੇਜ਼ ਗੇਂਦਬਾਜ਼ ਜੇਮਸ ਐਂਡਰਸਨ ਨੇ 82 ਵਿਕਟਾਂ ਲੈ ਕੇ ਟਾਪ-5 ਦੀ ਸੂਚੀ ਪੂਰੀ ਕੀਤੀ ਹੈ। ਵੈਸਟਇੰਡੀਜ਼ ਦੇ ਸਾਬਕਾ ਦਿੱਗਜ ਤੇਜ਼ ਗੇਂਦਬਾਜ਼ ਕੋਰਟਨੀ ਵਾਲਸ਼ 77 ਵਿਕਟਾਂ ਨਾਲ ਇਸ ਸੂਚੀ ਵਿਚ ਛੇਵੇਂ ਸਥਾਨ 'ਤੇ ਕਾਬਜ਼ ਹਨ।

***

# ਬਰਗਾੜੀ ਮਾਮਲੇ 'ਚ ਪੰਜਾਬ ਤੋਂ ਬਾਹਰ ਹੋਵੇਗੀ ਕੇਸ ਦੀ ਸੁਣਵਾਈ

**ਨਵੀਂ ਦਿੱਲੀ –** ਬਰਗਾੜੀ ਬੇਅਦਬੀ ਮਾਮਲੇ ਵਿਚ ਸੁਪਰੀਮ ਕੋਰਟ ਨੇ ਡੇਰਾ ਪ੍ਰੇਮੀਆਂ ਵੱਲੋਂ ਪਾਈ ਇਕ ਪਟੀਸ਼ਨ 'ਤੇ ਸੁਣਵਾਈ ਕੀਤੀ। ਇਸ ਪਟੀਸ਼ਨ ਵਿਚ ਡੇਰਾ ਪ੍ਰੇਮੀਆਂ ਵੱਲੋਂ ਦੋ ਡੇਰਾ ਪ੍ਰੇਮੀਆਂ ਦੇ ਕਤਲ ਦਾ ਹਵਾਲਾ ਦੇ ਕੇ ਮੰਗ ਕੀਤੀ ਗਈ ਸੀ ਕਿ ਇਸ ਮਾਮਲੇ ਦੀ ਜਾਂਚ ਪੰਜਾਬ ਤੋਂ ਬਾਹਰ ਕਰਵਾਈ ਜਾਵੇ।

ਇਸ ਮੰਗ ਨੂੰ ਮੰਨਦਿਆਂ ਸੁਪਰੀਮ ਕੋਰਅ ਨੇ ਅੱਜ ਆਦੇਸ਼ ਜਾਰੀ ਕੀਤੇ ਹਨ ਕਿ ਬਰਗਾੜੀ ਬੇਅਦਬੀ ਮਾਮਲੇ ਦੀ ਜਾਂਚ ਪੰਜਾਬ ਤੋਂ ਬਾਹਰ ਹੋਵੇਗੀ। ਸੁਪਰੀਮ ਕੋਰਟ ਦੀ ਜਸਟਿਸ ਅਨੁਰਾਧਾ ਬੋਸ ਅਤੇ ਜਸਟਿਸ ਸੁਧਾਂਸ਼ੂ ਧੂਲੀਆ ਦੀ ਬੈਂਚ ਨੇ ਬਰਗਾੜੀ ਕਾਂਡ ਦੇ ਮੁਲਜ਼ਮ ਸ਼ਕਤੀ ਸਿੰਘ ਅਤੇ ਹੋਰਾਂ ਦੀ ਪਟੀਸ਼ਨ 'ਤੇ ਇਹ ਹੁਕਮ ਦਿੱਤਾ ਹੈ। ਜ਼ਿਕਰਯੋਗ ਹੈ ਕਿ 2015 ਵਿਚ ਵਾਪਰੀ ਇਸ ਘਟਨਾ ਦੇ ਇਸ ਮਾਮਲੇ ਵਿਚ ਐਸਆਈਟੀ ਵੱਲੋਂ ਜਾਂਚ ਕੀਤੀ ਜਾ ਰਹੀ ਸੀ। ਦੱਸ ਦੇਈਏ ਕਿ ਬਹਿਬਲ ਗੋਲੀਕਾਂਡ, ਕੋਟਕਪੂਰਾ ਗੋਲੀਕਾਂਡ ਤੇ ਬਰਗਾੜੀ ਬੇਅਦਬੀ ਕੇਸ ਦੀ ਜਾਂਚ ਵੱਖ ਵੱਖ ਐਸਆਈਟੀਜ਼ ਵੱਲੋਂ ਕੀਤੀ ਜਾ ਰਹੀ ਹੈ। ਬੇਅਦਬੀ ਨਾਲ ਸਬੰਧਤ ਤਿੰਨ ਮਾਮਲਿਆਂ ਦੀ ਸੁਣਵਾਈ ਛੇਤੀ ਹੀ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ 'ਚ ਸ਼ੁਰੂ ਹੋਵੇਗੀ। ਸੁਪਰੀਮ ਕੋਰਟ ਨੇ ਡੇਰਾ ਪ੍ਰੇਮੀ ਸੰਨੀ ਵਗੈਰਾ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਇਸ ਦੀ ਮਨਜ਼ੂਰੀ ਦੇ ਦਿੱਤੀ ਹੈ।

# ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਪਹੁੰਚੀਆਂ ਬਾਲੀਵੁੱਡ ਅਦਾਕਾਰਾ ਸ਼ਿਲਪਾ ਸ਼ੈਟੀ ਅਤੇ ਸ਼ਮਿਤਾ



**ਅੰਮ੍ਰਿਤਸਰ–** ਬਾਲੀਵੁੱਡ ਅਦਾਕਾਰਾ ਸ਼ਿਲਪਾ ਸ਼ੈਟੀ ਤੇ ਸ਼ਮਿਤਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁੱਜੀਆਂ। ਉਨ੍ਹਾਂ ਨੇ ਆਪਣੇ ਪਰਿਵਾਰ ਸਮੇਤ ਸ੍ਰੀ ਦਰਬਾਰ ਦੇ ਦਰਸ਼ਨ ਕੀਤੇ। ਜ਼ਿਕਰਯੋਗ ਹੈ ਕਿ ਅਦਾਕਾਰਾ ਸ਼ਿਲਪਾ ਸ਼ੈਟੀ ਸੋਮਵਾਰ ਨੂੰ ਅੰਮ੍ਰਿਤਸਰ ਪਹੁੰਚੀ। ਸ਼ਿਲਪਾ ਸ਼ੈਂਟੀ ਦੇ ਸ੍ਰੀ ਗੁਰੂ ਰਾਮਦਾਸ ਅੰਤਰ-ਰਾਸ਼ਟਰੀ ਹਵਾਈ ਅੱਡੇ 'ਤੇ ਉਤਰਦੇ ਹੀ ਉਨ੍ਹਾਂ ਦੇ ਪ੍ਰਸ਼ੰਸਕ ਹੈਰਾਨ ਸਨ। ਸ਼ਿਲਪਾ ਸ਼ੈਂਟੀ ਨੇ ਉਨ੍ਹਾਂ ਦੀ ਵਧਾਈ ਸਵੀਕਾਰ ਕੀਤੀ। ਸ਼ਿਲਪਾ ਸ਼ੈਂਟੀ ਕੁਝ ਦੇਰ 'ਚ ਵਿਸ਼ਵ ਪ੍ਰਸਿੱਧ ਅਧਿਆਤਮਕ ਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਇਸ ਤੋਂ ਪਹਿਲਾਂ ਸਤੰਬਰ 2017 ਵਿੱਚ ਸ਼ਿਲਪਾ ਸ਼ੈਟੀ ਸ੍ਰੀ ਹਰਿਮੰਦਰ ਸਾਹਿਬ ਆਈ ਸੀ। ਉਨ੍ਹਾਂ ਲੰਗਰ ਭਵਨ ਵਿੱਚ ਸੰਗਤ ਨੂੰ ਪ੍ਰਸ਼ਾਦ ਵੰਡਣ ਦੀ ਸੇਵਾ ਨਿਭਾਈ।

# ਸਿੱਖਿਆ ਵਿਭਾਗ ਵੱਲੋਂ ਸ਼ੁਰੂ ਕੀਤੀ ਗਈ ਦਾਖ਼ਲਾ ਮੁਹਿੰਮ ਮੋਬਾਈਲ ਵੈਨ ਨੂੰ ਦੂਜੇ ਦਿਨ ਹਰੀ ਝੰਡੀ ਦੇ ਕੇ ਕੀਤਾ ਰਵਾਨਾ

**ਪਠਾਨਕੋਟ, 26 ਫ਼ਰਵਰੀ (ਰਾਜਿੰਦਰ ਸਿੰਘ ਰਾਜਨ)** ਜ਼ਿਲ੍ਹਾ ਪਠਾਨਕੋਟ ਦੇ ਸਰਕਾਰੀ ਸਕੂਲ ਵਿੱਚ ਦਾਖਲੇ ਵਧਾਉਣ ਲਈ ਸਿੱਖਿਆ ਵਿਭਾਗ ਪਠਾਨਕੋਟ ਵੱਲੋਂ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਪੰਜਾਬ ਸ. ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਮੋਬਾਇਲ ਵੈਨ ਦਾਖਲਾ ਮੁਹਿੰਮ-2023' ਦੇ ਦੂਜੇ ਦਿਨ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਰਾਜੇਸ਼ ਕੁਮਾਰ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਰਾਜੇਸ਼ਵਰ ਸਲਾਰੀਆ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਸਰਕਾਰੀ ਸਕੂਲ ਬਨੀ ਲੋਧੀ ਤੋਂ ਹਰੀ ਝੰਡੀ ਦੇ ਕੇ ਮੋਬਾਇਲ ਵੈਨ ਨੂੰ ਰਵਾਨਾ ਕੀਤਾ।




ਇਸ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਰਾਜੇਸ਼ ਕੁਮਾਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸੂਬੇ ਦੀ ਸਿੱਖਿਆ ਵਿੱਚ ਗੁਣਾਤਮਿਕ ਸੁਧਾਰ ਅਤੇ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਲਈ ਗੰਭੀਰਤਾ ਨਾਲ ਯਤਨ ਕੀਤੇ ਜਾ ਰਹੇ ਹਨ ਅਤੇ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਪੜ੍ਹਣ ਵਾਲੇ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨੂੰ ਸ਼ਾਨਦਾਰ ਬਣਾਉਣ ਵਾਸਤੇ ਯਤਨਸ਼ੀਲ ਹੈ।

ਉਹਨਾਂ ਕਿਹਾ ਕਿ ਮਾਪਿਆਂ ਦਾ ਸਰਕਾਰੀ ਸਕੂਲਾਂ ਪ੍ਰਤੀ ਵਿਸ਼ਵਾਸ ਬਹਾਲ ਕਰਕੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਾਉਣਾ ਸਰਕਾਰ ਦਾ ਮਿਸ਼ਨ ਹੈ ਜਿਸਦੀ ਪੂਰਤੀ ਵਾਸਤੇ ਦਾਖਲਾ ਮੁਹਿੰਮ-2023' ਦੀ ਸ਼ੁਰੂਆਤ ਕੀਤੀ ਗਈ ਹੈ।



ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੇਸ਼ਵਰ ਸਲਾਰੀਆ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਨੇ ਵੇਰਵੇ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਇਲਾਕਿਆਂ ਵਿੱਚ ਸਿੱਖਿਆ ਵਿਭਾਗ ਵੱਲੋ ਮੋਬਾਇਲ ਵੈਨ ਰਾਹੀਂ ਦਾਖਲਾ ਮੁਹਿੰਮ ਦੇ ਪ੍ਰਚਾਰ-ਪ੍ਰਸਾਰ ਅਤੇ ਲੋਕ ਜਾਗਰੂਕਤਾ ਪੈਦਾ ਕਰਨ ਵਾਸਤੇ ਦੋ ਦਿਨ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ ਜਿਸ ਵਿੱਚ ਮਾਪਿਆਂ ਦੀ ਹਾਜਰੀ ਯਕੀਨੀ ਬਣਾਉਣ ਸਮੇਤ ਮੁਹਿੰਮ ਨੂੰ ਸਫਲ ਬਣਾਉਣ ਵਾਸਤੇ ਵੱਖ ਵੱਖ ਤਰ੍ਹਾਂ ਦੀ ਯੋਜਨਾਬੰਦੀ ਕੀਤੀ ਗਈ ਸੀ। ਅੱਜ ਦਾਖ਼ਲਾ ਮੋਬਾਇਲ ਵੈਨ ਵੱਲੋਂ ਬਨੀ ਲੋਧੀ ਤੋਂ ਸ਼ੁਰੂ ਹੋ ਕੇ ਬਲਾਕ ਪਠਾਨਕੋਟ-2, ਬਲਾਕ ਬਮਿਆਲ ਅਤੇ ਬਲਾਕ ਨਰੋਟ ਜੈਮਲ ਸਿੰਘ ਦੇ ਇਲਾਕੇ ਵਿੱਚ ਮਾਪਿਆਂ ਨੂੰ ਜਾਗਰੂਕ ਕੀਤਾ ਹੈ। ਜ਼ਿਲ੍ਹਾ ਅਧਿਕਾਰੀਆਂ ਨੇ ਉਮੀਦ ਜਤਾਈ ਕਿ ਪੰਜਾਬ ਦੇ ਸਰਕਾਰੀ ਸਕੂਲ ਸਿੱਖਿਆ ਪ੍ਰਬੰਧ ਨੂੰ ਮਜ਼ਬੂਤ ਕਰਨ ਵਾਸਤੇ ਸਮੂਹ ਅਧਿਆਪਕ, ਵਿਭਾਗੀ ਅਧਿਕਾਰੀ ਅਤੇ ਮਾਪੇ ਸਹਿਯੋਗ ਦੇਣਗੇ।

# ਦੁਨੀਆ ਦਾ ਸਭ ਤੋਂ ਵੱਡਾ ਕਬਰਸਤਾਨ ਜਿੱਥੇ ਦਫ਼ਨ ਨੇ 60 ਲੱਖ ਤੋਂ ਵੱਧ ਮ੍ਰਿਤਕ ਸਰੀਰ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਭਗਤ ਕਬੀਰ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਇਕ ਬਹੁਤ ਹੀ ਸੁੰਦਰ ਸ਼ਬਦ ਹੈ ''ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥ ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥57॥ ਪੰਨਾ 1380

ਅਰਥ ਹਨ: ਹੇ ਫਰੀਦ! (ਇਹ ਜੋ ਤੇਰੇ) ਘਰ ਤੇ ਮਹਲ-ਮਾੜੀਆਂ (ਹਨ, ਇਹਨਾਂ ਦੇ) ਇਸ (ਸਿਲਸਿਲੇ) ਵਿਚ ਚਿੱਤ ਨਾਹ ਜੋੜ। (ਮਰਨ ਤੇ ਜਦੋਂ ਕਬਰ ਵਿਚ ਤੇਰੇ ਉੱਤੇ) ਅਤੋਲਵੀਂ ਮਿੱਟੀ ਪਏਗੀ ਤਦੋਂ (ਇਹਨਾਂ ਵਿਚੋਂ) ਕੋਈ ਭੀ ਸਾਥੀ ਨਹੀਂ ਬਣੇਗਾ।

ਬੱਸ ਏਦਾਂ ਹੀ ਨਿਗ੍ਹਾ ਮਾਰ ਰਿਹਾ ਸੀ ਕਿ ਜਾਣਕਾਰੀ ਦੇ ਵਿਚ ਆਇਆ ਕਿ ਦੁਨੀਆ ਦਾ ਸਭ ਤੋਂ ਵੱਡਾ ਕਬਰਸਤਾਨ ਇਸ ਵੇਲੇ ਇਰਾਕ ਦੇ ਵਿਚ ਹੈ। ਇਹ 1485.5 ਏਕੜਾਂ ਦੇ ਵਿਚ ਫੈਲਿਆ ਹੋਇਆ ਹੈ, ਮਤਬਲ ਕਿ ਜੇਕਰ 6 ਕਿਲੋਮੀਟਰ ਦਾ ਘੇਰਾ ਬਗਲ ਲਿਆ ਜਾਵੇ ਤਾਂ 6 ਵਰਗ ਕਿਲੋਮੀਟਰ ਬਣ ਜਾਂਦਾ ਹੈ। ਇਥੇ ਹੁਣ ਤੱਕ 60, ਲੱਖ ਤੋਂ ਵੱਧ ਮ੍ਰਿਤਕ ਲੋਕ ਦਫ਼ਨ ਹੋ ਚੁੱਕੇ ਹਨ ਅਤੇ ਰੋਜ਼ਾਨ 200 ਤੋਂ 250 ਦਾ ਵਾਧਾ ਹੁੰਦਾ ਹੈ।




ਦਰਅਸਲ, ਜਿਸ ਕਬਰਸਤਾਨ ਦੀ ਕਰ ਰਿਹਾ ਹਾਂ, ਇਸਦਾ ਨਾਂਅ 'ਵਾਦੀ-ਅਲ-ਸਲਾਮ' ਹੈ। ਇਹ ਕਬਰਸਤਾਨ ਇਰਾਕ ਦੇ ਨਜਫ ਸ਼ਹਿਰ ਵਿੱਚ ਸਥਿਤ ਹੈ। 1485 ਏਕੜ 'ਚ ਫੈਲੇ ਇਸ ਕਬਰਸਤਾਨ ਨੂੰ 'ਸ਼ਾਂਤੀ ਦੀ ਘਾਟੀ' (ਵੈਲੀ ਆਫ ਪੀਸ) ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਜਿਸ ਨੂੰ ਦੇਖਣ ਲਈ ਵੱਡੀ ਗਿਣਤੀ 'ਚ ਲੋਕ ਆਉਂਦੇ ਹਨ। ਮਨੁੱਖ ਦਰਅਸਲ ਸ਼ਾਂਤ ਹੀ ਉਦੋਂ ਹੁੰਦਾ ਹੈ ਜਦੋਂ ਉਸਦੇ ਅੰਦਰੋਂ ਜੀਵਨ ਜੋਤ ਬੁੱਝ ਜਾਂਦੀ ਹੈ।

ਇੱਥੇ ਸ਼ੀਆ ਇਮਾਮ ਅਤੇ ਚੌਥੇ ਖਲੀਫਾ 'ਇਮਾਮ ਅਲੀ ਇਬਨ ਅਬੀ ਤਾਲਿਬ' ਦੀ ਦਰਗਾਹ ਵੀ ਹੈ। ਇਸ ਕਬਰਸਤਾਨ ਦੀਆਂ ਸਾਰੀਆਂ ਕਬਰਾਂ ਪੱਥਰ ਅਤੇ ਮਿੱਟੀ ਦੀਆਂ ਹੀ ਬਣੀਆਂ ਹਨ, ਇਨ੍ਹਾਂ ਕਬਰਾਂ ਵਿੱਚ ਸੀਮਿੰਟ ਦੀ ਵਰਤੋਂ ਨਹੀਂ ਕੀਤੀ ਗਈ ਹੈ। ਵਾਦੀ-ਅਲ-ਸਲਾਮ ਕਬਰਸਤਾਨ ਬਹੁਤ ਪੁਰਾਣਾ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇੱਥੇ ਲੋਕਾਂ ਨੂੰ ਦਫ਼ਨਾਉਣ ਦਾ ਕੰਮ ਪਿਛਲੇ 1400 ਸਾਲਾਂ ਤੋਂ ਚੱਲ ਰਿਹਾ ਹੈ। ਇਹ ਕਬਰਸਤਾਨ ਸ਼ੀਆ ਮੁਸਲਮਾਨਾਂ ਵਿੱਚ ਬਹੁਤ ਮਸ਼ਹੂਰ ਹੈ। ਕਿਹਾ ਜਾਂਦਾ ਹੈ ਕਿ ਦੁਨੀਆ ਭਰ ਦੇ ਸ਼ੀਆ ਆਪਣੇ ਆਪ ਨੂੰ ਦਫਨਾਉਣ ਲਈ ਇਸ ਜਗ੍ਹਾ ਨੂੰ ਤਰਜੀਹ ਦਿੰਦੇ ਹਨ।

ਦੱਸਿਆ ਜਾਂਦਾ ਹੈ ਕਿ ਇਸ ਕਬਰਸਤਾਨ ਵਿੱਚ ਹਰ ਰੋਜ਼ 200 ਦੇ ਕਰੀਬ ਮ੍ਰਿਤਕਾਂ ਨੂੰ ਦਫ਼ਨਾਇਆ ਜਾਂਦਾ ਹੈ। ਇਸ ਕਬਰਸਤਾਨ ਵਿੱਚ ਇੱਕ ਮਕਬਰਾ ਵੀ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਕਈ ਜੁਝਾਰੂ ਇਸ ਮਕਬਰੇ ਵਿੱਚ ਆਉਂਦੇ ਹਨ ਅਤੇ ਸੁੱਖਣਾ ਮੰਗਦੇ ਹਨ ਕਿ ਜੇਕਰ ਉਹ ਲੜਾਈ ਵਿੱਚ ਮਰ ਜਾਣ ਤਾਂ ਉਨ੍ਹਾਂ ਨੂੰ ਇਸ ਕਬਰਸਤਾਨ ਵਿੱਚ ਦਫ਼ਨਾਇਆ ਜਾਵੇ। ਯੂਨੈਸਕੋ ਨੇ ਇਸ ਕਬਰਸਤਾਨ ਨੂੰ 'ਵਰਲਡ ਹੈਰੀਟੇਜ' ਵਿੱਚ ਸ਼ਾਮਿਲ ਕੀਤਾ ਹੈ।

ਇਸ ਦੇ ਨਾਲ ਹੀ ਇਸ ਦੀ ਲੰਬਾਈ ਲੰਬੀ ਹੋਣ ਕਾਰਨ ਇੱਥੇ ਸੜਕਾਂ ਬਣਾਈਆਂ ਗਈਆਂ ਹਨ, ਜੋ ਕਬਰਾਂ ਦੇ ਵਿਚਕਾਰੋਂ ਹੀ ਲੰਘਦੀਆਂ ਹਨ। ਤਇੱਥੇ ਅਕਸਰ ਭੀੜ ਰਹਿੰਦੀ ਹੈ। ਕਿਸੀ ਨੇ ਠੀਕ ਹੀ ਕਿਹਾ ਹੈ ਕਿ ''ਰੱਬਾ ਤੇਰੇ ਰੰਗ ਨਿਆਰੇ, ਕਿਧਰੇ ਹੋਵਣ ਸੋਹਣੇ ਮਹਿਲ ਮੁਨਾਰੇ, ਕਿੱਧਰੇ ਮਿੱਟੀ ਦੇ ਵਿਚ ਫਿਰ ਦਫ਼ਨ ਸਾਰੇ॥''

## ਅਮਰੀਕਾ ਵਿਚ ਟਰੱਕ ਨੇ ਦੋ ਸਾਈਕਲ ਸਵਾਰਾਂ ਨੂੰ ਕੁੱਚਲਿਆ ਤੇ ਅਨੇਕਾਂ ਹੋਰ ਜ਼ਖਮੀ, ਡਰਾਈਵਰ ਗ੍ਰਿਫ਼ਤਾਰ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਐਰੀਜ਼ੋਨਾ ਰਾਜ ਵਿਚ ਇਕ ਪਿੱਕਅਪ ਟਰੱਕ ਨੇ ਸਾਈਕਲ ਸਵਾਰਾਂ ਦੇ ਇਕ ਗਰੁੱਪ ਵਿਚ ਜਬਰਦਸਤ ਟੱਕਰ ਮਾਰ ਦਿੱਤੀ ਜਿਸ ਦੇ ਸਿੱਟੇ ਵਜੋਂ 2 ਸਾਈਕਲ ਸਵਾਰਾਂ ਦੀ ਮੌਤ ਹੋ ਗਈ ਤੇ 11 ਹੋਰ ਜ਼ਖਮੀ ਹੋ ਗਏ ਜਿਨਾਂ ਵਿਚੋਂ ਕਈਆਂ ਦੀ ਹਾਲਤ ਗੰਭੀਰ ਹੈ। ਟੱਰਕ ਨੂੰ ਪੈਡਰੋ ਕੁਇਨਟਾਨਾ ਲੁਜਾਨ (26 ਸਾਲ) ਨਾਮੀ ਵਿਅਕਤੀ ਚਲਾ ਰਿਹਾ ਸੀ ਜਿਸ ਨੂੰ ਕਤਲ ਤੇ ਹਮਲਾ ਕਰਨ ਸਮੇਤ ਹੋਰ ਕਈ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਹੈ। ਗੁੱਡਈਅਰ ਪੁਲਿਸ ਅਨੁਸਾਰ ਇਹ ਹਾਦਸਾ ਪੱਛਮੀ ਫੋਨਿਕਸ ਵਿਚ ਤਕਰੀਬਨ 19 ਮੀਲ ਦੂਰ ਕਾਟਨ ਲੇਨ ਬ੍ਰਿਜ ਉਪਰ ਵਾਪਰਿਆ। ਪੁਲਿਸ ਦੇ ਬੁਲਾਰੇ ਲੀਸਾ ਬੇਰੀ ਨੇ ਕਿਹਾ ਹੈ ਕਿ ਗ੍ਰਿਫ਼ਤਾਰ ਡਰਾਈਵਰ ਹਾਦਸੇ ਦੀ ਜਾਂਚ ਵਿਚ ਪੂਰਾ ਸਹਿਯੋਗ ਕਰ ਰਿਹਾ ਹੈ। ਉਨਾਂ ਕਿਹਾ ਹੈ ਕਿ ਇਕ ਸਾਈਕਲ ਸਵਾਰ ਔਰਤ ਮੌਕੇ ਉਪਰ ਹੀ ਦਮ ਤੋੜ ਗਈ ਜਦ ਕਿ ਇਕ ਹੋਰ ਦੀ ਹਸਪਤਾਲ ਵਿਚ ਜਾ ਕੇ ਮੌਤ ਹੋ ਗਈ। ਇਨਾਂ ਵਿਚੋਂ ਇਕ ਗੁੱਡਈਅਰ ਦਾ ਵਸਨੀਕ ਸੀ ਜਦ ਕਿ ਦੂਸਰਾ ਹੋਰ ਰਾਜ ਤੋਂ ਆਇਆ ਸੀ। ਪੁਲਿਸ ਨੇ ਮ੍ਰਿਤਕਾਂ ਤੇ ਜ਼ਖਮੀਆਂ ਦੇ ਨਾਂ ਅਜੇ ਜਾਰੀ ਨਹੀਂ ਕੀਤੇ ਹਨ।



## ਅਮਰੀਕਾ ਵਿਚ ਹੈਰੋਇਨ ਤੇ ਕੁਕੀਨ ਸਮੇਤ ਭਾਰੀ ਮਾਤਰਾ ਵਿਚ ਡਰੱਗ ਫੜਿਆ, ਕਈ ਗ੍ਰਿਫ਼ਤਾਰੀਆਂ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਐਰਜ਼ੋਨਾ ਅਧਿਕਾਰੀਆਂ ਨੇ ਡਰੱਗ ਤਸਕਰਾਂ ਨੂੰ ਨਿਸ਼ਾਨਾ ਬਣਾਉਂਦਿਆਂ ਭਾਰੀ ਮਾਤਰਾ ਵਿਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ ਜਿਨਾਂ ਦੀ ਅਨੁਮਾਨਤ ਕੀਮਤ 1.30 ਕਰੋੜ ਡਾਲਰ ਹੈ। ਡਰੱਗ ਇਨਫੋਰਮੈਂਟ ਪ੍ਰਸ਼ਾਸਨ ਅਨੁਸਾਰ ਬਰਾਮਦ ਨਸ਼ੀਲੇ ਪਦਾਰਥਾਂ ਵਿਚ ਭਾਰੀ ਮਾਤਰਾ ਵਿਚ ਹੈਰੋਇਨ, ਕੋਕੀਨ ਤੇ ਫੈਂਟਾਨਾਇਲ ਪਾਊਡਰ ਤੋਂ ਇਲਾਵਾ 45 ਲੱਖ ਤੋਂ ਵਧ ਫੈਂਟਾਨਾਇਲ ਗੋਲੀਆਂ ਤੇ 3100 ਪਾਊਂਡ ਮੈਥੰਫੈਟਾਮਾਈਨ ਸ਼ਾਮਲ ਹੈ। ਡਰੱਗ ਇਨਫੋਰਮੈਂਟ ਪ੍ਰਸ਼ਾਸਨ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਹੁਣ ਤੱਕ 150 ਵਿਅਕਤੀਆਂ ਵਿਰੁੱਧ ਡਰੱਗ ਤਸਕਰੀ ਦੇ ਦੋਸ਼ ਆਇਦ ਕੀਤੇ ਜਾ ਚੁੱਕੇ ਹਨ। ਵੱਡੀ ਮਾਤਰਾ ਵਿਚ ਨਸ਼ੀਲੇ ਪਦਾਰਥਾਂ ਦੀ ਇਹ ਬਰਾਮਦਗੀ ਟੈਂਪੇ ਪੁਲਿਸ ਵਿਭਾਗ ਤੇ ਐਰੀਜ਼ੋਨਾ ਅਟਰਾਨੀ ਜਨਰਲ ਕ੍ਰਿਸ ਮੇਅਸ ਦੇ ਸਹਿਯੋਗ ਨਾਲ ਹੋਈ ਹੈ। ਇਸ ਮਾਮਲੇ ਵਿਚ ਕਈ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਜਿਨਾਂ ਦੇ ਨਾਂ ਜਾਰੀ ਨਹੀਂ ਕੀਤੇ ਹਨ ਕਿਉਂਕਿ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲਾ ਅਜੇ ਜਾਂਚ ਅਧੀਨ ਹੈ ਤੇ ਹੋਰ ਕਈ ਲੋਕਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਵੀ ਸੰਭਾਵਨਾ ਹੈ।



## ਪ੍ਰੀਤਮ ਲੁਧਿਆਣਵੀ ਦੇ ਤੁਰ ਜਾਣ 'ਤੇ...



ਪ੍ਰੀਤਮ ਲੁਧਿਆਣਵੀ ਜੀ ਦੇ ਦੁਨੀਆਂ ਤੋਂ ਤੁਰ ਜਾਣ ਤੇ ਅਚਾਨਕ ਸਦੀਵੀ ਵਿਛੋੜਾ ਦੇ ਜਾਣ ਦੇ ਕਾਰਨ ਪੰਜਾਬ ਦੇ ਹਰ ਇੱਕ ਸਾਹਿਤਕਾਰ ਦੀ ਅੱਖ ਨਮ ਹੈ। ਪ੍ਰੀਤਮ ਲੁਧਿਆਣਵੀ ਵੀਰ ਜੀ ਬਹੁਤ ਹੀ ਚੰਗੇ ਮਿੱਠ ਬੋਲੜੇ ਇਨਸਾਨ ਸਨ। ਪ੍ਰੀਤਮ ਲੁਧਿਆਣਵੀ ਜੀ ਦੇ ਇਸ ਤਰ੍ਹਾਂ ਜਹਾਨ ਤੋਂ ਤੁਰ ਜਾਣ ਦੇ ਨਾਲ ਸਾਹਿਤ ਜਗਤ ਵਿੱਚ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ ਹੈ। ਉਹ ਇੱਕ ਕਵੀ ਦੇ ਨਾਲ -ਨਾਲ ਪੱਤਰਕਾਰ ਵੀ ਸਨ। ਜਿੰਨਾਂ ਨੇ ਅਨੇਕਾਂ ਹੀ ਨਵੀਆਂ ਕਲਮਾਂ ਨੂੰ ਸਾਹਿਤ ਨਾਲ ਜੋੜਿਆ ਅਨੇਕਾਂ ਹੀ ਅਖ਼ਬਾਰਾਂ ਵਿੱਚ ਨਵੇਂ ਲੇਖਕਾ ਬਾਰੇ ਲਿਖ ਕੇ ਉਹਨਾਂ ਨੂੰ ਦੁਨੀਆਂ ਦੇ ਰੂ ਬ ਰੂ ਕਰਵਾਇਆ। ਉਹਨਾਂ ਲੇਖਕਾਂ ਵਿੱਚੋਂ ਇੱਕ ਮੈਂ ਵੀ ਹਾਂ। ਜਿਸਨੂੰ ਪ੍ਰੀਤਮ ਲੁਧਿਆਣਵੀ ਵੀਰ ਜੀ ਨੇ ਦੁਨੀਆਂ ਦੇ ਰੂ ਬ ਰੂ ਕਰਵਾਇਆ। ਕਰੋਨਾ ਕਾਲ( ਲਾਕ ਡਾਊਨ) ਦੌਰਾਨ ਮੇਰਾ ਪ੍ਰੀਤਮ ਲੁਧਿਆਣਵੀ ਵੀਰ ਜੀ ਨਾਲ ਸੰਪਰਕ ਹੋਇਆ। ਉਹ ਹਮੇਸ਼ਾ ਹੀ ਮੈਨੂੰ ਧਾਲੀਵਾਲ ਸਾਬ ਕਹਿ ਕੇ ਬੁਲਾਉਂਦੇ ਸਨ। ਉਹ ਹਮੇਸ਼ਾ ਕਹਿੰਦੇ ਸਨ ਕਿ ਭੈਣ ਤੇਰੇ ਵੀਰ ਨੂੰ ਮਾਣ ਹੈ ਆਪਣੀ ਭੈਣ ਉੱਪਰ। ਮੇਰੀ ਪਲੇਠੀ ਪੁਸਤਕ 'ਵਿਰਸੇ ਦੇ ਚਾਨਣ' ਬਾਰੇ ਪ੍ਰੀਤਮ ਲੁਧਿਆਣਵੀ ਵੀਰ ਜੀ ਨੇ ਕੁੱਝ ਸ਼ਬਦ ਲਿਖੇ। ਜੋ ਕਿ ਉਹਨਾਂ ਦੀ ਹਮੇਸ਼ਾ ਯਾਦ ਦਿਵਾਉਂਦੇ ਰਹਿਣਗੇ। ਇੰਝ ਮਹਿਸੂਸ ਹੋ ਰਿਹਾ ਹੈ ਜਿਵੇਂ ਮੇਰੀ ਕਲਮ ਦੀ ਸਿਆਹੀ ਨੂੰ ਰੰਗ ਦੇਣ ਵਾਲਾ ਹੀ ਕੋਹਾਂ ਦੂਰ ਚਲਾ ਗਿਆ ਹੋਵੇ। ਬੇਸ਼ੱਕ ਅੱਜ ਉਹ ਸਾਡੇ ਤੋਂ ਦੂਰ ਚਲੇ ਗਏ ਪਰ ਉਹਨਾਂ ਦੀਆਂ ਯਾਦਾਂ ਹਮੇਸ਼ਾ ਸਾਡੇ ਲਈ ਪਹਿਲਾਂ ਦੀ ਤਰ੍ਹਾਂ ਹੌਸਲਾ ਅਫਜਾਈ ਬਣ ਕੇ ਜਿਊਂਦੀਆਂ ਰਹਿਣਗੀਆਂ।ਵਾਹਿਗੁਰੂ ਜੀ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਬਖ਼ਸ਼ਣ।

**– ਪ੍ਰੋ. ਗਗਨਦੀਪ ਕੌਰ ਧਾਲੀਵਾਲ**

## ਪੰਜਾਬੀ ਸਾਹਿਤ ਸਭਿਆਚਾਰ, ਗੀਤਕਾਰ ਅਤੇ ਅੰਤਰਰਾਸ਼ਟਰੀ ਪੱਤਰਕਾਰੀ ਦੇ ਥੰਮ ਸ੍ਰੀ ਪ੍ਰੀਤਮ ਲੁਧਿਆਣਵੀ ਜੀ ਨੂੰ ਨਿੱਘੀ ਸ਼ਰਧਾਂਜਲੀ



**ਮੁਹਾਲੀ (ਭੁਪਿੰਦਰ ਸਿੰਘ ਭਾਗੋਮਾਜਰਾ)** ਅੱਜ ਸਥਾਨਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਫੇਜ਼ ਇੱਕ ਵਿਖੇ ਉੱਘੇ ਸਾਹਿਤਕਾਰ, ਗੀਤਕਾਰ ਅਤੇ ਅੰਤਰਰਾਸ਼ਟਰੀ ਪੱਤਰਕਾਰੀ ਦੇ ਥੰਮ ਸ੍ਰੀ ਪ੍ਰੀਤਮ ਲੁਧਿਆਣਵੀ ਜੀ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ। ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ ਦੇ ਬੁਲਾਰੇ ਪਿਆਰਾ ਸਿੰਘ ਰਾਹੀ, ਸਕੱਤਰ ਮਹਿੰਗਾ ਸਿੰਘ ਕਲਸੀ, ਸ਼ਮਸ਼ੇਰ ਸਿੰਘ ਪਾਲ, ਬਲਬੀਰ ਸਿੰਘ ਛਿੱਬਰ, ਡਾਕਟਰ ਪੰਨਾ ਲਾਲ ਮੁਸਤਫਾ-ਬਾਦੀ, ਕਸ਼ਮੀਰ ਘੇਸਲ, ਪ੍ਰਿੰਸੀਪਲ ਬਹਾਦਰ ਸਿੰਘ ਗੋਸਲ, ਭੁਪਿੰਦਰ ਸਿੰਘ ਭਾਗੋਮਾਜਰਾ, ਬਲਬੰਤ ਸਿੰਘ ਸੱਲਣ, ਗੁਰਦਰਸ਼ਨ ਸਿੰਘ ਮਾਵੀ, ਭਗਤ ਰਾਮ ਰਗਾੜਾ ਨਸੀਬ ਸਿੰਘ ਸੇਵਕ ਆਦਿ ਸਾਹਿਤਕਾਰਾਂ ਨੇ ਪ੍ਰੀਤਮ ਲੁਧਿਆਣਵੀ ਜੀ ਨੂੰ ਭਾਵ ਭਿੰਨੀਆ ਸ਼ਰਧਾਂਜਲੀਆਂ ਭੇਟ ਕੀਤੀਆਂ। ਮਹਿੰਗਾ ਸਿੰਘ ਕਲਸੀ ਨੇ ਲੁਧਿਆਣਵੀ ਜੀ ਦੇ ਜਾਣ ਦਾ ਸਾਹਿਤ ਅਤੇ ਸੱਭਿਆਚਾਰ ਦੇ ਨਾਲ ਨਾਲ ਪੰਜਾਬੀ ਜਗਤ ਨੂੰ ਬਹੁਤ ਸਾਰਾ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਪਿਆਰਾ ਸਿੰਘ ਰਾਹੀ ਨੇ ਲੁਧਿਆਣਵੀ ਜੀ ਦੇ ਜਾਣ ਨਾਲ ਸਾਹਿਤਕਾਰ ਠੱਗੇ ਠੱਗੇ ਮਹਿਸੂਸ ਕਰਦੇ ਹਨ। ਪ੍ਰਿੰਸੀਪਲ ਬਹਾਦਰ ਸਿੰਘ ਗੋਸਲ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਲੁਧਿਆਣਵੀ ਜੀ ਨੇ ਨਵੇਂ ਲੇਖਕਾਂ, ਕਲਾਕਾਰਾਂ ਦੀ ਬਾਹ ਫੜੀ ਅਤੇ ਭਵਿੱਖ ਵਿੱਚ ਅੱਗੇ ਤੋਰਿਆ। ਆਖਰ ਵਿੱਚ ਲੁਧਿਆਣਵੀ ਜੀ ਦੇ ਭਰਾ ਬਲਬੰਤ ਸਿੰਘ ਸੱਲਣ ਨੇ ਇਸ ਦੁੱਖ ਦੀ ਘੜੀ ਵਿੱਚ ਆਏ ਰਿਸ਼ਤੇਦਾਰ, ਮਿੱਤਰ ਪ੍ਰੇਮੀਆਂ ਅਤੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਅਤੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।

***ਅਦਾਰਾ 'ਦੇਸ਼ ਦੁਆਬਾ' ਵੱਲੋਂ ਪਰਿਵਾਰ ਅਤੇ ਸਾਹਿਤਕ ਪ੍ਰੇਮੀਆਂ ਨਾਲ ਦਿਲੀ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।***

## ਸਾਡੇ ਸਰਕਾਰੀ ਸਕੂਲ

ਸੁਣੋ ਵੀਰ ਜੀ, ਸੁਣੋ ਭੈਣ ਜੀ,
ਲੱਗੇ ਆਂ ਇੱਕ ਗੱਲ ਕਹਿਣ ਜੀ।
ਪਿੰਡ ਦਾ ਜੋ ਸਕੂਲ ਸਰਕਾਰੀ,
ਇਮਾਰਤ ਇਸਦੀ ਬੜੀ ਪਿਆਰੀ।
ਬੱਚੇ ਆਪਣੇ ਦਾਖਲ ਕਰਵਾਓ,
ਵਧੀਆ ਵਿੱਦਿਆ ਮੁਫ਼ਤ 'ਚ ਪਾਓ।
ਡਰੰਮ ਬੈਂਡ ਨਾਲ ਹੁੰਦੀ ਪੀ.ਟੀ.,
ਚਾਅ ਨਾਲ ਕਰਦੇ ਨੱਥੂ, ਮੀਤੀ।
ਸਵੇਰੇ ਸਵੇਰੇ ਸਲਾਇਡ ਹੈ ਆਉਂਦੀ,
ਵਧੀਆ ਇੱਕ ਵਿਚਾਰ ਸਿਖਾਉਂਦੀ।
ਫਰੀ ਕਿਤਾਬਾਂ, ਫਰੀ ਏ ਵਰਦੀ,
ਕਾਹਤੋਂ ਭੈਣੇ, ਐਵੇਂ ਤੂੰ ਡਰਦੀ।
ਨਾ ਕੋਈ ਫੀਸ 'ਤੇ ਨਾ ਕੋਈ ਖਰਚਾ,
ਸਰਕਾਰੀ ਸਕੂਲਾਂ ਦੀ ਘਰ ਘਰ ਚਰਚਾ।
ਸਮਾਰਟ ਕਲਾਸਾਂ ਨਾਲ ਕੰਪਿਊਟਰ,
ਐਲ.ਈ.ਡੀ., ਟੀ.ਐਲ.ਐਮ., ਕਿਤਾਬਾਂ, ਪ੍ਰੋਜੈਕਟਰ।
ਖੇਡ ਖੇਡ ਵਿੱਚ ਕਰਨ ਪੜ੍ਹਾਈ,
ਬੀਬੇ ਬਾਲ ਨਾ ਕਰਨ ਲੜਾਈ।
ਬਿਮਾਰੀਆਂ ਤੋਂ ਹੁਣ ਕੀ ਘਬਰਾਣਾ,
ਸਕੂਲ 'ਚ ਮਿਲਦਾ ਪੌਸ਼ਕ ਖਾਣਾ।
ਹੁਣ ਨਾ ਕੋਈ ਬਿਮਾਰੀ ਰਹਿੰਦੀ,
ਜਾਂਚ ਡਾਕਟਰੀ ਹੁੰਦੀ ਰਹਿੰਦੀ।
ਦਿਵਿਆਂਗਾਂ ਲਈ ਬਰਾਬਰ ਮੌਕੇ,
ਹੁਣ ਰਹਿੰਦੇ ਆਤਮਵਿਸ਼ਵਾਸੀ ਹੋਕੇ।
ਬਾਲ ਮੇਲੇ 'ਤੇ ਬਾਲ ਸਭਾਵਾਂ,
ਨਿਖੇਰਨ ਬਾਲਾਂ ਦੀਆਂ ਕਲਾਵਾਂ।
ਖੇਡਾਂ, ਗਿੱਧੇ, ਭੰਗੜੇ ਨਾਚ,
ਸਭ ਦੀ ਸਾਨੂੰ ਆ ਗਈ ਜਾਂਚ।
ਅਧਿਆਪਕ ਮਨ ਲਾ ਕੇ ਪੜ੍ਹਾਉਂਦੇ,
ਭੋਰਾ ਵੀ ਨਾ ਜੀਅ ਚੁਰਾਉਂਦੇ।
ਨਾਲ ਪਿਆਰ ਦੇ ਸਭ ਸਮਝਾਉਂਦੇ,
ਜੀਵਨ ਦੀ ਵੀ ਜਾਂਚ ਸਿਖਾਉਂਦੇ।
ਦੱਸਦੇ ਬਹੁਤ ਹੀ ਚੰਗੀਆਂ ਗੱਲਾਂ,
ਬੱਚੇ ਮਾਰਨ ਵੱਡੀਆਂ ਮੱਲਾਂ।
ਤਜ਼ਰਬੇਕਾਰ ਸਟਾਫ ਹੈ ਸਾਰਾ,
ਸਕੂਲ ਅਸਾਡਾ ਸਾਨੂੰ ਪਿਆਰਾ।
ਇਹਨਾਂ ਸਕੂਲਾਂ ਵਿੱਚ ਹੀ ਪੜ੍ਹਕੇ,
ਮਾਸਟਰ, ਡਾਕਟਰ, ਅਫ਼ਸਰ ਬਣਦੇ।
ਸਰਕਾਰੀ ਸਕੂਲਾਂ 'ਤੇ ਵਿਸ਼ਵਾਸ ਜਤਾਓ,
ਆਪਣੇ ਬੱਚੇ ਦਾਖਲ ਕਰਵਾਓ।
ਜੇ ਤੁਸੀਂ ਪਰਿਚਾਣ ਕਰੋਗੇ,
ਸਰਕਾਰੀ ਸਕੂਲਾਂ ਤੇ ਮਾਣ ਕਰੋਗੇ।
ਬੱਚੇ ਆਪਣੇ ਦਾਖਲ ਕਰਵਾਓ,
ਵਧੀਆ ਵਿੱਦਿਆ ਮੁਫ਼ਤ 'ਚ ਪਾਓ।

**ਰੌਕੀ ਸਿੰਘ**
91-94786-80108










# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 5 ਮਾਰਚ 2022 ਦਿਨ ਐਤਵਾਰ ਨੂੰ ਮਨਾਏ ਜਾ ਰਹੇ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ

**ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ 10, 11, 12 ਮਾਰਚ 2023 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 646ਵੇਂ ਪਾਵਨ ਪ੍ਰਕਾਸ਼ ਦਿਹਾੜੇ ਅਤੇ ਵਿਸ਼ਾਲ ਸਲਾਨਾ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ**



## Late Karam Singh Bangar and Family
## Former President & Chairman of Sri Guru Ravidass Sabha Fresno (CA)



ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## ਜੀ ਦਾ 646ਵਾਂ ਗੁਰਪੁਰਬ ਮਿਤੀ 10, 11 ਅਤੇ 12 ਮਾਰਚ 2023 ਨੂੰ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਗੁਰਪੁਰਬ ਦਿਹਾੜਾ ਮਿਤੀ 10, 11 ਅਤੇ 12 ਮਾਰਚ 2023 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ (ਕੈਲੇਫੋਰਨੀਆ) ਵਿਖੇ ਬੜੀ ਸ਼ਰਧਾ, ਪਿਆਰ, ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ ਅਤੇ 12 ਮਾਰਚ 2023 ਨੂੰ 23ਵਾਂ ਮਹਾਨ ਨਗਰ ਕੀਰਤਨ ਵੀ ਕੱਢਿਆ ਜਾ ਰਿਹਾ ਹੈ। ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਸਾਹਿਬਾਨ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ 'ਤੇ ਸੰਪਰਕ ਕਰੋ ਜੀ : 916-992-1710**

## Shri Guru Ravidass Temple, 6221 16th Street, Rio Linda, (CA) 95673

---

ਐਸੀ ਲਾਲ ਤੁਝ ਬਿਨ ਕਾਉਨ ਕਰੈ।। ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।



# ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

## Bansi Lal Bangar & his Family

Former President of
Sri Guru Ravidass Sabha Fresno (CA)



ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ
ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ
ਪ੍ਰਕਾਸ਼ ਦਿਹਾੜਾ 3, 4, 5 ਮਾਰਚ 2023 ਨੂੰ ਮਨਾਏ ਜਾਣ ਦੀਆਂ
ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ

# ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ਵਲੋਂ 7ਵਾਂ ਕੰਨਿਆਦਾਨ ਸਮਾਗਮ






**ਚਰਨਜੀਤ ਸਿੰਘ ਬਿਨਪਾਲਕੇ ਭੋਗਪੁਰ (ਜਲੰਧਰ)**

ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ (ਰਾਜਿ.) ਵਲੋਂ 7ਵਾਂ ਕੰਨਿਆਦਾਨ ਸਮਾਗਮ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 646 ਵੇਂ ਅਤੇ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ 553 ਵੇਂ ਆਗਮਨ ਪੁਰਬ ਨੂੰ ਸਮਰਪਿਤ ਕਰ ਪੰਜ ਲੋੜਵੰਦ ਲੜਕੀਆਂ ਦੇ ਸਮੂਹਿਕ ਆਨੰਦ ਕਾਰਜ ਦੇਸ਼ ਵਿਦੇਸ਼ ਵਿੱਚ ਵਸਦੇ ਸੰਸਥਾ ਦੇ ਮੈਂਬਰਾਂ ਦੇ ਅਤੇ ਸੰਗਤਾਂ ਦੇ ਸਹਿਯੋਗ ਨਾਲ "ਸਨਰਾਈਜ਼ ਕਮਿਊਨਿਟੀ ਸੈਂਟਰ ਰੰਧਾਵਾ ਮਸੰਦਾਂ " ਵਿਖੇ ਕਰਵਾਏ ਗਏ।

ਸਮਾਰੋਹ ਵਿੱਚ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ਰਾਜਿ. ਪੰਜਾਬ ਪ੍ਰਧਾਨ ਸਤਿਕਾਰਯੋਗ ਬੀਰ ਚੰਦ ਸੁਰੀਲਾ ਜੀ, ਸੁਰੇਸ਼ ਕਲੇਰ ਅਤੇ ਉਹਨਾਂ ਦੀ ਪੂਰੀ ਸੰਸਥਾ ਨੂੰ ਮੁਬਾਰਕਾਂ ਦਿੱਤੀਆਂ। ਇਸ ਸਮਾਰੋਹ ਵਿੱਚ ਪਹੁੰਚੀਆਂ ਸ਼ਖ਼ਸੀਅਤਾਂ ਅਤੇ ਦਾਨੀ ਸੱਜਣਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸ਼ੁਭ ਮੌਕੇ ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਹਰਪ੍ਰੀਤ ਕੌਰ ਸੁਪਤਨੀ ਵਿਧਾਇਕ ਸ. ਬਲਕਾਰ ਸਿੰਘ ਹਲਕਾ ਕਰਤਾਰਪੁਰ ਨੇ ਪਿੰਡ ਰੰਧਾਵਾ ਮਸੰਦਾਂ ਵਿਖੇ ਪਹੁੰਚ ਕੇ ਸਮੂਹਿਕ ਵਿਆਹ ਸਮਾਗਮ ਮੌਕੇ ਨਵ-ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ ਅਤੇ ਇਸ ਸ਼ੁਭ ਕਾਰਜ ਮੌਕੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਤਸਵੀਰ ਰੀਲੀਜ਼ ਕੀਤੀ ਗਈ। ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ਰਜਿ. ਯੂ ਏ ਈ ਦੇ ਪ੍ਰਧਾਨ ਸਤਪਾਲ ਮਹੇ, ਸਤਪਾਲ ਵਿਰਦੀ, ਅਸ਼ਵਨੀ ਵਿਰਦੀ, ਹਰੀਸ਼ ਵਿਰਦੀ , ਸੁਰਿੰਦਰ ਪਾਲ ਜਨਾਗਲ, ਸਾਂਈਮਧੂ ਜਲੰਧਰ ਜੀ ਨੇ ਵੀ ਸ਼ਮੂਲੀਅਤ ਕਰਕੇ ਜੋੜੀਆਂ ਨੂੰ ਸ਼ੁਭ ਇਛਾਵਾਂ ਭੇਂਟ ਕੀਤੀਆਂ , ਐਡਵੋਕੇਟ ਜਗਜੀਵਨ ਰਾਮ , ਸਰਪੰਚ ਰਾਜ ਕੁਮਾਰ, ਜਸਵੀਰ ਸਿੰਘ , ਮਦਨ ਸਿੰਘ , ਤਰਸੇਮ ਬੱਧਣ, ਬਲਰਾਜ ਸਿੰਘ , ਪ੍ਰੈਸ ਸਕੱਤਰ ਦਵਿੰਦਰ ਸੁਰੀਲਾ, ਇਜੀ: ਜਗਦੀਪ ਵਾਲੀਆ, ਪ੍ਰਧਾਨ ਪਰਮਜੀਤ ਸਿੰਘ ਮੱਲ , ਗਿਆਨ ਚੰਦ , ਪ੍ਰਿੰਸੀਪਲ ਪਰਮਜੀਤ ਜੱਸਲ, ਸਰਬਜੀਤ ਸਾਬੀ ,ਸੰਜੀਵ ਭਟੀ, ਵੀਰ ਦਵਿੰਦਰ ਵਿਰਦੀ, ਜੇ ਈ ਅਜੀਤ ਸਿੰਘ, ਸੰਜੀਵ ਸਲਾਰਪੁਰ, ਰਾਕੇਸ਼ ਸੁਰੀਲਾ ਜਰਮਨ , ਸਮਾਜ ਸੇਵੀ ਕਮਲ ਸਾਪਲਾਂ, ਸਮਾਜ ਸੇਵੀ ਡਾ. ਪ੍ਰੇਮ ਧਨਾਲ , ਨਿਰਮਲ ਸਿੰਘ ਧੁੱਗਾ, ਡਾ. ਇੰਦਰਜੀਤ ਕੁਮਾਰ, ਵਿਜੈ ਮਹਿਤਪੁਰ, ਬਲਜੀਤ ਸਿੰਘ ਯੂ ਐਸ ਏ , ਬਲਵਿੰਦਰ ਸਿੰਘ ਬਾਹੀਆ ਕਨੇਡਾ ਆਦਿ ਵਿਸ਼ੇਸ਼ ਤੋਰ ਹਾਜ਼ਰ ਸਨ। ਪਹੁੰਚੇ ਹਾਜ਼ਰੀਨ ਨੇ ਪ੍ਰਧਾਨ ਬੀਰ ਚੰਦ ਸੁਰੀਲਾ ਅਤੇ ਉਨ੍ਹਾਂ ਦੀ ਸਾਰੀ ਟੀਮ ਦਾ ਧੰਨਵਾਦ ਕੀਤਾ।



# ਅੰਤਰਰਾਸ਼ਟਰੀ ਮਾਂ ਬੋਲੀ ਦਿਹਾੜੇ 'ਤੇ ਪੰਜਾਬੀ ਬੋਲੀ ਲਈ ਸ਼ਹਿਰ ਵਿੱਚ ਕੀਤਾ ਢੋਲ ਵਜਾ ਕੇ ਮਾਰਚ







**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਅੰਤਰਰਾਸ਼ਟਰੀ ਮਾਂ ਬੋਲੀ ਦਿਹਾੜੇ 'ਤੇ ਕੈਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪੰਜਾਬੀ ਮਾਂ ਬੋਲੀ ਲਈ ਲੋਕ ਜਗਾਵਾਂ ਦਿੱਤੇ ਸੱਦੇ 'ਤੇ ਦੋਆਬਾ ਸਾਹਿਤ ਸਭਾ (ਰਜਿ.), ਦਰਪਣ ਸਾਹਿਤ ਸਭਾ ਸੈਲਾ ਕਲਾਂ ਵਲੋਂ ਜੀਵਨ ਜਾਗਰਿਤੀ ਮੰਚ ਅਤੇ ਡੈਮੋਕਰੈਟਿਕ ਟੀਚਰਜ਼ ਫਰੰਟ ਦੇ ਸਰਗਰਮ ਮੈਂਬਰਾਂ ਵਲੋਂ ਸ਼ਹਿਰ ਵਿੱਚ ਢੋਲ ਵਜਾ ਕੇ ਲੋਕਾਂ ਨੂੰ ਪੰਜਾਬੀ ਬੋਲੀ ਪ੍ਰਤੀ ਜਾਗ੍ਰਿਤ ਕਰਨ ਹਿੱਤ ਮਾਰਚ ਕੀਤਾ ਗਿਆ। ਮਾਰਚ ਕਰਨ ਤੋਂ ਪਹਿਲਾਂ ਸਥਾਨਕ ਬੰਗਾ ਚੌਕ ਵਿੱਚ ਸਥਿਤ ਮੇਜਰ ਸਿੰਘ ਮੌਜੀ ਯਾਦਗਾਰੀ ਲਾਇਬ੍ਰੇਰੀ ਵਿਖੇ ਇਕੱਤਰ ਹੋਏ ਸਾਹਿਤ ਅਤੇ ਮਾਂ ਬੋਲੀ ਪ੍ਰੇਮੀਆਂ ਨੂੰ ਸੰਬੋਧਨ ਕਰਦਿਆਂ ਹੋਇਆਂ, ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਜਨਰਲ ਸਕੱਤਰ ਪ੍ਰੋ.ਸੰਧੂ ਵਰਿਆਣਵੀ ਤੇ ਦੋਆਬਾ ਸਾਹਿਤ ਸਭਾ ਗੜਸ਼ੰਕਰ ਪ੍ਰਧਾਨ ਪਵਨ ਕੁਮਾਰ ਭੰਮੀਆਂ ਨੇ ਕਿਹਾ ਕਿ ਇਹ ਦਿਨ ਮਾਂ ਬੋਲੀ ਪ੍ਰੇਮੀਆਂ ਲਈ ਬਹੁਤ ਮਹੱਤਵਪੂਰਣ ਹੈ। ਜਿੱਥੇ ਸਾਨੂੰ ਹੋਰ ਭਾਸ਼ਾਵਾਂ ਦਾ ਗਿਆਨ ਲੈਣਾ ਚਾਹੀਦਾ ਹੈ, ਉੱਥੇ ਸਾਨੂੰ ਆਪਣੀ ਮਾਤ ਭਾਸ਼ਾ ਨੂੰ ਵੀ ਨਹੀ ਵਿਸਾਰਨਾ ਚਾਹੀਦਾ। ਦੁਨੀਆਂ ਦੇ ਇਤਿਹਾਸ ਵਿੱਚ ਉਨ੍ਹਾਂ ਕੌਮਾਂ ਨੇ ਹੀ ਤਰੱਕੀ ਕੀਤੀ ਹੈ ਜਿਨ੍ਹਾਂ ਨੇ ਆਪਣੀ ਮਾਤ ਭਾਸ਼ਾ ਨੂੰ ਬਣਦਾ ਸਤਿਕਾਰ ਦਿੱਤਾ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਵਿੱਚ ਪ੍ਰਾਇਮਰੀ ਤੋ ਲੈ ਕੇ ਉੱਚ ਸਿੱਖਿਆ ਦਾ ਮਾਧਿਅਮ ਪੰਜਾਬੀ ਬਣਾਇਆ ਜਾਵੇ। ਜਿਹੜੇ ਕੇਂਦਰ ਤੇ ਪ੍ਰਾਈਵੇਟ ਅਦਾਰੇ ਪੰਜਾਬੀ ਨਹੀ ਪੜਾਉਂਦੇ ਤੇ ਸਕੂਲ ਵਿੱਚ ਪੰਜਾਬੀ ਬੋਲਣ 'ਤੇ ਬੱਚਿਆਂ ਨੂੰ ਜੁਰਮਾਨਾ ਕਰਦੇ ਨੇ, ਉਹਨਾਂ ਦੀ ਮਾਨਤਾ ਰੱਦ ਕੀਤੀ ਜਾਵੇ,ਪੰਜਾਬ ਤੇ ਚੰਡੀਗੜ੍ਹ ਦੇ ਸਾਰੇ ਦਫਤਰਾਂ ਵਿੱਚ ਸਾਰਾ ਕੰਮ ਪੰਜਾਬੀ ਵਿੱਚ ਕੀਤਾ ਜਾਵੇ ਭਾਸ਼ਾ ਵਿਭਾਗ ਨੂੰ ਭਰਵੇਂ ਫੰਡ ਦੇ ਕੇ ਵੱਧ ਤੋ ਵੱਧ ਭਾਸ਼ਾ ਦੇ ਵਿਕਾਸ ਵਿੱਚ ਖੋਜ ਕਾਰਜ ਆਰੰਭੇ ਜਾਣ ਅਤੇ ਮੁਕਾਬਲੇ ਦੀਆਂ ਸਾਰੀਆਂ ਪ੍ਰੀਖਿਆਵਾ ਪੰਜਾਬੀ ਵਿੱਚ ਕਰਵਾਈਆਂ ਜਾਣ।

ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਿਲਾ ਪ੍ਰਧਾਨ ਜਸਵਿੰਦਰ ਸਿੰਘ ਜੱਸੀ ਦੋਆਬਾ ਸਾਹਿਤ ਸਭਾ ਦੇ ਅਮਰੀਕ ਹਮਰਾਜ਼, ਰਣਬੀਰ ਬੱਬਰ, ਹੰਸ ਰਾਜ ਗੜਸ਼ੰਕਰ, ਦਰਪਣ ਸਾਹਿਤ ਸਭਾ ਸੈਲਾ ਕਲਾਂ ਦੇ ਸ਼ਾਮ ਸੁੰਦਰ, ਰੇਸ਼ਮ ਚਿੱਤਰਕਾਰ, ਰਣਜੀਤ ਸਿੰਘ ਪੋਸੀ, ਡੀ ਟੀ ਐੱਫ ਦੇ ਜਨਰਲ ਸਕੱਤਰ ਮੁਕੇਸ਼ ਕੁਮਾਰ, ਸੁਖਦੇਵ ਡਾਨਸੀਵਾਲ ਮਨਜੀਤ ਸਿੰਘ ਬੰਗਾ, ਅਮਰਜੀਤ ਬੰਗੜ, ਸੰਜੀਵ ਕੁਮਾਰ ਪੀ ਟੀ ਆਈ, ਜੀਵਨ ਜਾਗ੍ਰਿਤੀ ਮੰਚ ਦੇ ਡਾ.ਬਿੱਕਰ ਸਿੰਘ ਹਰਦੇਵ ਰਾਏ ਸੇਵਾਮੁਕਤ ਚੀਫ ਮੈਨੇਜਰ, ਕੁੱਲ ਹਿੰਦ ਕਿਸਾਨ ਸਭਾ ਦੇ ਦਰਸ਼ਨ ਸਿੰਘ ਮੱਟੂ, ਜਨਵਾਦੀ ਇਸਤਰੀ ਸਭਾ ਦੀ ਪ੍ਰਧਾਨ ਸ਼ੁਭਾਸ਼ ਮੱਟੂ, ਕਮਲਜੀਤ ਕੌਰ ਨਰਿੰਦਰ ਕੌਰ ਰਜਨੀਸ਼ ਰਾਣੀ ਚੈਨ ਸਿੰਘ ਬਲਾਕ ਸੰਮਤੀ ਮੈਂਬਰ ਦੀਪਕ ਕੁਮਾਰ ਐੱਮ ਸੀ, ਕਿਰਤੀ ਕਿਸਾਨ ਯੂਨੀਅਨ ਦੇ ਕੁਲਵਿੰਦਰ ਚਾਹਲ, ਰਾਮਜੀਤ ਸਿੰਘ ਦੇਨੋਵਾਲ ਕਲਾਂ ਤੇ ਪ੍ਰੋ ਕੁਲਵੰਤ ਸਿੰਘ ਗੋਲੇਵਾਲ, ਹਰਭਜਨ ਸਿੰਘ ਬੈਂਕ ਮੈਨੇਜਰ ਗੇਜ ਚੰਦ ਨੰਬਰਦਾਰ, ਜੋਗਾ ਸਿੰਘ ਨੰਬਰਦਾਰ ਅਤੇ ਤਰਕਸ਼ੀਲ ਸੁਸਾਇਟੀ ਵਲੋਂ ਨਰੇਸ਼ ਕੁਮਾਰ ਆਦਿ ਨੇ ਵੀ ਸੰਬੋਧਿਤ ਕੀਤਾ।

# ਡਿਪਟੀ ਕਮਿਸ਼ਨਰ ਨੇ 'ਵਿਰਸਾ ਹੁਸ਼ਿਆਰਪੁਰ ਦਾ' ਮੇਲੇ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

## 3 ਤੋਂ 7 ਮਾਰਚ ਨੂੰ ਹੁਸ਼ਿਆਰਪੁਰ ਦੇ ਲਾਜਵੰਤੀ ਆਊਟਡੋਰ ਸਟੇਡੀਅਮ 'ਚ ਲੱਗੇਗਾ ਮੇਲਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ 3 ਤੋਂ 7 ਮਾਰਚ ਨੂੰ ਸੈਰ ਸਪਾਟਾ ਵਿਭਾਗ ਪੰਜਾਬ ਦੇ ਸਹਿਯੋਗ ਨਾਲ 'ਵਿਰਸਾ ਹੁਸ਼ਿਆਰਪੁਰ ਦਾ' ਮੇਲੇ ਦਾ ਆਯੋਜਨ ਲਾਜਵੰਤੀ ਮਲਟੀਪਰਪਜ਼ ਆਊਟਡੋਰ ਸਟੇਡੀਅਮ 'ਚ ਕਰਵ-ਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਦੀ ਅਮੀਰ ਵਿਰਾਸਤ ਦੀ ਝਲਕ ਪੇਸ਼ ਕਰਨ ਵਾਲੇ ਇਸ ਮੇਲੇ ਵਿਚ ਜ਼ਿਲ੍ਹੇ ਨਾਲ ਸਬੰਧਤ ਦਸਤਕਾਰੀ ਅਤੇ ਸ਼ਿਲਪਕਲਾ ਨੂੰ ਉਤਸ਼ਾਹਿਤ ਕਰਨ ਲਈ ਕਾਰੀਗਰਾਂ ਦੇ ਵੱਖ-ਵੱਖ ਸਟਾਲ ਲਗਾਏ ਜਾਣਗੇ। ਇਸ ਦੇ ਨਾਲ ਹੀ ਸੈਲਫ ਹੈਲਪ ਗਰੁੱਪਾਂ ਦੇ ਉਤਪਾਦਾਂ ਨੂੰ ਵੀ ਮੇਲੇ ਵਿਚ ਸਥਾਨ ਦਿੱਤਾ ਜਾਵੇਗਾ। ਉਹ ਅੱਜ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਚ 'ਵਿਰਸਾ ਹੁਸ਼ਿਆਰਪੁਰ ਦਾ' ਮੇਲੇ ਦੀਆਂ ਤਿਆਰੀਆਂ ਸਬੰਧੀ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਦਲਜੀਤ ਕੌਰ, ਐਸ.ਡੀ.ਐਮ. ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ ਬੈਂਸ, ਐਸ.ਪੀ (ਹੈਡਕੁਆਟਰ) ਮਨਜੀਤ ਕੌਰ ਅਤੇ ਸਹਾਇਕ ਕਮਿਸ਼ਨਰ (ਜ) ਵਿਓਮ ਭਾਰਦਵਾਜ, ਡੀ.ਐਫ.ਓ. ਹੁਸ਼ਿਆਰਪੁਰ ਅਮਨੀਤ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ 'ਵਿਰਸਾ ਹੁਸ਼ਿਆਰਪੁਰ ਦਾ' ਮੇਲੇ ਵਿਚ 5 ਮਾਰਚ ਨੂੰ ਪ੍ਰਸਿੱਧ ਗਾਇਕ ਸਤਿੰਦਰ ਸਰਤਾਜ ਆਪਣੀ ਗਾਇਕੀ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਇਸ ਤੋਂ ਇਲਾਵਾ ਮੇਲੇ ਵਿਚ ਰੋਜ਼ਾਨਾ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੇਲੇ ਦਾ ਮੁੱਖ ਥੀਮ ਇਥੋਂ ਦੇ ਪਲਾਸਟਿਕ ਇਨਲੇ ਵਰਕ, ਰਵਾਇਤੀ ਨਾਚ, ਕੁਦਰਤੀ ਉਤਪਾਦ ਰਹਿਣਗੇ, ਜਿਸ ਵਿਚ ਵੱਖ-ਵੱਖ ਕਾਰੀਗਰਾਂ, ਗਰੁੱਪਾਂ ਤੇ ਸੰਸਥਾਵਾਂ ਨੂੰ ਸ਼ਾਮਿਲ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੇਲੇ ਵਿਚ ਫੂਡ ਸਟਾਲਾਂ ਦਾ ਵੀ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਜਾ ਰਿਹਾ ਹੈ, ਜਿਸ ਵਿਚ ਹੁਸ਼ਿਆਰਪੁਰ ਦੇ ਮਸ਼ਹੂਰ ਸਵਾਦੀ ਪਕਵਾਨਾਂ ਤੋਂ ਇਲਾਵਾ ਹੋਰ ਫੂਡ ਸਟਾਲ ਵੀ ਲਗਾਏ ਜਾਣਗੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਇਸ ਵਿਰਸਾ ਮੇਲੇ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ।



ਕੋਮਲ ਮਿੱਤਲ ਨੇ ਮੇਲੇ ਦੀਆਂ ਤਿਆਰੀਆਂ ਸਬੰਧੀ ਬਣਾਈ ਗਈ ਵੱਖ-ਵੱਖ ਕਮੇਟੀਆ ਦੀਆਂ ਤਿਆਰੀਆਂ ਦੀ ਸਮੀਖਿਆ ਕਰਦਿਆਂ ਇਸ ਮੇਲੇ ਨੂੰ ਸਫ਼ਲ ਬਣਾਉਣ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਸੁਰੱਖਿਆ, ਟ੍ਰੈਫਿਕ, ਪੀਣ ਵਾਲੇ ਪਾਣੀ, ਪਖਾਨੇ, ਮੈਡੀਕਲ ਸੇਵਾ, ਸੀ.ਸੀ.ਟੀ.ਵੀ. ਕੈਮਰੇ ਅਤੇ ਹੋਰ ਪ੍ਰਬੰਧਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ 4 ਮਾਰਚ ਨੂੰ ਬੀ.ਡੀ.ਪੀ.ਓ. ਦਫ਼ਤਰ (ਨਜ਼ਦੀਕ ਰੈਡ ਕਰਾਸ ਦਫ਼ਤਰ) ਦੇ ਸਾਹਮਣੇ ਬਣ ਰਹੀ ਲਾਇਬ੍ਰੇਰੀ ਦਾ ਵੀ ਉਦਘਾਟਨ ਲਿਟਰੇਚਰ ਫੈਸਟੀਵਲ ਨਾਲ ਕੀਤਾ ਜਾਵੇਗਾ, ਜਿਸ ਵਿਚ ਜ਼ਿਲ੍ਹੇ ਦੇ ਪ੍ਰਮੁੱਖ ਲੇਖਕਾਂ, ਸਾਹਿਤਕਾਰਾਂ ਨੂੰ ਬੁਲਾਇਆ ਜਾਵੇਗਾ। ਮੀਟਿੰਗ ਵਿਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਅਮਰੀਕਾ ਤੋਂ ਕੈਨੇਡਾ ਤਕ ਸਰਕਾਰੀ ਉਪਕਰਨਾਂ 'ਚ ਟਿਕਟਾਕ 'ਤੇ ਰੋਕ

**ਵਾਸ਼ਿੰਗਟਨ (ਬਿਊਰੋ)-** ਵ੍ਹਾਈਟ ਹਾਊਸ ਨੇ ਸਾਰੀਆਂ ਕੇਂਦਰੀ ਏਜੰਸੀਆਂ ਨੂੰ ਤੀਹ ਦਿਨਾਂ ਦੇ ਅੰਦਰ ਸਾਰੇ ਸਰਕਾਰੀ ਉਪਕਰਨਾਂ ਤੋਂ ਚੀਨੀ ਇੰਟਰਨੈੱਟ ਮੀਡੀਆ ਐਪ 'ਟਿਕਟਾਕ' ਹਟਾਉਣ ਦਾ ਨਿਰਦੇਸ਼ ਦਿੱਤਾ ਹੈ। ਅਮਰੀਕੀ ਪ੍ਰਸ਼ਾਸਨ ਨੇ ਇਹ ਕਦਮ ਸੁਰੱਖਿਆ ਸਬੰਧੀ ਚਿੰਤਾਵਾਂ ਨੂੰ ਦੇਖਦੇ ਹੋਏ ਚੁੱਕਿਆ ਹੈ।

ਹਾਲਾਂਕਿ ਵ੍ਹਾਈਟ ਹਾਊਸ ਪਹਿਲਾਂ ਤੋਂ ਹੀ ਆਪਣੇ ਉਪਕਰਨਾਂ ਨੂੰ ਟਿਕਟਾਕ ਚਲਾਉਣ ਦੀ ਇਜਾਜ਼ਤ ਨਹੀਂ ਦਿੰਦਾ ਹੈ। ਵ੍ਹਾਈਟ ਹਾਊਸ ਦੇ ਪ੍ਰਬੰਧ ਤੇ ਬਜਟ ਦਫ਼ਤਰ ਨੇ ਸੋਮਵਾਰ ਨੂੰ ਨਿਰਦੇਸ਼ ਜਾਰੀ ਕਰਦੇ ਹੋਏ ਕਿਹਾ ਇਹ ਕਦਮ ਸਰਕਾਰ ਦੀ ਸੰਵੇਦਨਸ਼ੀਲ ਸੂਚਨਾਵਾਂ ਲਈ ਇਸ ਐਪ ਤੋਂ ਹੋਣ ਵਾਲੇ ਖ਼ਤਰੇ ਨੂੰ ਦੇਖ ਕੇ ਲਿਆ ਜਾ ਰਿਹਾ ਹੈ।

ਡਿਫੈਂਸ, ਹੋਮਲੈਂਡ ਸਕਿਓਰਿਟੀ ਅਤੇ ਵਿਦੇਸ਼ ਵਿਭਾਗਾਂ ਵਿਚ ਇਹ ਨਿਯਮ ਪਹਿਲਾਂ ਤੋਂ ਹੀ ਲਾਗੂ ਹਨ ਪਰ ਇਹ ਦਿਸ਼ਾ-ਨਿਰਦੇਸ਼ ਅਮਰੀਕਾ ਦੀ ਫੈਡਰਲ ਸਰਕਾਰ ਦੇ ਬਾਕੀ ਸਾਰੇ ਵਿਭਾਗਾਂ ਲਈ ਹੈ। ਇਨ੍ਹਾਂ ਸਾਰੇ ਵਿਭਾਗਾਂ ਨੂੰ ਇਕ ਮਹੀਨੇ ਦੇ ਅੰਦਰ ਸਰਕਾਰੀ ਗੈਜਟਸ ਤੋਂ ਚੀਨੀ ਐਪ ਟਿਕਟਾਕ ਹਟਾਉਣ ਹੈ। ਅਮਰੀਕਾ ਦੇ ਡਿਜੀਟਲ ਢਾਂਚੇ ਦੀ ਸੁਰੱਕਿਆ ਲਈ ਇਹ ਕਦਮ ਜ਼ਰੂਰੀ ਦੱਸਿਆ ਗਿਆ ਹੈ। ਇਸੇ ਤਰ੍ਹਾਂ ਹੁਣ ਕੈਨੇਡਾ ਨੇ ਵੀ ਸ਼ਾਰਟ ਵੀਡੀਓ ਬਣਾਉਣ ਦੇ ਚੀਨੀ ਐਪ ਨੂੰ ਸਰਕਾਰੀ ਮੋਬਾਈਲ ਉਪਕਰਨਾਂ ਵਿਚੋਂ ਹਟਾਉਣ ਦੇ ਨਿਰਦੇਸ਼ ਦਿੱਤੇ ਹਨ। ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਵਿਚ ਕਿਹਾ ਗਿਆ ਹੈ ਕਿ ਇਸ ਨੂੰ ਤੁਰੰਤ ਪ੍ਰਭਾਵ ਨਾਲ ਲਾਗੂ ਕੀਤਾ ਗਿਆ ਹੈ। ਭਵਿੱਖ ਵਿਚ ਵੀ ਯੂਜਰਜ਼ ਦੀ ਡਿਵਾਈਸ 'ਤੇ ਇਸ ਐਪ ਨੂੰ ਡਾਊਨਲੋਡ ਕਰਨ 'ਤੇ ਬਲਾਕ ਕੀਤਾ ਜਾਵੇਗਾ। ਕੈਨੇਡਾ ਸਰਕਾਰ ਨੇ ਇਸ ਕਦਮ ਇਹਤਿਆਤ ਦੇ ਤੌਰ 'ਤੇ ਚੁੱਕਿਆ ਹੈ। ਇਸ ਵਿਚਾਲੇ, ਡੈਨਮਾਰਕ ਦੀ ਸੰਸਦ ਨੇ 179 ਮੈਂਬਰ ਸਦਨ ਸਣੇ ਸੰਸਦ ਮੈਂਬਰਾਂ ਅਤੇ ਮੁਲਾਜ਼ਮਾਂ ਨੂੰ ਟਿਕਟਾਕ ਐਪ ਨੂੰ ਆਪਣੇ ਫੋਨ, ਲੈਪਟਾਪ ਆਦਿ ਤੋਂ ਹਟਾਉਣ ਲਈ ਕਿਹਾ ਹੈ। ਸੰਸਦ ਦਾ ਕਹਿਣਾ ਹੈ ਕਿ ਟਿਕਟਾਕ ਜ਼ਰੀਏ ਚੀਨ ਜੀ ਵਿਚਾਰਧਾਰਾ ਨੂੰ ਥੋਪਣ ਅਤੇ ਯੂਜਰਜ਼ ਦੀਆਂ ਸੂਚਨਾਵਾਂ ਚੋਰੀ ਕੀਤੀਆਂ ਜਾਂਦੀਆਂ ਹਨ। ਡੈਨਮਾਰਕ ਦੀ ਸੰਸਦ ਦੇ ਮੁਖੀ ਸੋਰੇਨ ਗੇਡ ਨੇ ਕਿਹਾ ਕਿ ਟਿਕਟਾਕ ਐਪ ਜ਼ਰੀਏ ਜਾਸੂਸੀ ਕਰਵਾਈ ਜਾ ਰਹੀ ਹੈ।

# ਖਿਡਾਰਨਾਂ ਨੂੰ ‘ਨਿਲਾਮੀ’ ਸ਼ਬਦ ’ਤੇ ਸਖ਼ਤ ਇਤਰਾਜ਼ ਹੋਣਾ ਚਾਹੀਦਾ

ਕ੍ਰਿਕਟ ਖਿਡਾਰਨਾਂ ਨਾਲ ‘ਨਿਲਾਮੀ’, ‘ਬੋਲੀ’, ‘ਖਰੀਦਣਾ’, ‘ਵਿਕਣਾ’ ਵਰਗੇ ਲਫ਼ਜ਼ ਵਰਤਣਾ ਉਨ੍ਹਾਂ ਨੂੰ ’ਮੰਡੀ ਦਾ ਮਾਲ’ ਬਣਾਉਣਾ ਨਹੀਂ ਤਾਂ ਹੋਰ ਕੀ ਹੈ? ਖੇਡਾਂ ਮਨੁੱਖੀ ਜੁੱਸੇ ਦੀਆਂ ਖ਼ੂਬਸੂਰਤ ਸਰਗਰਮੀਆਂ ਹਨ। ਇਹ ਮਨੁੱਖੀ ਸਰੀਰਕ ਸਮਰੱਥਾ ਦੇ ਜਲਵਿਆਂ ਨਾਲ ਮਨੁੱਖਤਾ ਦੀ ਮਾਨਸਿਕ ਤੇ ਰੂਹਾਨੀ ਤ੍ਰਿਪਤੀ ਦਾ ਸਾਧਨ ਬਣਦੀਆਂ ਹਨ। ਪਰ ਪੈਸੇ ਨੇ ਮਨੁੱਖੀ ਸ਼ਕਤੀ ਦੀਆਂ ਬੁਲੰਦੀਆਂ ਸਿੱਕਿਆਂ ਦੇ ਢੇਰਾਂ ਮੂਹਰੇ ਬੌਣੀਆਂ ਬਣਾ ਧਰੀਆਂ

**ਸਰਵਣ ਸਿੰਘ ਕੈਨੇਡਾ**

ਹਨ। ਹੁਣ ਖਿਡਾਰੀਆਂ ਦੀਆਂ ਡੋਰਾਂ ਬਹੁਕੌਮੀ ਕਾਰਪੋਰੇਸ਼ਨਾਂ ਦੇ ਹੱਥਾਂ ਵਿਚ ਹਨ। ਖੇਡਾਂ ਦੀ ਮੁਕਤੀ ਆਖ਼ਰ ਦੇਸੀ-ਵਿਦੇਸ਼ੀ ਬਹੁਕੌਮੀ ਕੰਪਨੀਆਂ ਤੇ ਘਰਾਣਿਆਂ ਦੀ ਚੌਧਰ ਦੇ ਖ਼ਾਤਮੇ ਨਾਲ ਹੀ ਹੋਣੀ ਹੈ। ਖਿਡਾਰਨਾਂ ਨੂੰ ਮੰਡੀ ਦਾ ਮਾਲ ਬਣਾਉਣ ਵਾਲੀ ਭਾਸ਼ਾ ਵੇਖੋ: ਭਾਰਤੀ ਕ੍ਰਿਕਟ ਟੀਮ ਦੀ ਉਪ ਕਪਤਾਨ ਸਮ੍ਰਿਤੀ ਮੰਧਾਨਾ ਸਭ ਤੋਂ ਮਹਿੰਗੀ ਵਿਕੀ! ਉਸ ਨੂੰ ਰਾਇਲ ਬੰਗਲੌਰ ਚੈਲੰਜਰ ਨੇ ਖਰੀਦਿਆ। ਪਲੇਠੀ ਮਹਿਲਾ ਪ੍ਰੀਮੀਅਰ (ਡਬਲਿਊ.ਪੀ.ਐੱਲ.) ਦੀ ਨਿਲਾਮੀ ਵਿਚ ਉਹਦੀ ਬੋਲੀ 3.40 ਕਰੋੜ ਦੀ ਲੱਗੀ। ਭਾਰਤੀ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ 1.80 ਲੱਖ ’ਚ ਵਿਕੀ, ਜਦ ਕਿ ਚਾਰ ਮੁਲਕਾਂ ਦੀਆਂ ਕ੍ਰਿਕਟ ਕਪਤਾਨਾਂ ਨੂੰ ਕੋਈ ਗਾਹਕ ਹੀ ਨਹੀਂ ਮਿਲਿਆ। ਐਸਲੇ ਗਾਰਡਨਰ ਦੀ ਬੋਲੀ 3.20 ਕਰੋੜ ’ਤੇ ਟੁੱਟੀ। ਨਤਾਲੀ ਸਕੀਵਰ ਵੀ 3.20 ਕਰੋੜ ’ਚ ਨਿਲਾਮ ਹੋਈ। ਦੀਪਤੀ ਸ਼ਰਮਾ 2.60 ਕਰੋੜ ’ਚ ਯੂ.ਪੀ. ਵਾਰੀਅਰਜ਼ ਨੇ ਖਰੀਦੀ। ਜੈਮਿਮਾ ਰੋਡਰਿਗਜ਼ ਦਾ ਦਿੱਲੀ ਕੈਪੀਟਲਜ਼ ਨੇ 2.20 ਕਰੋੜ ਮੁੱਲ ਪਾਇਆ। ਬੈਥ ਮੂਨੀ ਗੁਜਰਾਤ ਜਾਇੰਟਸ ਨੇ 2 ਕਰੋੜ ’ਚ ਖਰੀਦੀ। ਐਲਿਸ ਪੈਰੀ ਦੀ ਬੋਲੀ 1.7 ਕਰੋੜ ਪਈ। ਕੁੱਲ 20 ਖਿਡਾਰਨਾਂ ਦੀ ਨਿਲਾਮੀ ਕਰੋੜ ਰੁਪਏ ਤੋਂ ਉਪਰ ਗਈ। ਕੁਝ ਲੱਖਾਂ ’ਚ ਤੇ ਕੁਝ ਹਜ਼ਾਰਾਂ ’ਚ ਸਸਤੀਆਂ ਵਿਕੀਆਂ। ਕਈਆਂ ਵਿਚਾਰੀਆਂ ਨੂੰ ਕੋਈ ਗਾਹਕ ਹੀ ਨਹੀਂ ਮਿਲਿਆ।

ਹੈਰਾਨੀ ਦੀ ਗੱਲ ਹੈ ਕਿ ਅਜਿਹੇ ਲਫ਼ਜ਼ ਵਰਤੇ ਜਾਣ ’ਤੇ ਨਾ ਖਿਡਾਰੀਆਂ ਨੂੰ ਕੋਈ ਉਜ਼ਰ ਹੈ ਤੇ ਨਾ ਖਿਡਾਰਨਾਂ ਨੂੰ। ਖਿਡਾਰੀਆਂ ਨੂੰ ਸਖ਼ਤ ਇਤਰਾਜ਼ ਹੋਣਾ ਚਾਹੀਦੈ ਕਿ ਉਨ੍ਹਾਂ ਨੂੰ ‘ਵਿਕੇ’ ਜਾਂ ‘ਖਰੀਦੇ’ ਕਿਉਂ ਕਿਹਾ ਜਾ ਰਿਹੈ? ਮਾਣ ਸਨਮਾਨ ਨਾਲ ਟੀਮਾਂ ’ਚ ਪਾਏ ਕਿਉਂ ਨਹੀਂ ਕਹਿੰਦੇ? ਇਹਦੇ ਉਲਟ ਸਭ ਤੋਂ ਮਹਿੰਗੀ ਵਿਕਣ ਵਾਲੀ ਸਮ੍ਰਿਤੀ ਮੰਧਾਨਾ ਨੇ ਬਿਆਨ ਦੇ ਦਿੱਤਾ, ‘ਅੱਗੇ ਅਸੀਂ ਆਈ.ਪੀ.ਐੱਲ. ’ਚ ਪੁਰਸ਼ ਖਿਡਾਰੀਆਂ ਦੀ ਨਿਲਾਮੀ ਦੇਖਦੇ ਰਹੇ ਹਾਂ। ਹੁਣ ਖਿਡਾਰਨਾਂ ਲਈ ਇਸ ਤਰ੍ਹਾਂ ਦੀ ਨਿਲਾਮੀ ਹੋਣਾ ਸਾਡੇ ਲਈ ਵੀ ’ਵੱਡਾ ਦਿਨ’ ਹੈ।’




ਖਿਡਾਰੀਆਂ ਨੂੰ ਪੈਸਿਆਂ ਦੇ ਲਾਲਚਵੱਸ ਕੋਈ ਇਤਰਾਜ਼ ਹੋਵੇ ਜਾਂ ਨਾ ਹੋਵੇ ਪਰ ਬਤੌਰ ਖੇਡ ਲੇਖਕ ਮੈਨੂੰ ਖੇਡਾਂ ਖਿਡਾਰੀਆਂ ਨਾਲ ਜੋੜੇ ਜਾ ਰਹੇ ਮੰਡੀ ਦੇ ਮਾਲ ਵਾਂਗ ਨਿਲਾਮੀ, ਬੋਲੀ, ਖਰੀਦਣ ਤੇ ਵਿਕਣ ਵਰਗੇ ਸ਼ਬਦ ਵਰਤਣ ’ਤੇ ਸਖ਼ਤ ਇਤਰਾਜ਼ ਹੈ। ਖੇਡ ਮੈਦਾਨਾਂ ਦੇ ਜੁਝਾਰੂਆਂ ਨੂੰ ਇਹ ਸ਼ਬਦ ਅਪਮਾਨਿਤ ਕਰਨ ਵਾਲੇ ਹਨ ਜੋ ਸ਼ੋਭਾ ਨਹੀਂ ਦਿੰਦੇ। ਇਉਂ ਤਾਂ ਕੱਲ੍ਹ ਨੂੰ ਖੇਡ ਲੇਖਕਾਂ, ਪੱਤਰਕਾਰਾਂ, ਸੰਪਾਦਕਾਂ ਯਾਨੀ ਹਰ ਤਰ੍ਹਾਂ ਦੇ ਮੀਡੀਆਕਾਰਾਂ ਨਾਲ ਵੀ ਨਿਲਾਮ ਹੋਣ, ਖਰੀਦਣ ਤੇ ਵਿਕਣ ਦੇ ਵਿਸ਼ੇਸ਼ਣ ਲੱਗਣ ਲੱਗ ਪੈਣਗੇ। ਬੇਸ਼ੱਕ ਅਸਲੀਅਤ ਇਹੋ ਹੈ ਕਿ ਪੂੰਜੀਵਾਦੀ ਯੁੱਗ ਵਿਚ ਖੇਡਾਂ ਦੇ ਵਪਾਰੀਕਰਨ ਦਾ ਸਿਲਸਿਲਾ ਪੂਰੀ ਦੁਨੀਆ ’ਚ ਚੱਲ ਚੁੱਕਿਐ। ਕਿਸੇ ਖੇਡ ਦੀ ਵਿਕਰੀ, ਉਹਦੇ ਦਰਸ਼ਕਾਂ ਦੀ ਗਿਣਤੀ ਤੈਅ ਕਰਦੀ ਹੈ ਕਿ ਉਹ ਖੇਡ-ਕੰਪਨੀਆਂ ਲਈ ਕਿੰਨੇ ਕੁ ਮੁਨਾਫ਼ੇ ਦਾ ਜ਼ਰੀਆ ਹੋ ਸਕਦੀ ਹੈ। ਭਾਰਤ ਵਿਚ ਕ੍ਰਿਕਟ ਦੀ ਖੇਡ ਇਹਦੀ ਸਭ ਤੋਂ ਵੱਧ ਸ਼ਿਕਾਰ ਹੈ। ਇਹ ਉਹੀ ਵਰਤਾਰਾ ਹੈ ਜਿਹੜਾ ਕਬੱਡੀ ਤੇ ਪੰਜਾਬੀ ਗਾਇਕੀ ਵਿਚ ਚੱਲ ਰਿਹੈ ਜੋ ਮੁਨਾਫ਼ੇਖ਼ੋਰ ਕਾਰੋਬਾਰਾਂ ਲਈ ਲੁਭਾਉਣੀ ਥਾਂ ਬਣਿਆ ਹੋਇਐ।

ਨੋਟ : 1912 ਦੀਆਂ ਓਲੰਪਿਕ ਖੇਡਾਂ ਸਮੇਂ ਮਹਾਨ ਅਥਲੀਟ ਜਿਮ ਥੋਰਪੇ ਅਮਰੀਕਾ ਦੀ ਅਥਲੈਟਿਕਸ ਟੀਮ ਵਿਚ ਚੁਣਿਆ ਗਿਆ। ਉਹ ਏਨਾ ਤਕੜਾ ਸੀ ਕਿ ਖੇਡ ਅਧਿਕਾਰੀਆਂ ਨੂੰ ਨਿਰਣਾ ਕਰਨਾ ਔਖਾ ਸੀ ਪਈ ਉਸ ਨੂੰ ਕਿਹੜੇ-ਕਿਹੜੇ ਮੁਕਾਬਲੇ ’ਚ ਪਾਉਣ? ਅਖ਼ੀਰ ਅਜਿਹੇ ਦੋ ਈਵੈਂਟਾਂ ਵਿਚ ਪਾ ਲੈਣ ਦਾ ਫੈਸਲਾ ਲਿਆ, ਜੋ ਸਭ ਤੋਂ ਔਖੇ ਸਨ। ਜਿਮ ਥੋਰਪੇ ਨੇ ਪਟੈਂਥਲਨ ਤੇ ਡਕੈਥਲਨ ਦੋਹਾਂ ਵਿਚੋਂ ਹੀ ਸੋਨ ਤਗ਼ਮੇ ਜਿੱਤ ਲਏ। ਸਵੀਡਨ ਦੇ ਬਾਦਸ਼ਾਹ ਨੇ ਉਸ ਨੂੰ ਸਨਮਾਨ ਦਿੰਦਿਆਂ ਕਿਹਾ, ‘ਸ੍ਰੀਮਾਨ ਜੀ, ਤੁਸੀਂ ਦੁਨੀਆ ਦੇ ਮਹਾਨਤਮ ਅਥਲੀਟ ਹੋ!’

ਅਜੇ 6 ਮਹੀਨੇ ਵੀ ਨਹੀਂ ਸਨ ਗੁਜ਼ਰੇ ਕਿ ਜਿਮ ਥੋਰਪੇ ’ਤੇ ਪੇਸ਼ਾਵਰ ਖਿਡਾਰੀ ਹੋਣ ਦਾ ਦੋਸ਼ ਲੱਗ ਗਿਆ। ਕਿਸੇ ਨੇ ਭੇਤ ਖੋਲ੍ਹ ਦਿੱਤਾ ਕਿ ਉਸ ਨੇ ਪੈਸੇ ਲੈ ਕੇ ਬੇਸਬਾਲ ਦੇ ਕੁਝ ਮੈਚ ਖੇਡੇ ਸਨ। ਇੰਜ ਉਹ ਪੇਸ਼ਾਵਰ ਖਿਡਾਰੀ ਬਣ ਗਿਆ ਸੀ। ਓਲੰਪਿਕ ਖੇਡਾਂ ਦਾ ਨਿਯਮ ਹੈ ਕਿ ਸ਼ੌਕੀਆ ਖਿਡਾਰੀ ਹੀ ਓਲੰਪਿਕ ਖੇਡਾਂ ਵਿਚ ਭਾਗ ਲੈ ਸਕਦੇ ਹਨ। ਪੈਸਿਆਂ ਬਦਲੇ ਖੇਡਣ ਵਾਲੇ ਖਿਡਾਰੀ ਓਲੰਪਿਕ ਖੇਡਾਂ ’ਚ ਭਾਗ ਨਹੀਂ ਲੈ ਸਕਦੇ। ਅੱਜ-ਕੱਲ੍ਹ ਇਹ ਗੱਲ ਅਜੀਬ ਲੱਗ ਸਕਦੀ ਹੈ ਪਰ ਉਸ ਵੇਲੇ ਦੀ ਕੌਮਾਂਤਰੀ ਓਲੰਪਿਕ ਕਮੇਟੀ ਨੇ ਜਿਮ ਥੋਰਪੇ ਦੇ ਜਿੱਤੇ ਤਗ਼ਮੇ ਵਾਪਸ ਲੈ ਲਏ ਸਨ ਅਤੇ ਓਲੰਪਿਕ ਖੇਡਾਂ ਦੇ ਨਤੀਜਿਆਂ ਤੇ ਰਿਕਾਰਡਾਂ ਵਿਚੋਂ ਉਹਦਾ ਨਾਂਅ ਮਿਟਾ ਦਿੱਤਾ ਸੀ। ਆਖ਼ਰ ਉਹ ਦਿਨ ਵੀ ਆਏ ਜਦੋਂ 1932 ਵਿਚ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਸਮੇਂ ਸਟਾਕਹੋਮ ਓਲੰਪਿਕਸ ਦੇ ਹੀਰੋ ਨੂੰ ਆਪਣੇ ਹੀ ਮੁਲਕ ’ਚ ਹੋ ਰਹੀਆਂ ਓਲੰਪਿਕ ਖੇਡਾਂ ਵੇਖਣੋਂ ਆਤੁਰ ਵੇਖਿਆ ਗਿਆ।

ਉਹ ਪਾਟੇ ਪੁਰਾਣੇ ਕੱਪੜਿਆਂ ਵਿਚ ਗੇਟ ਮੂਹਰੇ ਖੜ੍ਹਾ ਸੀ ਤੇ ਉਸ ਦੇ ਕੋਲ ਟਿਕਟ ਲੈ ਕੇ ਅੰਦਰ ਜਾਣ ਜੋਗੇ ਪੈਸੇ ਨਹੀਂ ਸਨ। ਇਹ ਵੱਖਰੀ ਗੱਲ ਹੈ ਕਿ ਮਰਨ ਉਪਰੰਤ ਉਹਦੇ ਤਗ਼ਮੇ ਉਹਦੇ ਵਾਰਸਾਂ ਨੂੰ ਮੋੜ ਦਿੱਤੇ ਗਏ ਤੇ ਉਹਦਾ ਮਾਣ-ਸਨਮਾਨ ਬਹਾਲ ਕਰ ਦਿੱਤਾ ਗਿਆ।

## ਮਿੱਤਰਾਂ ਦਾ ਨਾਮ ਚਲਦਾ ਤੋਂ ਲੈ ਕੇ ਚਲ ਜਿੰਦੀਏ ਤੱਕ, ਮਾਰਚ ਮਹੀਨੇ ਵਿਚ ਰਿਲੀਜ਼ ਹੋਣਗੀਆਂ ਪੰਜਾਬੀ ਫਿਲਮਾਂ







ਦਰਸ਼ਕਾਂ ਦਾ ਮਨੋਰੰਜਨ ਕਰਦੇ ਰਹਿਣ ਲਈ, ਪਾਲੀਵੁੱਡ ਇਸ ਸਾਲ ਹੋਰ ਵੀ ਦਿਲਚਸਪ ਫਿਲਮਾਂ ਲੈ ਕੇ ਆ ਰਿਹਾ ਹੈ। ਇੱਥੇ ਟੌਪ ਦੀਆਂ ਆਉਣ ਵਾਲੀਆਂ ਪੰਜਾਬੀ ਫਿਲਮਾਂ ਦੀ ਲਿਸਟ ਹੈ ਜੋ ਮਾਰਚ 2023 ਵਿੱਚ ਰਿਲੀਜ਼ ਹੋਣ ਜਾ ਰਹੀਆਂ ਹਨ। ਪੰਜਾਬੀ ਸਿੰਗਰ ਤੇ ਐਕਟਰ ਗਿਪੀ ਗਰੇਵਾਲ ਜਲਦ ਹੀ ਪੰਜਾਬੀ ਫਿਲਮ ਮਿਤਰਾਂ ਦਾ ਨਾਮ ਚਲਦਾ ਵਿਚ ਨਜ਼ਰ ਆਉਣਗੇ। ਇਸ ਫਿਲਮ ਵਿਚ ਗਿੱਪੀ ਦੇ ਨਾਲ ਤਾਨੀਆ, ਰਾਜ ਸ਼ੌਕਰ ਤੇ ਸ਼ਵੇਤਾ ਤਿਵਾੜੀ ਨਜ਼ਰ ਆਉਣਗੇ। ਇਹ ਫਿਲਮ 8 ਮਾਰਚ ਨੂੰ ਰਿਲੀਜ਼ ਹੋਵੇਗੀ। ਸਰਗੁਣ ਮਹਿਤਾ ਤੇ ਗੁਰਨਾਮ ਭੁਲਰ ਦੀ ਫਿਲਮ ਨਿਗਾਹ ਮਾਰਦਾ ਆਈ ਵੇ ਵੀ 17 ਮਾਰਚ ਨੂੰ ਸਿਨੇਮਾਘਰਾਂ ਵਿਚ ਦਸਤਕ ਦੇਵੇਗੀ। ਇਹ ਇੱਕ ਰੋਮਾਂਟਿਕ ਡਰਾਮਾ ਫਿਲਮ ਹੋਵੇਗੀ। ਜਿਸ ਦੇ ਕਈ ਗਾਣੇ ਹੁਣ ਤੱਕ ਰਿਲੀਜ਼ ਹੋ ਗਏ ਹਨ। ਨੀਰੂ ਬਾਜਵਾ, ਕੁਲਵਿੰਦਰ ਬਿਲਾ, ਗੁਰਪ੍ਰੀਤ ਘੁਗੀ, ਜਸ ਬਾਜਵਾ, ਅਦਿਤੀ ਸ਼ਰਮਾ ਤੇ ਰੁਪਿੰਦਰ ਰੂਪੀ ਦੀ ਫਿਲਮ ਇਸ ਜਹਾਨੋ ਦੂਰ ਕਿਤੇ ਚਲ ਲੋਕਾਂ ਦਾ ਮਨੋਰੰਜਨ ਕਰਨ ਲਈ 24 ਮਾਰਚ ਨੂੰ ਰਿਲੀਜ਼ ਹੋ ਰਹੀ ਹੈ।

ਕਿਕਲੀ ਫਿਲਮ ਵਿਚ ਮੈਂਡੀ ਠਾਕੁਰ, ਵਾਮਿਕਾ ਗਬੀ ਤੇ ਜੋਬਨਪ੍ਰੀਤ ਸਿੰਘ ਨਜ਼ਰ ਆਉਣਗੇ। ਫਿਲਹਾਲ ਫਿਲਮ ਨਾਲ ਜੁੜੀ ਕੋਈ ਹੋਰ ਅਧਿਕਾਰਤ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਹੈ। ਪਰ ਫਿਲਮ 30 ਮਾਰਚ ਨੂੰ ਸਿਨੇਮਾਘਰਾਂ ‘ਚ ਦਸਤਕ ਦੇਣ ਲਈ ਤਿਆਰ ਹੈ। ਯਾਰਾਂ ਧਿਆਨ ਪਾਉਣ ਬਾਰੇ ਪੰਜਾਬੀ ਫਿਲਮ ‘ਵਿਚ ਹਰਨਾਜ ਸੰਧੂ , ਨਾਨਕ ਸਿੰਘ, ਸਵਾਤੀ ਸ਼ਰਮਾ, ਜਸਵਿੰਦਰ ਭਲਾ ਤੇ ਉਪਾਸਨਾ ਸਿੰਘ ਨਜ਼ਰ ਆਉਣ ਵਾਲੇ ਹਨ। ਮੌਨਾਸਟਿੱਕ, ਕਾਮੇਡੀ ਫਿਲਮ ‘ਯਾਰਾਂ ਦੀਆਂ ਪੌਂ ਬਾਰਾਂ’ ਕਾਲਜ ਦੇ ਤਿੰਨ ਵਿਦਿਆਰਥੀਆਂ ਦੀ ਜ਼ਿੰਦਗੀ ‘ਤੇ ਅਧਾਰਿਤ ਹੈ ਜੋ ਬਹੁਤ ਨਜ਼ਦੀਕੀ ਦੋਸਤ ਹਨ ਅਤੇ ਕਿਵੇਂ ਉਨ੍ਹਾਂ ਵਿਚਕਾਰ ਭਾਵਨਾਵਾਂ ਬਦਲਦੀਆਂ ਹਨ। ਇਹ ਉਪਾਸਨਾ ਸਿੰਘ ਵਲੋਂ ਨਿਰਦੇਸ਼ਿਤ ਪਹਿਲੀ ਫਿਲਮ ਹੈ। ਇਹ ਫਿਲਮ ਵੀ 30 ਮਾਰਚ ਨੂੰ ਰਿਲੀਜ਼ ਹੋ ਰਹੀ ਹੈ।

## ਤਿੱਤਲੀ

ਤਿੱਤਲੀ ਆਈ ਤਿੱਤਲੀ ਆਈ
ਹਵਾ ਨੂੰ ਵੀ ਸੰਗ ਲਿਆਈ ।

ਬਗੀਚੀ 'ਚ ਰੌਣਕ ਲਾਈ,
ਫੁੱਲਾਂ ਨੇ ਵੀ ਸੀਸ ਨਿਵਾਈ ।

ਹਰ ਬੂਟੇ ਨੂੰ ਛੂੰਹਦੀ ਆਈ,
ਫੁੱਲਾਂ ਨਾਲ ਆ ਸਾਂਝ ਵਧਾਈ ।

ਫੁੱਲਾਂ ਨੇ ਵੀ ਖ਼ੁਸ਼ਬੋ ਫੈਲਾਈ,
ਫਰ- ਫਰ ਕਰਦੀ ਤਿੱਤਲੀ ਆਈ ।

ਫੁੱਲਾਂ ਦੀ ਸ਼ੌਕੀਨ ਸੀ ਆਈ,
ਰਸ ਪੀ ਕਰ ਲਈ ਕਮਾਈ ।

ਪਿਆਰ ਦਾ ਸੁਨੇਹਾ ਲੈ ਕੇ ਆਈ,
ਸੋਹਣੀ ਜਿਹੀ ਪੁਸ਼ਾਕ ਸੀ ਪਾਈ ।

ਉੱਡਦੀ ਜਾਂਦੀ ਵਿੱਚ ਉਚਾਈ ।
ਮੁੜ ਆਉਣ ਦੀ ਸਹਿਮਤੀ ਜਤਾਈ ।

ਬੱਚਿਓ, ਤਿੱਤਲੀ ਨੇ ਮਨ ਦੀ ਗੱਲ ਸੁਣਾਈ,
''ਬਲਜਿੰਦਰ'' ਫੁੱਲਾਂ ਦਾ ਰਸ ਪੀਣ ਸੀ ਆਈ ।

**– ਬਲਜਿੰਦਰ ਕੌਰ ਸ਼ੇਰਗਿੱਲ**
**91-98785-19278**




## ਮਿਲਾ ਕਯਾ?

ਬੁੱਧ ਨੇ ਕਹਾ ਥਾ
ਮੈਂ ਮੁਕਤੀਦਾਤਾ ਨਹੀਂ ਹੂੰ,
ਸਿਰਫ ਮਾਰਗਦਾਤਾ ਹੂੰ।
ਮੈਂ ਆਪ ਕੋ ਨਿਰਵਾਣ ਕਾ
ਮਾਰਗ ਬਤਾ ਸਕਤਾ ਹੂੰ,
ਲੇਕਿਨ ਚਲਨਾ ਤੁਮੇਂ ਹੋਗਾ।
ਯਹੀ ਸੋਚ ਕਰ ਬੁੱਧ ਕੋ ਢੂੰਡਨੇ ਨਿਕਲਾ ਥਾਂ,
ਲੇਕਿਨ ਮਿਲਾ ਕਯਾ?
ਬੁੱਧੀ-
ਜੋ ਜੈਸਾ ਹੈ,
ਬਸ ਦੇਖੋ।
ਕੋਈ ਛੇੜ-ਛਾੜ ਨਹੀਂ (ਨੋ ਪਲੱਸ ਮਾਈਨਸ)
ਜੋ ਜੈਸਾ ਹੈ,
ਉਸੇ ਤਰ੍ਹਾਂ ਜਾਣੋ।

**– ਹਰਮੇਸ਼ ਜੱਸਲ**

## ਭਾਰਤੀ ਮੂਲ ਦੀ ਦਰਸ਼ਨਾ ਪਟੇਲ ਕੈਲੀਫੋਰਨੀਆ ਅਸੰਬਲੀ ਦੀ ਚੋਣ ਲੜੇਗੀ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਭਾਰਤੀ ਮੂਲ ਦੀ ਅਮਰੀਕਨ ਡੈਮੋਕਰੈਟ ਦਰਸ਼ਨਾ ਪਟੇਲ ਨੇ 2024 ਵਿਚ ਕੈਲੀਫੋਰਨੀਆ ਸਟੇਟ ਅਸੰਬਲੀ ਦੀ ਚੋਣ ਲੜਣ ਦਾ ਐਲਾਨ ਕੀਤਾ ਹੈ। ਉਹ ਕੈਲੀਫੋਰਨੀਆ ਦੇ ਡਿਸਟ੍ਰਿਕਟ 76 ਤੋਂ ਆਪਣੀ ਰਾਜਸੀ ਕਿਸਮਤ ਅਜਮਾਏਗੀ। 48 ਸਾਲਾ ਪਟੇਲ ਨੇ ਕਿਹਾ ਹੈ ਕਿ ਉਹ ਤੀਸਰੀ ਵਾਰ ਕੈਲੀਫੋਰਨੀਆ ਦੇ ਪੋਅਵੇਅ ਯੁਨੀਫਾਈਡ ਸਕੂਲ ਡਿਸਟ੍ਰਿਕਟ ਬੋਰਡ ਦੇ ਪ੍ਰਧਾਨ ਨਹੀਂ ਬਣਨਗੇ ਤੇ ਅਸੰਬਲੀ ਦੀ ਚੋਣ ਵਾਸਤੇ ਤਿਆਰੀ ਕਰ ਰਹੇ ਹਨ। ਛੋਟੀ ਉਮਰ ਵਿਚ ਹੀ ਕੈਲੀਫੋਰਨੀਆ ਆਈ ਪਟੇਲ ਨੇ ਆਪਣੀ ਚੋਣ ਮੁਹਿੰਮ ਸ਼ੁਰੂ ਕਰਦਿਆਂ ਸ਼ੁਰੂਆਤ ਵਿਚ ਆਈਆਂ ਮੁਸ਼ਕਿਲਾਂ ਦਾ ਵੀ ਜਿਕਰ ਕੀਤਾ।

## ਅਮਰੀਕਾ ਵਿਚ ਗੋਲੀਬਾਰੀ ਕਰਕੇ 9 ਬੱਚਿਆਂ ਨੂੰ ਜ਼ਖਮੀ ਕਰਨ ਦੇ ਮਾਮਲੇ ਵਿਚ 2 ਗ੍ਰਿਫ਼ਤਾਰ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਇਕ ਹਫਤੇ ਤੋਂ ਵਧ ਸਮਾਂ ਪਹਿਲਾਂ ਕੋਲੰਬਸ, ਜਾਰਜੀਆ ਦੇ ਇਕ ਗੈਸ ਸਟੇਸ਼ਨ 'ਤੇ ਗੋਲੀਬਾਰੀ ਕਰਕੇ 9 ਬੱਚਿਆਂ ਨੂੰ ਜ਼ਖਮੀ ਕਰਨ ਦੇ ਮਾਮਲੇ ਵਿਚ ਪੁਲਿਸ ਨੇ 2 ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਕੋਲੰਬਸ ਪੁਲਿਸ ਵਿਭਾਗ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਗ੍ਰਿਫਤਾਰ ਸ਼ੱਕੀ ਦੋਸ਼ੀਆਂ ਵਿਚ 35 ਸਾਲਾ ਡੀ ਐਂਗਲੋ ਰੋਬਿਨਸਨ ਸੀਨੀਅਰ ਤੇ ਇਕ 15 ਸਾਲਾ ਨਬਾਲਗ ਸ਼ਾਮਲ ਹੈ। ਇਥੇ ਜਿਕਰਯੋਗ ਹੈ ਕਿ 17 ਫਰਵਰੀ ਨੂੰ ਗੈਸ ਸਟੇਸ਼ਨ ਦੇ ਪਾਰਕਿੰਗ ਖੇਤਰ ਵਿਚ ਇਕ ਪਾਰਟੀ ਦੌਰਾਨ ਤਕਰਾਰ ਤੋਂ ਬਾਅਦ ਗੋਲੀ ਚੱਲ ਗਈ ਸੀ ਜਿਸ ਵਿਚ ਜ਼ਖਮੀ ਹੋਣ ਵਾਲੇ ਸਾਰੇ 18 ਸਾਲ ਤੋਂ ਘੱਟ ਉਮਰ ਦੇ ਸਨ। ਇਨਾਂ ਵਿਚ ਇਕ 5 ਸਾਲ ਦਾ ਬੱਚਾ ਵੀ ਸ਼ਾਮਿਲ ਸੀ ਜੋ ਆਪਣੇ ਇਕ ਪਰਿਵਾਰਕ ਮੈਂਬਰ ਨਾਲ ਪਾਰਟੀ ਵਿਚ ਆਇਆ ਸੀ। ਪੁਲਿਸ ਨੇ ਕਿਹਾ ਹੈ ਕਿ ਜਾਂਚਕਾਰਾਂ ਵਲੋਂ ਮੌਕੇ ਦੇ ਗਵਾਹਾਂ ਦੇ ਲਏ ਗਏ ਬਿਆਨਾਂ ਤੇ ਇਕੱਠੀ ਕੀਤੀ ਹੋਰ ਜਾਣਕਾਰੀ ਦੋ ਸ਼ੱਕੀ ਦੋਸ਼ੀਆਂ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਲਈ ਕਾਫੀ ਸੀ।

# ਤਿੱਥ, ਤਾਰੀਖ ਅਤੇ ਪ੍ਰਵਿਸ਼ਟਾ



ਸਰਵਜੀਤ ਸਿੰਘ ਸੈਕਰਾਮੈਂਟੋ

ਪੰਜਾਬੀ ਵਿੱਚ ਇਕ ਅਖਾਣ ਹੈ ਕਿ 'ਬਾਰਾਂ ਸਾਲਾਂ ਪਿਛੋਂ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ'; ਇਸ ਨੂੰ ਪਿਛਲੇ ਸਾਲ ਸੱਚ ਕਰ ਵਿਖਾਇਆ ਹੈ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ। ਗੱਲ ਇਉਂ ਹੋਈ ਕਿ ਮੈਂ ਅਕਤੂਬਰ 2009 ਤੋਂ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਸਾਹਿਬ ਨੂੰ ਕੈਲੰਡਰ ਸਬੰਧੀ ਪੱਤਰ ਲਿਖਦਾ ਆ ਰਿਹਾ ਹਾਂ। ਪਿਛਲੇ ਸਾਲ, 14 ਸਤੰਬਰ 2022 ਈ: (ਪੱਤਰ ਨੰਬਰ 38930) ਨੂੰ ਪਹਿਲੀ ਵਾਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਵੱਲੋਂ ਜਵਾਬ ਆਇਆ, ਜਿਸ ਵਿੱਚ ਉਹ ਲਿਖਦੇ ਹਨ, "ਆਪ ਜੀ ਵੱਲੋਂ ਪੁੱਜੀ ਈਮੇਲ ਪੱਤ੍ਰਿਕਾ ਰਾਹੀ ਮੰਗੀ ਗਈ ਜਾਣਕਾਰੀ ਦੇ ਸਬੰਧ ਵਿਚ ਮਾਣਯੋਗ ਪ੍ਰਧਾਨ ਸਾਹਿਬ ਗੁ: ਪ੍ਰ: ਕਮੇਟੀ ਵੱਲੋਂ ਹੋਏ ਆਦੇਸ਼ ਅਨੁਸਾਰ ਇਸ ਸਬੰਧੀ ਕੋਆਰਡੀਨੇਟਰ ਕੈਲੰਡਰ ਸਬ-ਕਮੇਟੀ ਪਾਸੋਂ ਰਾਏ ਪ੍ਰਾਪਤ ਕੀਤੀ ਗਈ ਹੈ। ਉਨ੍ਹਾਂ ਦੀ ਰਾਏ ਅਨੁਸਾਰ ਨਾਨਕਸ਼ਾਹੀ ਕੈਲੰਡਰ ਵਿੱਚ ਤਿੰਨ (ਸੂਰਜੀ, ਚੰਦ੍ਰਮਾ ਤੇ ਅੰਗਰੇਜੀ) ਤਰ੍ਹਾਂ ਦੀਆਂ ਤਾਰੀਖਾਂ ਦੀ ਵਰਤੋਂ ਕੀਤੀ ਗਈ ਹੈ"।

ਆਓ ਇਨ੍ਹਾਂ ਤਿੰਨ ਤਰ੍ਹਾਂ ਦੀਆਂ ਤਾਰੀਖਾਂ ਬਾਰੇ ਜਾਣਕਾਰੀ ਸਾਂਝੀ ਕਰੀਏ।

ਤਿੱਥ:- ਚੰਦ ਧਰਤੀ ਦੇ ਦੁਵਾਲੇ ਚੱਕਰ ਲਾਉਂਦਾ ਹੈ। ਇਹ ਚੱਕਰ, ਜਿਸ ਨੂੰ ਚੰਦ ਦਾ ਮਹੀਨਾ ਮੰਨਿਆ ਜਾਂਦਾ ਹੈ, 29.53 ਸੂਰਜੀ ਦਿਨਾਂ ਵਿਚ ਪੂਰਾ ਹੁੰਦਾ ਹੈ। ਇਸ ਸਮੇਂ ਦੌਰਾਨ ਚੰਦ ਦੀਆਂ 30 ਤਿੱਥਾਂ ਹੁੰਦੀਆਂ ਹਨ। ਚੰਦ ਦੀ ਇੱਕ ਤਿੱਥ 12º ਦੇ ਬਰਾਬਰ ਹੁੰਦੀ ਹੈ। ਚੰਦ ਦੀ ਧਰਤੀ ਤੋਂ ਦੂਰੀ ਵੱਧਦੀ-ਘੱਟਦੀ ਰਹਿੰਦੀ ਹੈ, ਇਸ ਕਾਰਨ ਚੰਦ ਨੂੰ 12º ਦਾ ਸਫਰ ਤਹਿ ਕਰਨ ਦਾ ਸਮਾਂ ਵੀ ਵੱਧਦਾ ਘੱਟਦਾ ਰਹਿੰਦਾ ਹੈ। ਇਹ ਲੱਗ-ਭੱਗ 20.5 ਤੋਂ 26.5 ਘੰਟੇ ਦੇ ਦਰਮਿਆਨ ਹੁੰਦਾ ਹੈ। ਸੂਰਜ ਚੜਨ ਵੇਲੇ ਦੀ ਤਿੱਥ, ਉਸ ਦਿਨ ਦੀ ਤਿੱਥ ਗਿਣੀ ਜਾਂਦੀ ਹੈ। ਇਹ ਹੀ ਕਾਰਨ ਹੈ ਇਕ ਸੂਰਜੀ ਦਿਨ ਵਿੱਚ ਦੋ ਤਿੱਥਾਂ ਜਿਵੇ 21 ਫਰਵਰੀ 2023 ਈ: ਨੂੰ (ਫੱਗਣ ਸੁਦੀ ਏਕਮ ਅਤੇ ਦੂਜ) ਇਕ ਦਿਨ ਹੀ ਸਨ, ਅਤੇ ਦੋ ਸੂਰਜੀ ਦਿਨਾਂ ਵਿਚ ਚੰਦ ਦੀ ਇਕ ਤਿੱਥ, (2 ਅਤੇ 3 ਮਾਰਚ ਨੂੰ ਫੱਗਣ ਸੁਦੀ ਇਕਾਦਸ਼ੀ) ਅਕਸਰ ਹੀ ਆ ਜਾਂਦੀਆਂ ਹਨ। ਸਿੱਖ ਇਤਿਹਾਸ ਦੇ ਕਈ ਦਿਹਾੜੇ ਇਸ ਅਨੁਸਾਰ ਦਰਜ ਹਨ ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7 ਸੰਮਤ 1723 ਬਿਕ੍ਰਮੀ।ਚੰਦ ਦੇ ਸਧਾਰਨ ਸਾਲ ਵਿਚ 354 ਦਿਨ ਹੁੰਦੇ ਹਨ। 19 ਸਾਲਾਂ ਵਿੱਚ 7 ਸਾਲ ਅਜੇਹੇ ਹੁੰਦੇ ਹਨ ਜਿਨ੍ਹਾਂ ਵਿੱਚ ਚੰਦ ਦੇ ਸਾਲ ਵਿੱਚ 384 ਦਿਨ ਹੁੰਦੇ ਹਨ। ਤਾਰੀਖ:- ਅੰਗਰੇਜੀ ਕੈਲੰਡਰ ਦੇ ਦਿਨਾਂ ਦੀ ਗਿਣਤੀ ਤਾਰੀਖ਼ਾਂ ਵਿੱਚ ਕੀਤੀ ਜਾਂਦੀ ਹੈ। ਅੰਗਰੇਜਾਂ ਦੇ ਆਉਣ ਤੋਂ ਪਿਛੋਂ, ਬਿਕ੍ਰਮੀ ਕੈਲੰਡਰ ਦੀਆਂ ਤਾਰੀਖਾਂ (ਤਿੱਥਾਂ ਅਤੇ ਪ੍ਰਵਿਸ਼ਟੇ) ਨੂੰ ਅੰਗਰੇਜੀ ਤਾਰੀਖ਼ਾਂ ਵਿੱਚ ਲਿਖਣ ਦਾ ਰਿਵਾਜ ਚੱਲ ਪਿਆ ਸੀ। ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 22 ਦਸੰਬਰ 1666ਈ: ਜੂਲੀਅਨ। ਜੂਲੀਅਨ ਸਾਲ ਦੀ ਲੰਬਾਈ 365.25 ਦਿਨ ਸੀ। ਅਕਤੂਬਰ 1582 ਈ: ਵਿੱਚ ਇਸ ਕੈਲੰਡਰ ਵਿੱਚ ਸੋਧ ਕੀਤੀ ਗਈ ਸੀ ਅਤੇ ਸਾਲ ਦੀ ਲੰਬਾਈ 365.2425 ਦਿਨ ਮੰਨ ਲਈ ਗਈ। ਇੰਗਲੈਂਡ ਨੇ ਇਸ ਸੋਧ ਨੂੰ ਸਤੰਬਰ 1752 ਈ: ਵਿਚ ਮਾਨਤਾ ਦਿੱਤੀ ਸੀ।

ਪ੍ਰਵਿਸ਼ਟਾ:- ਸੂਰਜੀ ਬਿਕ੍ਰਮੀ ਕੈਲੰਡਰ ਦੇ ਦਿਨਾਂ ਦੀ ਗਿਣਤੀ ਪ੍ਰਵਿਸ਼ਟਿਆਂ ਵਿੱਚ ਕੀਤੀ ਜਾਂਦੀ ਹੈ। ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 23 ਪੋਹਸੰਮਤ 1723 ਬਿਕ੍ਰਮੀ। ਗੁਰੂ ਕਾਲ ਵੇਲੇ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਦੇ ਸਾਲ ਦੀ ਲੰਬਾਈ 365.2587 ਦਿਨ ਸੀ 1964 ਈ: ਵਿੱਚ ਹਿੰਦੂ ਵਿਦਵਾਨਾਂ ਵਲੋ ਕੀਤੀ ਗਈ ਸੋਧ ਮੁਤਾਬਕ ਇਸ ਸਾਲ ਦੀ ਲੰਬਾਈ 365.2563 ਦਿਨ ਮੰਨ ਲਈ ਗਈ ਸੀ। ਹੁਣ ਇਸ ਨੂੰ ਦ੍ਰਿਕ ਗਣਿਤ ਸਿਧਾਂਤ ਕਹਿੰਦੇ ਹਨ।

| ਸੰਮਤ | ਸਾਕਾ ਨਨਕਾਣਾ ਸਾਹਿਬ | | ਜੈਤੋ ਦਾ ਮੋਰਚਾ | |
|---|---|---|---|---|
| | ਪ੍ਰਵਿਸ਼ਟਾ | ਤਾਰੀਖ | ਪ੍ਰਵਿਸ਼ਟਾ | ਤਾਰੀਖ |
| 546 | 9 ਫੱਗਣ | 21 ਫਰਵਰੀ | 9 ਫੱਗਣ | 21 ਫਰਵਰੀ |
| 547 | 9 ਫੱਗਣ | 21 ਫਰਵਰੀ | 9 ਫੱਗਣ | 21 ਫਰਵਰੀ |
| 548 | 10 ਫੱਗਣ | 21 ਫਰਵਰੀ | 10 ਫੱਗਣ | 21 ਫਰਵਰੀ |
| 549 | 10 ਫੱਗਣ | 21 ਫਰਵਰੀ | 10 ਫੱਗਣ | 21 ਫਰਵਰੀ |
| 550 | 10 ਫੱਗਣ | 22 ਫਰਵਰੀ | 10 ਫੱਗਣ | 22 ਫਰਵਰੀ |
| 551 | 9 ਫੱਗਣ | 21 ਫਰਵਰੀ | 9 ਫੱਗਣ | 21 ਫਰਵਰੀ |
| 552 | 10 ਫੱਗਣ | 21 ਫਰਵਰੀ | 10 ਫੱਗਣ | 21 ਫਰਵਰੀ |
| 553 | 10 ਫੱਗਣ | 21 ਫਰਵਰੀ | 10 ਫੱਗਣ | 21 ਫਰਵਰੀ |
| 554 | 9 ਫੱਗਣ | 21 ਫਰਵਰੀ | 9 ਫੱਗਣ | 21 ਫਰਵਰੀ |
| 555 | 9 ਫੱਗਣ | 21 ਫਰਵਰੀ | 9 ਫੱਗਣ | 21 ਫਰਵਰੀ |

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਕੈਲੰਡਰ ਵਿੱਚ ਤਿੰਨ ਵੱਖ-ਵੱਖ ਕੈਲੰਡਰਾਂ ਮੁਤਾਬਕ ਤਾਰੀਖਾਂ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ ਪਰ ਦਰਜ ਪ੍ਰਵਿਸ਼ਟਿਆਂ ਵਿੱਚ ਹੀ ਕੀਤੀਆਂ ਜਾਂਦੀਆਂ ਹਨ। ਇਹ ਹੀ ਕਾਰਨ ਹੈ ਕਿ ਹਰ ਸਾਲ ਚੰਦ ਮੁਤਾਬਕ ਨਿਰਧਾਰਤ ਕੀਤੀਆਂ ਤਾਰੀਖਾਂ ਤਾਂ ਬਦਲਣੀਆਂ ਹੀ ਹਨ, ਸੂਰਜੀ ਕੈਲੰਡਰਾਂ ਦੇ ਪ੍ਰਵਿਸ਼ਟੇ ਅਤੇ ਤਾਰੀਖਾਂ ਵੀ ਬਦਲ ਜਾਂਦੀਆਂ ਹਨ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਦੋ ਬੇੜੀਆਂ ਦਾ ਸਵਾਰ ਪਾਰ ਨਹੀਂ ਲੱਗਦਾ। ਸ਼੍ਰੋਮਣੀ ਕਮੇਟੀ ਤਾਂ ਆਪ ਮੰਨਦੀ ਹੈ ਕਿ ਉਹ ਤਿੰਨ ਬੇੜੀਆਂ ਦੀ ਸਵਾਰ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਸੰਮਤ 555, ਦੇ ਨਾਮ ਹੇਠ ਛਾਪੇ ਗਏ ਕੈਲੰਡਰ ਨੂੰ ਇਸ ਸਾਲ ਆ ਰਹੀਆਂ ਤਿੰਨ ਸ਼ਤਾਬਦੀਆਂ ਨੂੰ ਸਮਰਪਿਤ ਕੀਤਾ ਗਿਆ ਹੈ। ਇਨ੍ਹਾਂ 'ਚ ਇਕ ਹੈ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ। ਕੈਲੰਡਰ ਵਿੱਚ ਇਹ ਦਿਹਾੜਾ 5 ਮਈ (22 ਵੈਸਾਖ) ਦਾ ਦਰਜ ਹੈ। ਵੱਖ-ਵੱਖ ਵਸੀਲਿਆਂ ਤੋਂ ਮਿਲੀ ਜਾਣਕਾਰੀ ਮੁਤਾਬਕਸ. ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ 5 ਮਈ 1723 ਈ: (ਜੂਲੀਅਨ) ਨੂੰ ਹੋਇਆ ਸੀ। ਹੁਣ ਸ਼੍ਰੋਮਣੀ ਕਮੇਟੀ ਵੀ ਇਸੇ ਤਾਰੀਖ ਮੁਤਾਬਕ ਭਾਵ 5 ਮਈ ਨੂੰ, ਅੰਗਰੇਜੀ ਤਾਰੀਖ ਮੁਤਾਬਕ ਹੀ ਤੀਜੀ ਜਨਮ ਸ਼ਤਾਬਦੀ ਮਨਾ ਰਹੀ ਹੈ। ਇਹ ਘੋੜੇ ਚੜ੍ਹੀ ਸਚਾਈ ਹੈ ਕਿ ਜੂਲੀਅਨ ਕੈਲੰਡਰ ਕਦੇ ਵੀ ਆਪਣੇ ਦੇਸ਼ ਵਿਚ ਲਾਗੂ ਨਹੀਂ ਹੋਇਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹੜਾ ਕੈਲੰਡਰ ਕਦੇ ਲਾਗੂ ਹੀ ਨਹੀਂ ਹੋਇਆ, ਉਸ ਵਿੱਚ ਇਤਿਹਾਸ ਕਿਵੇਂ ਲਿਖਿਆ ਜਾ ਸਕਦਾ ਹੈ? ਜਦੋਂ 5 ਮਈ 1723 ਈ: ਜੂਲੀਅਨ ਨੂੰ, ਆਪਣੇ ਖਿੱਤੇ ਵਿੱਚ ਲਾਗੂ ਕੈਲੰਡਰ ਵਿੱਚ ਵੇਖੀਏ ਤਾਂ ਇਹ 7 ਜੇਠ ਸੰਮਤ 1780 ਬਿਕ੍ਰਮੀ ਬਣਦੀ ਹੈ। ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ ਇਸ ਸਾਲ 7 ਜੇਠ, 21 ਮਈ ਨੂੰ ਆਉਂਦੀ ਹੈ। ਪਰ ਸ਼੍ਰੋਮਣੀ ਕਮੇਟੀ ਇਹ ਦਿਹਾੜਾ 5 ਮਈ ਨੂੰ ਮਨਾ ਰਹੀ ਹੈ। ਦੂਜੇ ਪਾਸੇ, ਸ਼੍ਰੋਮਣੀ ਕਮੇਟੀ ਜੱਸਾ ਸਿੰਘ ਆਹਲੂ-ਵਾਲੀਆਂ ਦਾ ਜਨਮ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ ਹਰ ਸਾਲ 5 ਜੇਠ ਨੂੰ ਹੀ ਮਨਾਉਂਦੀ ਹੈ। ਯਾਦ ਰਹੇ ਸ. ਜੱਸਾ ਸਿੰਘ ਆਹਲੂਵਾਲੀਆਂ ਦਾ ਜਨਮ 5 ਜੇਠ ਸੰਮਤ 1775 ਬਿਕ੍ਰਮੀ ਨੂੰ ਹੋਇਆ ਸੀ। ਜੇ ਇਸ ਦਿਨ ਦੀ ਜੂਲੀਅਨ ਤਾਰੀਖ ਵੇਖੀਏ ਤਾਂ ਇਹ 3 ਮਈ 1718 ਈ: ਬਣਦੀ ਹੈ। ਪਰ ਸ਼੍ਰੋਮਣੀ ਕਮੇਟੀ ਇਹ ਦਿਹਾੜਾ 3 ਮਈ ਨੂੰ ਨਹੀਂ, ਹਰ ਸਾਲ 5 ਜੇਠ ਨੂੰ ਮਨਾਉਂਦੀ ਹੈ।ਅਕਾਲੀ ਫੂਲਾ ਸਿੰਘ ਦਾ ਸ਼ਹੀਦੀ ਦਿਹਾੜਾ 14 ਮਾਰਚ /1 ਚੇਤ ਨੂੰ ਮਨਾ ਰਹੀ ਹੈ, ਜਦੋਂ ਕਿ ਉਨ੍ਹਾਂ ਦੀ ਸ਼ਹੀਦੀ 3 ਚੇਤ ਨੂੰ ਹੋਈ ਸੀ। ਸਾਕਾ ਨਨਕਾਣਾ ਸਾਹਿਬ 9 ਫੱਗਣ/21 ਫਰਵਰੀ ਦਾ ਦਰਜ ਹੈ। ਨਾ ਤਾਂ ਉਸ ਦਿਨ 9 ਫੱਗਣ ਸੀ ਅਤੇ ਨਾ ਹੀ 21 ਫਰਵਰੀ, ਇਹ ਸਾਕਾ ਤਾਂ 10 ਫੱਗਣ ਮੁਤਾਬਕ 20 ਫਰਵਰੀ ਨੂੰ ਵਾਪਰਿਆ ਸੀ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਕੀ ਮਜ਼ਬੂਰੀ ਹੈ ਕਿ ਉਹ ਸ. ਜੱਸਾ ਸਿੰਘ ਆਹਲੂਵਾਲੀਆਂ ਦਾ ਜਨਮ ਦਿਹਾੜਾ ਤਾਂ ਪ੍ਰਵਿਸ਼ਟਿਆਂ ਮੁਤਾਬਕ ਮਨਾਉਂਦੀ ਹੈ ਪਰ ਸ. ਜੱਸਾ ਸਿੰਘ ਰਾਮਗੜ੍ਹੀਏ ਦਾ ਜਨਮ ਦਿਹਾੜਾ ਅੰਗਰੇਜੀ ਤਾਰੀਖ ਮੁਤਾਬਕ? ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਤਿੱਥ (ਵਦੀ-ਸੁਦੀ) ਮੁਤਾਬਕ, ਪਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਪ੍ਰਵਿਸ਼ਟਿਆਂ ਮੁਤਾਬਕ? ਗੁਰੂ ਗ੍ਰੰਥ ਸਾਹਿਬ ਦੀ ਦਾ ਸੰਪੂਰਨਤਾ ਦਿਵਸ ਪ੍ਰਵਿਸ਼ਟਿਆਂ ਮੁਤਾਬਕ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਵਦੀ-ਸੁਦੀ (ਤਿੱਥ) ਮੁਤਾਬਕ? ਹੋਲਾ ਮਹਲਾ ਵਦੀ-ਸੁਦੀ ਮੁਤਾਬਕ ਅਤੇ ਵੈਸਾਖੀ ਪ੍ਰਵਿਸ਼ਟਿਆਂ ਮੁਤਾਬਕ? ਬਾਬਾ ਬੰਦਾ ਬਹਾਦਰ ਜੀ ਵੱਲੋਂ ਸਰਹਿੰਦ ਤੇ ਫ਼ਤਿਹ ਦਿਵਸ ਤਾਰੀਖਾਂ ਮੁਤਾਬਕ ਅਤੇ ਬਾਬਾ ਬੰਦਾ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ? ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸ਼੍ਰੋਮਣੀ ਕਮੇਟੀ, ਸਾਰੇ ਦਿਹਾੜੇ ਆਪਣੇ ਕੈਲੰਡਰ ਮੁਤਾਬਕ ਭਾਵ ਪ੍ਰਵਿਸ਼ਟਿਆਂ ਮੁਤਾਬਕ ਹੀ ਕਿਉ ਨਹੀਂ ਮਨਾਉਂਦੀ? ਕੀ ਸ਼੍ਰੋਮਣੀ ਕਮੇਟੀ ਨੂੰ ਖ਼ੁਦ ਜਾਂ ਉਸ ਦੇ ਸਲਾਹਕਾਰਾਂ ਨੂੰ ਇਹ ਸੋਝੀ ਨਹੀਂ ਹੈ ਜਾਂ ਕਿਸੇ ਗਿਣੀ-ਮਿਥੀ ਸ਼ਾਜਿਸ ਤਹਿਤ ਜਾਣ ਬੁਝ ਕੇ ਭੰਵਲਭੂਸਾ ਪੈਦਾ ਕਰ ਰਹੀ ਹੈ?







## ਅੰਤਰ ਰਾਸ਼ਟਰੀ ਇਸਤਰੀ ਦਿਵਸ ’ਤੇ ਵਿਸ਼ੇਸ਼

# ਸਿੱਖ ਧਰਮ ਵਿਚ ਇਸਤਰੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਮਾਨਵਵਾਦੀ ਧਰਮ ਦੀ ਲਹਿਰ ਚਲਾਈ। ਉਹਨਾਂ ਦੀ ਰਹਿਨੁਮਾਈ ਨੂੰ ਚਲਾਉਂਦੇ ਸਾਰੇ ਗੁਰੂਆਂ ਨੇ ਬੜੀ ਸਫਲਤਾ ਨਾਲ ਅੱਗੇ ਤੋਰਿਆ। ਜੋ ਅੱਜ ਸਿੱਖ ਧਰਮ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚੋਂ ਇਕ ਹੈ। ਸਿੱਖ ਸਿਧਾਂਤ ਵਿਚ ਬਰਾਬਰਤਾ ਦਾ ਉਪਦੇਸ਼ ਹੈ ਕਿ ਹੇ ਪ੍ਰਭੂ! ਮੈਂ ਤੈਥੋਂ ਇਹੀ ਮੰਗਦਾ ਹਾਂ ਕਿ ਤੇਰਾ ਨਾਨਕ ਉਹਨਾਂ ਬੰਦਿਆਂ ਨਾਲ ਸਾਥ ਬਣਾਵੇ ਜੋ ਨੀਵੀਂ ਤੋਂ ਨੀਵੀਂ ਜਾਤਿ ਦੇ ਹਨ। ਜੋ ਨੀਵਿਆਂ ਤੋਂ ਵੀ ਅਤਿ ਨੀਵੇਂ ਅਖਵਾਉਂਦੇ ਹਨ। ਮੈਨੂੰ ਮਾਇਆ ਧਾਰੀਆਂ ਦੇ ਰਾਹੇ ਤੁਰਨ ਦੀ ਕੋਈ ਤਾਂਘ ਨਹੀਂ, ਕਿਉਂਕਿ ਮੈਨੂੰ ਪਤਾ ਹੈ ਕਿ ਤੇਰੀ ਮਿਹਰ ਦੀ ਨਜ਼ਰ ਉਥੇ ਹੈ, ਜਿੱਥੇ ਗਰੀਬਾਂ ਦੀ ਸਾਰ ਲਈ ਜਾਂਦੀ ਹੈ। ਅੰਗ-15

ਮਾਨਵਵਾਦ ਤੋਂ ਸਪਸ਼ਟ ਹੈ ਕਿ ਮਨੁੱਖੀ ਬਰਾਬਰੀ ਦੀ ਵਿਚਾਰਧਾਰਾ ਹੈ। ਇਸਦਾ ਸਬੰਧ ਇਸਤਰੀ ਵਰਗ ਨਾਲ ਵੀ ਉਤਨਾ ਹੀ ਹੈ ਜਿਤਨਾ ਕਿ ਪੁਰਸ਼ ਵਰਗ ਨਾਲ। ਸਿੱਖ ਗੁਰੂਆਂ ਨੇ ਜਿੱਥੇ ਸਮਾਜ ਦੀਆਂ ਬੁਰਾਈਆਂ ਵਿਰੁੱਧ ਆਵਾਜ਼ ਉਠਾਈ, ਉਸ ਵਿਚ ਇਸਤਰੀ ਦੀ ਬਰਾਬਰੀ ਦੀ ਵੀ ਹਾਮੀ ਭਰੀ। ਇਸਤਰੀਆਂ ਦੇ ਮਾਣ-ਸਤਿਕਾਰ ਵਿਚ ਪੁਰਸ਼ ਦੇ ਬਰਾਬਰ ਹੱਕ ਦਿੱਤਾ ਹੈ। ਇਸਤਰੀਆਂ ਸਮਾਜਿਕ, ਸਭਿਆਚਾਰਕ ਵਿਵਹਾਰਕ, ਧਾਰਮਿਕ ਸਿੱਖਿਆ, ਰਾਜਨੀਤੀ ਦੇ ਖੇਤਰਾਂ ਵਿਚ ਹਿੱਸਾ ਲੈ ਸਕਦੀਆਂ ਹਨ। ਸਿੱਖ ਗੁਰੂਆਂ ਨੇ ਬਰਾਬਰੀ ਵਿਚ ਇਸਤਰੀਆਂ ਨੂੰ ਜ਼ਿੰਮੇਵਾਰੀਆਂ ਨਿਭਾਉਣ ਲਈ ਉਤਸ਼ਾਹਿਤ ਕੀਤਾ। ਸਿੱਖ ਇਤਿਹਾਸ ਵਿਚ ਇਸਤਰੀਆਂ ਦੀ ਸ਼ਰਧਾ, ਲਗਨ, ਸੇਵਾ, ਬਹਾਦਰੀ ਅਤੇ ਕੁਰਬਾਨੀ ਆਦਿ ਨੂੰ ਪੁਰਸ਼ਾਂ ਦੇ ਬਰਾਬਰ ਪੇਸ਼ ਕੀਤਾ। ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਹੋਕਾ ਦਿੱਤਾ ਕਿ ਸਤੀ ਦੀ ਰਸਮ, ਬਾਲ ਵਿਆਹ, ਪਰਦੇ ਦੀ ਰਸਮ ਦੀ ਨਿਖੇਧੀ ਕੀਤੀ। ਇਸਤਰੀਆਂ ਨੂੰ ਪ੍ਰਚਾਰ ਅਤੇ ਪ੍ਰਬੰਧ ਨਾਲ ਜੋੜ ਕੇ ਸੇਵਾ ਵਿਚ ਲਾਇਆ।

ਮਾਤਾ ਖੀਵੀ ਜੀ ਦੀ ਸੇਵਾ ਗੁਰਬਾਣੀ ਵਿਚ ਦਰਜ ਹੈ ਕਿ : ਹੇ ਬਲਵੰਡ, ਮਾਤਾ ਖੀਵੀ ਜੀ ਵੀ ਆਪਣੇ ਪਤੀ ਗੁਰੂ ਅੰਗਦ ਦੇਵ ਸਾਹਿਬ ਜੀ ਵਾਂਗ ਭਲੇ ਹਨ। ਮਾਤਾ ਖੀਵੀ ਜੀ ਦੀ ਛਾਂ ਬਹੁਤ ਪੱਤਰਾਂ ਵਾਲੀ ਸੰਘਣੀ ਹੈ। ਭਾਵ ਮਾਤਾ ਖੀਵੀ ਜੀ ਪਾਸ ਬੈਠਿਆਂ ਵੀ ਹਿਰਦੇ ਵਿਚ ਸ਼ਾਂਤੀ, ਠੰਡ ਪੈਦਾ ਹੁੰਦੀ ਹੈ। ਜਿਵੇਂ ਗੁਰੂ ਅੰਗਦ ਦੇਵ ਜੀ ਦੇ ਸਤਸੰਗ ਰੂਪੀ ਲੰਗਰਾਂ ਵਿਚ ਨਾਮ ਦੀ ਦੌਲਤ ਵੰਡੀ ਜਾ ਰਹੀ ਹੈ। ਅੰਗ- 967

ਇਸਤਰੀ ਦੀ ਸਮਰੱਥਾ ਅਤੇ ਗੁਣਾਂ ਨੂੰ ਗੁਰਬਾਣੀ ਵਿਚ ਦੱਸਿਆ ਹੈ ਕਿ ਇਸਤਰੀ ਤੋਂ ਜਨਮ ਲਈਦਾ ਹੈ। ਇਸਤਰੀ ਦੇ ਪੇਟ ਵਿਚ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ। ਇਸਤਰੀ ਦੇ ਰਾਹੀਂ ਹੀ ਕੁੜਮਾਈ ਤੇ ਵਿਆਹ ਹੁੰਦਾ ਹੈ। ਇਸਤਰੀ ਦੇ ਰਾਹੀਂ ਹੀ ਹੋਰ ਲੋਕਾਂ ਨਾਲ ਸਬੰਧ ਬਣਦਾ ਹੈ। ਇਸਤਰੀ ਤੋਂ ਹੀ ਜਗਤ ਦੀ ਉਤਪੱਤੀ ਦਾ ਰਸਤਾ ਚਲਦਾ ਹੈ। ਜੇ ਇਸਤਰੀ ਮਰ ਜਾਵੇ ਤਾਂ ਹੋਰ ਇਸਤਰੀ ਦੀ ਭਾਲ ਕਰੀਦੀ ਹੈ। ਜਿਸ ਇਸਤਰੀ ਜਾਤੀ ਤੋਂ ਰਾਜੇ ਵੀ ਜੰਮਦੇ ਹਨ, ਉਸਨੂੰ ਮੰਦਾ ਆਖਣਾ ਠੀਕ ਨਹੀਂ ਹੈ। ਇਸਤਰੀ ਤੋਂ ਹੀ ਇਸਤਰੀ ਪੈਦਾ ਹੁੰਦੀ ਹੈ। ਜਗਤ ਵਿਚ ਕੋਈ ਵੀ ਜੀਵ ਇਸਤਰੀ ਤੋਂ ਬਿਨਾਂ ਪੈਦਾ ਨਹੀਂ ਹ ਸਕਦਾ। ਹੇ ਨਾਨਕ! ਕੇਵਲ ਇਕ ਸੱਚਾ ਪ੍ਰਭੂ ਹੀ ਹੈ ਜੋ ਇਸਤਰੀ ਤੋਂ ਨਹੀਂ ਜੰਮਿਆ। ਭਾਵੇਂ ਮਨੁੱਖ ਹੋਵੇ ਭਾਵੇਂ ਇਸਤਰੀ ਜੋ ਵੀ ਮੂੰਹੋਂ ਸਦਾ ਪ੍ਰਭੂ ਦੇ ਗੁਣ ਗਾਉਂਦਾ ਹੈ, ਉਸਦੇ ਮੱਥੇ ਉੱਤੇ ਭਾਗਾਂ ਦੀ ਮਣੀ ਹੈ। ਭਾਵ ਉਸਦਾ ਮੱਥਾ ਭਾਗਾਂ ਵਾਲਾ ਹੈ। ਹੇ ਨਾਨਕ! ਉਹੀ ਮੁਖ ਉਸੇ ਸੱਚ ਪ੍ਰਭੂ ਦੇ ਦਰਬਾਰ ਸੋਹਣੇ ਲੱਗਦੇ ਹਨ। ਅੰਗ 473

ਮਰਦ ਅਤੇ ਇਸਤਰੀ ਜੀਵਨ ਦੀ ਗੱਡੀ ਦੇ ਦੋ ਪਹੀਏ ਹਨ। ਗੁਰਬਾਣੀ ਅਨੁਸਾਰ ਸਾਡਾ ਪਤੀ ਕੇਵਲ ਇਕ ਰੱਬ ਹੀ ਹੈ ਤੇ ਅਸੀਂ ਸਾਰੇ ਉਸਦੀਆਂ ਪਤਨੀਆਂ ਹਾਂ। ਇਸ ਸੰਸਾਰ ਵਿਚ ਪਤੀ ਇਕ ਪ੍ਰਮਾਤਮਾ ਹੀ ਹੈ। ਹੋਰ ਸਾਰੀ ਸ੍ਰਿਸ਼ਟੀ ਉਸਦੀਆਂ ਇਸਤਰੀਆਂ ਹਨ। ਅੰਗ 592

ਗੁਰਬਾਣੀ ਉਪਦੇਸ਼ ਮਰਦ ਅਤੇ ਇਸਤਰੀ ਦੋਹਾਂ ਲਈ ਹੈ। ਅਤੇ ਸਾਰਿਆਂ ਲਈ ਵੀ ਹੈ। ਸੁਲੱਖਣੀ ਜੀਵ ਇਸਤਰੀ ਦੇ 32 ਗੁਣ ਦੱਸੇ ਹਨ। ਇਸਤਰੀ ਨੂੰ ਭਗਤੀ ਰੂਪ ਦੱਸਦਿਆਂ ਗੁਰਬਾਣੀ ਦਾ ਉਪਦੇਸ਼ ਹੈ ਕਿ- ਇਹ ਭਗਤੀ ਰੂਪ ਇਸਤਰੀ ਦਯਾ, ਨਿਮਰਤਾ, ਲੱਜਾ ਆਦਿਕ 32 ਸੋਹਣੇ ਲੱਛਣਾਂ ਵਾਲੀ ਹੈ। ਸਦਾ-ਥਿਰ ਪ੍ਰਮਾਤਮਾ ਦਾ ਨਾਮ ਇਸਦੀ ਸੰਤਾਨ ਹੈ। ਪੁੱਤਰ ਹਨ, ਪਰ ਇਹ ਇਸਤਰੀ ਆਗਿਆ ਵਿਚ ਤੁਰਨ ਵਾਲੀ ਹੈ। ਸੁਚੱਜੀ ਹੈ, ਸੋਹਣੇ ਰੂਪ ਵਾਲੀ ਹੈ। ਜੀਵ-ਕੰਤ ਦੀ ਹਰੇਕ ਇੱਛਾ ਇਹ ਪੂਰੀ ਕਰਦੀ ਹੈ। ਦਿਰਾਣੀ, ਜੇਠਾਣੀ (ਆਸ਼ਾ ਤ੍ਰਿਸ਼ਨਾ) ਨੂੰ ਇਹ ਹਰ ਤਰ੍ਹਾਂ ਦਾ ਸੰਤੋਖ ਦਿੰਦੀ ਹੈ। ਸ਼ਾਂਤ ਕਰਦੀ ਹੈ।

ਅੰਗ 370-371

ਵਿਆਹ ਦੀਆਂ ਰਸਮਾਂ ਅਤੇ ਅਨੰਦ ਕਾਰਜ ਤੋਂ ਬਾਅਦ ਲੜਕੇ ਲੜਕੀ ਨੂੰ ਆਗਿਆ ਦਿੱਤੀ ਜਾਂਦੀ ਹੈ ਕਿ ਅੱਜ ਤੋਂ ਤੁਸੀਂ ਇਕੱਠਿਆਂ ਜ਼ਿੰਦਗੀ ਬਿਤਾਉਣੀ ਹੈ। ਉਚੇਚੇ ਤੌਰ ’ਤੇ ਲੜਕੀ ਨੂੰ ਇਹ ਗੱਲ ਸਮਝਾਈ ਜਾਂਦੀ ਹੈ ਕਿ ਅੱਜ ਤੋਂ ਬਾਅਦ ਤੁਸੀਂ ਇਕ ਹੋ ਕੇ ਰਹਿਣਾ ਹੈ। ਸ਼ੇਖ ਫ਼ਰੀਦ ਜੀ ਫੁਰਮਾਉਂਦੇ ਹਨ: ਪ੍ਰਮਾਤਮਾ ਨੂੰ ਭਾਲਣ ਵਾਲੀਏ ਹੇ ਜੀਵ ਇਸਤਰੀਏ ਤੂੰ ਅੰਮ੍ਰਿਤ ਵੇਲੇ ਉੱਠ ਕੇ ਪਤੀ ਪ੍ਰਮਾਤਮਾ ਨੂੰ ਮਿਲਣ ਦੀ ਬੰਦਗੀ ਕਰਦੀ ਹੈ। ਪਰ ਤੈਨੂੰ ਅਜੇ ਵੀ ਨਹੀਂ ਮਿਲਿਆ। ਤੇਰੇ ਆਪਣੇ ਅੰਦਰ ਹੀ ਕੋਈ ਕਸਰ ਹੈ। ਜਿਹਨਾਂ ਦਾ ਨਾਮ ਸੁਹਾਗਣ ਹੈ, ਉਹਨਾਂ ਦੇ ਅੰਦਰ ਕੋਈ ਹੋਰ ਟੇਕ ਨਹੀਂ ਹੁੰਦੀ ਭਾਵ ਪਤੀ ਮਿਲਾਪ ਦੀ ਦਾਤਿ ਉਹਨਾਂ ਨੂੰ ਹੀ ਮਿਲਦੀ ਹੈ ਜੋ ਅੰਮ੍ਰਿਤ ਵੇਲੇ ਉੱਠਣ ਦਾ ਕੋਈ ਹੱਕ ਨਹੀਂ ਜਮਾਂਦੀਆਂ। ਅੰਗ 1384

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਫ਼ਰਮਾਇਆ ਹੈ ਕਿ ਜਿਸਦੇ ਅੰਦਰ ਸੱਚ ਹੈ ਉਹੀ ਅਸਲ ਸੁਹਾਗਣ ਹੈ। ਹੇ ਨਾਨਕ! ਇਸਤੋਂ ਬਿਨਾਂ ਸੁਹਾਗ-ਭਾਗ ਵਾਲੀ ਜੀਵ ਇਸਤਰੀ ਦਾ ਹੋਰ ਕੀ ਲੱਛਣ ਹੋ ਸਕਦਾ ਹੈ। ਉਸਦੇ ਅੰਦਰ ਸੱਚਾ ਨਾਮ ਹੋਵੇ। ਮੂੰਹ ਉੱਤੇ ਨਾਮ ਦੀ ਲਾਲੀ ਹੋਵੇ, ਉਹ ਖਸਮ ਪ੍ਰਭੂ ਨਾਲ ਜੁੜੀ ਰਹੇ। ਅੰਗ 785

ਵਿਆਹੁਤਾ ਜੀਵਨ ਕੀ ਹੈ? ਜੋ ਸਿਰਫ ਸਰੀਰਕ ਤੌਰ ਤੇ ਰਲ ਕੇ ਬਹਿਣ, ਉਹਨਾਂ ਨੂੰ ਅਸਲ ਇਸਤ੍ਰੀ ਖਸਮ ਨਹੀਂ ਆਖੀਦਾ।ਜਿਹਨਾਂ ਦੇ ਦੋਹਾਂ ਜਿਸਮਾਂ ਵਿਚ ਇਕੋ ਆਤਮਾ ਹੋ ਜਾਵੇ, ਉਹ ਹੈ ਇਸਤ੍ਰੀ ਤੇ ਉਹ ਪਤੀ- 788

ਗੁਰਬਾਣੀ ਵਿਚ ਪ੍ਰਾਣੀਆਂ ਨੂੰ ਇਸਤਰੀ ਦੇ ਰੂਪ ਵਿਚ ਪੇਸ਼ ਕਰਕੇ ਪ੍ਰਭੂ ਮਿਲਣ ਦਾ ਹਵਾਲਾ ਹੈ ਕਿ: ਹੇ ਸਤਿਸੰਗਣ ਭੈਣੋ ਤੇ ਸਹੇਲੀਓ! ਆਓ ਪਿਆਰ ਨਾਲ ਇਕੱਠੀਆਂ ਹੋਵੀਏ, ਸਤਿਸੰਗ ਵਿਚ ਮਿਲ ਕੇ ਉਸ ਖਸਮ ਪ੍ਰਭੂ ਦੀਆਂ ਗੱਲਾਂ ਕਰੀਏ। ਜੋ ਸਾਰੀਆਂ ਤਾਕਤਾਂ ਵਾਲਾ ਹੈ।ਹੇ ਸਹੇਲੀਓ, ਉਸ ਸਦਾ ਥਿਰ ਮਾਲਕ ਵਿਚ ਸਾਰੇ ਗੁਣ ਹੀ ਗੁਣ ਹਨ। ਉਸਤੋਂ ਵਿੱਛੜ ਕੇ ਸਾਰੇ ਔਗੁਣ ਸਾਡੇ ਵਿਚ ਆ ਜਾਂਦੇ ਹਨ। ਅੰਗ 17

ਇਸਤ੍ਰੀ ਰੂਪੀ ਪ੍ਰਾਣੀ ਦਾ ਦਾਜ ਕੀ ਹੈ? ਹੇ ਮੇਰੇ ਪਿਤਾ ਮੈਂ ਤੇਰੇ ਕੋਲ ਦਾਜ ਮੰਗਦੀ ਹਾਂ। ਮੈਨੂੰ ਹਰੀ ਦੇ ਨਾਮ ਦਾ ਦਾਨ ਦੇ। ਮੈਨੂੰ ਇਹੀ ਦਾਜ ਦੇ।ਮੈਨੂੰ ਹਰੀ ਦੇ ਨਾਮ ਦਾ ਹੀ ਕੱਪੜਾ ਦੇ। ਮੈਨੂੰ ਹਰੀ ਦੇ ਨਾਮ ਹੀ ਦਾਜ ਦੇ ਗਹਿਣੇ ਆਦਿਕ ਧੰਨ ਦੇਹ। ਇਸੇ ਦਾਜ ਨਾਲ ਮੇਰਾ ਪ੍ਰਭੂ ਪਤੀ ਨਾਲ ਵਿਆਹ ਸੋਹਣਾ ਲੱਗ ਪਵੇ। ਪ੍ਰਮਾਤਮਾ ਦੀ ਭਗਤੀ ਨਾਲ ਹੀ ਪ੍ਰਮਾਤਮਾ ਨਾਲ ਵਿਆਹ ਦਾ ਉੱਦਮ ਸੁਖਦਾਈ ਬਣਦਾ ਹੈ। ਜਿਸ ਜੀਵ-ਮੁਟਿਆਰ ਨੂੰ ਗੁਰੂ ਨੇ ਸਤਿਗੁਰੂ ਨੇ ਇਹ ਦਾਨ ਇਹ ਦਾਜ ਦਿਵਾਇਆ ਹੈ। ਹਰੀ ਨਾਮ ਦੇ ਦਾਜ ਨਾਲ ਉਸਦੀ ਸ਼ੋਭਾ ਉਸਦੇ ਦੇਸ਼ ਵਿਚ ਸੰਸਾਰ ਵਿਚ ਹ ਜਾਂਦੀ ਹੈ। ਇਹ ਦਾਜ ਐਸਾ ਹੈ ਕਿ ਇਸ ਨਾਲ ਹੋਰ ਕੋਈ ਦਾਜ ਬਰਾਬਰੀ ਨਹੀਂ ਕਰ ਸਕਦਾ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਹੋਰ ਬੰਦੇ ਜਿਹੜੇ ਦਾਜ ਰੱਖ ਕੇ ਵਿਖਾਉਂਦੇ ਹਨ, ਉਹ ਝੂਠਾ ਅਹੰਕਾਰ ਪੈਦਾ ਕਰਨ ਵਾਲਾ ਹੈ। ਉਹ ਕੱਚ ਸਮਾਨ ਹੈ ਉਹ ਨਿਰਾ ਵਿਖਾਵਾ ਹੀ ਹੈ। ਹੇ ਮੇਰੇ ਪਿਤਾ ਮੈਨੂੰ ਹਰੀ ਪ੍ਰਭੂ ਦੇ ਨਾਮ ਦਾ ਦਾਨ ਦੇ ਮੈਨੂੰ ਇਹੀ ਦਾਜ ਦੇ। ਅੰਗ 79

ਇਸਤਰੀ ਤੇ ਸਤੀ ਦੀ ਰਸਮ ਥੋਪੀ ਗਈ ਨੂੰ ਸਪਸ਼ਟ ਗੁਰਬਾਣੀ ਵਿਚ ਕੀਤਾ ਗਿਆ ਹੈ ਕਿ: ਉਹ ਇਸਤਰੀਆਂ ਸਤੀ ਹੋ ਗਈਆਂ, ਨਹੀਂ ਆਖੀਦਾ ਜੋ ਪਤੀ ਦੀ ਲੋਥ ਨਾਲ ਸੜ ਮਰਦੀ ਸੀ। ਹੇ ਨਾਲਕ! ਜੋ ਪਤੀ ਦੀ ਮੌਤ ਦੇ ਵਿਛੋੜੇ ਦੀ ਹੀ ਸੱਟ ਨਾਲ ਮਰ ਜਾਣ ਉਹਨਾਂ ਨੂੰ ਸਤੀ ਹੋ ਗਈਆਂ ਸਮਝਣਾ ਚਾਹੀਦਾ ਹੈ। ਉਹਨਾਂ ਇਸਤਰੀਆਂ ਨੂੰ ਵੀ ਸਤੀ ਹੀ ਸਮਝਣਾ ਚਾਹੀਦਾ ਹੈ ਜੋ ਪਤਿਬ੍ਰਤ- ਧਰਮ ਵਿਚ ਰਹਿੰਦੀਆਂ ਹਨ। ਜੋ ਆਪਣੇ ਖਸਮ ਦੀ ਸੇਵਾ ਕਰਦੀਆਂ ਹਨ ਤੇ ਸਦਾ ਉਦਮ ਨਾਲ ਆਪਣਾ ਇਹ ਧਰਮ ਚੇਤੇ ਰੱਖਦੀਆਂ ਹਨ- 787

ਗੁਰਬਾਣੀ ਦਾ ਉਪਦੇਸ਼ ਹੈ ਕਿ ਜਦੋਂ ਪ੍ਰਭੂ ਇਸਤਰੀ ਨੂੰ ਆਪਣੀ ਬਣਾ ਲੈਂਦਾ ਹੈ- ਹੇ ਪਾਂਡੇ ਗੋਪਾਲ ਦਾ ਨਾਮ ਮਨ ਦੀ ਪੱਟੀ ਉੱਤੇ ਲਿਖ ਕੇ ਮਾਇਆ ਵੱਲ ਦੌੜ ਕੇ ਇਸ ਚੰਚਲ ਮਨ ਨੂੰ ਰੋਕ ਰੱਖ। ਭਾਵ ਅੰਤਰ-ਆਤਮੇ ਟਿਕਾਅ ਰੱਖ। ਸ੍ਰਿਸ਼ਟੀ ਮਾਇਆ ਦੇ ਔਗੁਣ ਵਿਚ ਫਸ ਕੇ ਆਪੋ ਵਿਚ ਭਿੜ ਭਿੜ ਕੇ ਆਤਮਕ ਮੌਤ ਸਹੇੜ ਰਹੀ ਦੁਖੀ ਹੋ ਰਹੀ ਹੈ। ਹੇ ਪਾਂਡੇ ਪ੍ਰਭੂ ਪਾਲਣਹਾਰ ਇਕ ਹੈ। ਸਾਰੇ ਜੀਵ ਉਸ ਦੀਆਂ ਨਾਰੀਆਂ ਹਨ। ਪਰ ਮਾਇਆ ਗ੍ਰਸੀ ਜੀਵ-ਇਸਤਰੀ ਖਸਮ ਨੂੰ ਨਹੀਂ ਪਛਾਣਦੀ।ਤੇ ਬਾਹਰ ਕਈ ਵੇਸ ਕਰਦੀ ਹੈ। ਹੋਰ ਤੇ ਹੋਰ ਆਸਰੇ ਤੱਕਦੀ ਹੈ, ਨੂੰ ਰੋਕ ਲਿਆ ਹੈ। ਉਸਨੂੰ ਉਸਨੇ ਆਪਣੇ ਮਹਿਲ ਵਿਚ ਬੁਲਾ ਲਿਆ ਹੈ। ਉਸਦੇ ਜੀਵਨ ਰਾਹ ਵਿਚ ਤ੍ਰਿਸ਼ਨਾ ਦੀ ਕੋਈ ਰੋਕ ਨਹੀਂ ਪੈਂਦੀ। ਗੁਰੂ ਦੇ ਸ਼ਬਦ ਰਾਹੀਂ ਉਸਨੂੰ ਪ੍ਰਭੂ ਨੇ ਸੰਵਾਰ ਲਿਆ ਹੈ। ਉਹ ਜੀਵ ਇਸਤਰੀ ਸਦਾ-ਥਿਰ ਪ੍ਰਭੂ ਪਿਆਰ ਵਿਚ ਰਹਿੰਦੀ ਹੈ। ਉਹ ਸੁਹਾਗ-ਭਾਗ ਵਾਲੀ ਹੋ ਜਾਂਦੀ ਹੈ ਕਿਉਂਕਿ ਪ੍ਰਭੂ ਨੇ ਉਸਨੂੰ ਆਪਣੀ ਬਣਾ ਲਿਆ ਹੈ।

ਅੰਗ-933

ਸਤੀ ਇਸਤ੍ਰੀਆਂ ਆਪਣੇ ਖਸਮ ਦੇ ਜਿਉਂਦਿਆਂ ਉਸਦੀ ਸੇਵਾ ਕਰਦੀਆਂ ਹਨ। ਪਤੀ ਨੂੰ ਆਪਣਾ ਸਮਝਦੀਆਂ ਹਨ, ਤਾਹੀਏਂ ਸਰੀਰ ਤੇ ਦੁੱਖ ਸਹਿੰਦੀਆਂ ਹਨ। ਪਰ ਹੇ ਨਾਲਕ ਜਿਨ੍ਹਾਂ ਨੇ ਖਸਮ ਨਾਹ ਜਾਤਾ, ਉਹ ਕਿਉਂ ਦੁੱਖ ਸਹਿਣ? ਪਤੀ ਚਾਹੇ ਸੁਖੀ ਹੋਵੇ, ਚਾਹੇ ਦੁਖੀ ਹੋਵੇ, ਉਹ ਔਖੇ ਵੇਲੇ ਨੇੜੇ ਨਹੀਂ ਢੁੱਕਦੀਆਂ। ਅੰਗ 787

ਰੱਬ ਤੋਂ ਵਿੱਛੜ ਕੇ ਮਨੁੱਖ ਜਾਲਮ ਹੋ ਰਹੇ ਹਨ। ਤੇ ਤੀਵੀਆਂ ਇਸ ਜ਼ੁਲਮ ਵਿਚ ਸਲਾਹਕਾਰ ਬਣ ਰਹੀਅਹਨ। ਮਿੱਠਾ ਸੁਭਾਅ, ਜੁਗਤਿ ਵਿਚ ਰਹਿਣਾ, ਦਿਲ ਦੀ ਸਫਾਈ ਇਹ ਸਭ ਗੱਲਾਂ ਦੂਰ ਹੋ ਗਈਆਂ ਹਨ ਤੇ ਵੱਢੀ ਆਦਿਕ ਹਰਾਮ-ਮਾਲ ਇਹਨਾਂ ਲੋਕਾਂ ਦਾ ਮਨਭਾਉਂਦਾ ਖਾਣਾ ਹੋ ਗਿਆ ਹੈ। ਸ਼ਰਮ ਹਯਾ ਇਹਨਾਂ ਮਨੁੱਖਾ ਤੋਂ ਦੂਰ ਹੋ ਗਈ ਹੈ। ਅਣਖ ਭੀ ਸ਼ਰਮ ਹਯਾ ਦੇ ਨਾਲ ਹੀ ਚਲੀ ਗਈ ਹੈ।

ਹੇ ਨਾਲਕ! ਜੇ ਸੀਲ ਸੰਜਮ ਸੁੱਚ ਆਦਿਕ ਗੁਣ ਲੱਭਣੇ ਹਨ ਤਾਂ ਉਹਨਾਂ ਦਾ ਸੋਮਾ ਸਿਰਫ ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾ ਹੀ ਹੈ। ਇਹਨਾਂ ਗੁਣਾਂ ਲਈ ਕੋਈ ਹੋਰ ਥਾਂ ਨਾ ਲੱਭੋ। ਭਾਵ ਪ੍ਰਭੂ ਤੋਂ ਬਿਨਾਂ ਕਿਸੇ ਹੋਰ ਥਾਂ ਇਹ ਗੁਣ ਨਹੀਂ ਮਿਲ ਸਕਦੇ। ਅੰਗ- 1243

ਪੰਡਤ ਵੇਦ-ਪਾਠੀ ਹੋਣ ਦੇ ਹੰਕਾਰ ਵਿਚ ਖਪਦੇ ਹਨ। ਇਸਤਰੀਆਂ ਸ਼ੀਸ਼ੇ ਵਿਚ ਆਪਣੇ ਰੂਪ ਤੱਕਣ ਵਿਚ ਹੀ ਜ਼ਿੰਦਗੀ ਅਜਾਈਂ ਬਿਤਾ ਰਹੀਆਂ ਹਨ। ਆਪੋ-ਆਪਣੇ ਅੰਦਰ ਝਾਤ ਮਾਰ ਕੇ ਵੇਖ ਲਵੋ, ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਤੋਂ ਬਿਨਾਂ ਸਭ ਜੀਵ ਖਵਾਰ ਹੋ ਰਹੇ ਹਨ। ਕਬੀਰ ਸਿੱਖਿਆ ਦੀ ਗੱਲ ਕਰਦਾ ਹੈ ਕਿ ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਕਿਸੇ ਨੂੰ ਜੀਵਨ ਦੀ ਸੂਝ ਨਹੀਂ ਪੈਂਦੀ।

ਅੰਗ 654

ਹੇ ਭਾਈ! ਤੂੰ ਉਚੇ ਮਹਿਲ ਮਾੜੀਆਂ ਤੇ ਸੁੰਦਰ ਇਸਤਰੀ ਦਾ ਮਾਣ ਕਰਦਾ ਹੈਂ। ਪ੍ਰਭੂ ਦਾ ਨਾਮ ਵਿਸਾਰ ਕੇ, ਮਨੁੱਖਾ ਜਨਮ ਦੀ ਖੇਡ ਹਾਰ ਰਿਹਾ ਹੈ। ਅੰਗ 659

ਇਸਤਰੀ ’ਤੇ ਹੋਏ ਅੱਤਿਆਚਾਰ ਦਾ ਹਵਾਲਾ ਹੈ ਕਿ ਗੁਰੂ ਨਾਲਕ ਦੇਵ ਸਾਹਿਬ ਜੀ ਆਖਦੇ ਹਨ- ਹੇ ਭਾਈ ਨਾਲੋ, ਮੈਨੂੰ ਜਿਹੋ ਜਿਹੀ ਖਸਮ ਪ੍ਰਭੂ ਵੱਲੋਂ ਪ੍ਰੇਰਨਾ ਆਈ ਹੈ, ਉਸੇ ਅਨੁਸਾਰ ਮੈਂ ਤੈਨੂੰ ਉਸ ਦੁਰਘਟਨਾ ਦੀ ਵਾਕਫੀਅਤ ਦੇਂਦਾ ਹਾਂ, ਜੋ ਸੈਦਪੁਰ ਵਿਚ ਵਾਪਰੀ ਹੈ। ਬਾਬਰ ਕਾਬਲ ਤੋਂ ਫੌਜ ਜੋ ਮਾਨੋ ਪਾਪ ਜ਼ੁਲਮ ਦੀ ਜੰਞ ਹੈ, ਇਕੱਠੀ ਕਰਕੇ ਆ ਚੜ੍ਹਿਆ। ਜੋਰ-ਧੱਕੇ ਨਾਲ ਹਿੰਦ ਦੀ ਹਕੂਮਤ ਰੂਪੀ ਕੰਨਿਆਦਾਨ ਮੰਗ ਰਿਹਾ ਹੈ। ਸੈਦਪੁਰ ਵਿਚ ਹਯਾ ਤੇ ਧਰਮ ਦੋਵੇਂ ਲੋਪ ਹੋ ਚੁੱਕੇ ਹਨ। ਝੂਠ ਹੀ ਝੂਠ ਚੌਧਰੀ ਬਣਿਆ ਫਿਰਦਾ ਹੈ। ਬਾਬਰ ਦੇ ਸਿਪਾਹੀਆਂ ਵੱਲੋਂ ਸੈਦਪੁਰ ਦੀਆਂ ਇਸਤਰੀਆਂ ਉੱਤੇ ਇਤਨੇ ਅੱਤਿਆਚਾਰ ਹੋ ਰਹੇ ਹਨ ਕਿ ਮਾਨੋ ਸ਼ੈਤਾਨ ਇਸ ਸ਼ਹਿਰ ਵਿਚ ਵਿਆਹ ਪੜ੍ਹਾ ਰਿਹਾ ਹੈ। ਤੇ ਕਾਜੀਆਂ, ਬ੍ਰਾਹਮਣਾਂ ਦੀ ਮਰਿਆਦਾ ਮੁੱਕ ਚੁੱਕੀ ਹੈ।

ਮੁਸਲਮਾਨ ਇਸਤਰੀਆਂ ਵੀ ਇਸ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ। ਜੋ ਇਸ ਬਿਪਤਾ ਵਿਚ ਆਪਣੀ ਕੁਰਾਨ ਦੀਆਂ ਆਇਤਾਂ ਪੜ੍ਹ ਰਹੀਆਂ ਹਨ। ਖ਼ੁਦਾ ਅੱਗੇ ਪੁਕਾਰ ਕਰ ਰਹੀਆਂ ਹਨ। ਉਚੀਆਂ ਜਾਤਾਂ ਦੀਆਂ ਨੀਵੀਆਂ ਜਾਤਾਂ ਦੀਆਂ ਹੋਰ ਵੀ ਸਭ ਹਿੰਦੂ ਇਸਤਰੀਆਂ ਇਹਨਾਂ ਸਾਰੀਆਂ ਉੱਤੇ ਹੀ ਅੱਤਿਆਚਾਰ ਹੋ ਰਹੇ ਹਨ।

ਹੇ ਨਾਨਕ! ਇਸ ਖੂਨੀ ਵਿਆਹ ਵਿਚ ਸੈਦਪੁਰ ਨਗਰ ਦੇ ਅੰਦਰ ਹਰ ਪਾਸੇ ਵਿਰਲਾਪ ਹੋ ਰਹੇ ਹਨ। ਲਹੂ ਦਾ ਕੇਸਰ ਛਿੜਕਿਆ ਜਾ ਰਿਹਾ ਹੈ। ਅੰਗ 722

ਸੰਸਾਰ ਦੇ ਐਬਾਂ ਤੋਂ ਬਚਣ ਲਈ ਭਗਤ ਨਾਮਦੇਵ ਜੀ ਦੀ ਨਸੀਹਤ ਹੈ ਕਿ: ਜਿਵੇਂ ਵਿਸ਼ਈ ਮਨੁੱਖ ਪਰਾਈ ਨਾਰ ਵੱਲ ਤੱਕਦਾ ਹੈ। ਜਿਵੇਂ ਜੂਆ ਖੇਡਣ ਵਾਲਾ ਜੁਆਰੀਆਂ ਕਉਂਡਾਂ ਸੁੱਟ ਕੇ ਰਾਹੁ ਨਾਲ ਤੱਕਦਾ ਹੈ ਕਿ ਦਾਉ ਪਿਆ ਹੈ। ਮੈਂ ਨਾਮਦੇਵ ਭੀ ਇਹਨਾਂ ਵਾਂਗ ਸਦਾ ਆਪਣੇ ਪ੍ਰਭੂ ਨੂੰ ਸਿਮਰਦਾ ਹਾਂ। ਜਿੱਧਰ ਤੱਕਦਾ ਹਾਂ, ਪ੍ਰਭੂ ਨੂੰ ਹੀ ਵੇਖਦਾ ਹਾਂ। ਮੇਰੀ ਸੁਰਤਿ ਸਦਾ ਪ੍ਰਭੂ ਵਿਚ ਹੀ ਰਹਿੰਦੀ ਹੈ। ਭਾਵ ਪ੍ਰਭੂ ਪ੍ਰੀਤ ਇਹੋ ਜਿਹੀ ਹੋਵੇ ਕਿ ਆਪਾ ਭੁੱਲ ਜਾਵੇ, ਸੁਰਤਿ ਸਦਾ ਪ੍ਰਭੂ ਵਿਚ ਰਹੇ। ਅੰਗ 873

ਹਰੇਕ ਜੀਵ ਮਰਦ ਭੀ ਪ੍ਰਭੂ ਆਪ ਹੀ ਹੈ। ਇਸਤਰੀ ਵੀ ਆਪ ਹੀ ਹੈ। ਪ੍ਰਭੂ ਆਪ ਹੀ ਇਹ ਜਗਤ-ਰੂਪ ਚਉਪੜ ਦੀ ਖੇਡ ਹੈ, ਤੇ ਆਪ ਹੀ ਚਉਪੜ ਦੀਆਂ ਜੀਵ ਨਰਦਾਂ ਹੈ। ਪ੍ਰਮਾਤਮਾ ਨੇ ਆਪ ਹੀ ਇਹ ਜਗਤ ਚਉਪੜ ਦੀ ਖੇਡ ਰੂਪ ਪਿੜ ਤਿਆਰ ਕੀਤੀ ਹੈ। ਆਪ ਹੀ ਇਸ ਖੇਡ ਨੂੰ ਪਰਖ ਰਿਹਾ ਹੈ। ਅੰਗ 1020

ਅੰਤਿਕਾ: ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਵਿਚ ਇਸਤ੍ਰੀ ਜਾਤੀ ਲਈ ਉਤਸ਼ਾਹ ਬਲ ਹੈ ਕਿ ਹੀਣ-ਭਾਵਨਾ ਤੋਂ ਉਪਰ ਉੱਠ ਕੇ ਗੁਰਮਤਿ-ਆਸ਼ੇ ਅਨੁਸਾਰ ਜੀਵਨ ਢਾਲਣਾ ਹੈ। ਜੀਵ ਆਤਮਾ ਨੂੰ ਵਹੁਟੀ ਦਾ ਅਲੰਕਾਰ ਦੇ ਕੇ ਦਸਿਆ ਹੈ ਕਿ ਇਸਤ੍ਰੀ ਮਨੁੱਖ ਪ੍ਰਭੂ ਭਗਤੀ ਦੇ ਮਾਰਗ ਤੇ ਚੱਲ ਕੇ ਦੋਵੇਂ ਹੀ ਬਰਾਬਰ ਮੁਕਤੀ ਪਾ ਸਕਦੇ ਹਨ। ਇਸਤ੍ਰੀ ਮਰਦ ਬਰਾਬਰ ਹਨ। ਨਰੋਏ ਸਮਾਜ ਦੀ ਉਸਾਰੀ ਵਿਚ ਯੋਗਦਾਨ ਪਾ ਸਕਦੇ ਹਨ।

*******



ਅੰਤਰ ਰਾਸ਼ਟਰੀ ਇਸਤ੍ਰੀ ਦਿਵਸ ਨੂੰ ਪਹਿਲਾਂ ਕੰਮਕਾਜ਼ੀ ਇਸਤ੍ਰੀ ਦਿਵਸ ਕਿਹਾ ਜਾਂਦਾ ਸੀ। ਇਹ ਹਰ ਸਾਲ 8 ਮਾਰਚ ਨੂੰ ਮਨਾਇਆ ਜਾਂਦਾ ਹੈ। ਸੰਸਾਰ ਦੇ ਵਿਭਿੰਨ ਖੇਤਰਾਂ ਵਿਚ ਇਸਤ੍ਰੀ ਪ੍ਰਤੀ ਸਨਮਾਨ, ਪ੍ਰਸੰਸਾ ਅਤੇ ਪਿਆਰ ਪ੍ਰਗਟਾਉਂਦੇ ਹੋਏ, ਇਹ ਦਿਨ ਇਕ ਤਿਉਹਾਰ ਦੇ ਤੌਰ ’ਤੇ ਮਨਾਇਆ ਜਾਂਦਾ ਹੈ। ਇਹ ਇਸਤ੍ਰੀ ਅਧਿਕਾਰ ਦੀ ਲਹਿਰ ਦਾ ਕੇਂਦਰ ਬਿੰਦੂ ਹੈ।

ਅਮਰੀਕਾ ਦੀ ਸਮਾਜਵਾਦੀ ਪਾਰਟੀ ਵੱਲੋਂ 28 ਫਰਵਰੀ, 1909 ਨਿਊਯਾਰਕ ਵਿਚ ਇਸ ਦਿਵਸ ਦਾ ਆਯੋਜਨ ਕਰਨ ਤੋਂ ਬਾਅਦ 1910 ਵਿਚ ਅੰਤਰ ਰਾਸ਼ਟਰੀ ਸਮਾਜਵਾਦੀ ਇਸਤ੍ਰੀ ਇਜਲਾਸ ਵਿਚ ਪ੍ਰਸਤਾਵ ਰੱਖਿਆ ਗਿਆ ਕਿ ਇਕ ਵਿਸ਼ੇਸ਼ ਇਸਤ੍ਰੀ ਦਿਨ ਸਨਾਲਾ ਆਯੋਜਿਤ ਕੀਤਾ ਜਾਣਾ ਚਾਹੀਦਾ ਹੈ। ਅਮਰੀਕਾ ਵਿਚ ਇਹ ਫਰਵਰੀ ਦੇ ਆਖਰੀ ਐਤਵਾਰ ਨੂੰ ਮਨਾਇਆ ਜਾਂਦਾ ਰਿਹਾ ਹੈ। ਹੁਣ 8 ਮਾਰਚ ਨੂੰ ਇਹ ਦਿਹਾੜਾ ਵਿਸ਼ਵ ਭਰ ਵਿਚ ਮਨਾਇਆ ਜਾਂਦਾ ਹੈ।

ਇਸ ਦਿਹਾੜੇ ਦੀ ਅਹਿਮੀਅਤ ਹੈ ਕਿ ਨਾਗਰਿਕ ਚੇਤਨਾਂ ਦੇ ਤੌਰ ’ਤੇ ਇਸਤ੍ਰੀਆਂ, ਲੜਕੀਆਂ ਦਾ ਦਿਹਾੜਾ, ਲਿੰਗਵਾਦ-ਵਿਰੋਧ ਦਿਹਾੜਾ ਹਰ ਸਾਲ ਮਨਾਏ ਜਾਂਦੇ ਦਿਵਸ ਦਾ ਇਕ ਵਿਸ਼ਾ ਹੁੰਦਾ ਹੈ।

2023 ਸਾਲ ਦਾ ਵਿਸ਼ਾ ਹੈ:-

Innovation and technology for gender equality. ਬਰਾਬਰਤਾ ਦੇ ਸੰਸਾਰ ਦਾ ਨਿਰਮਾਣ ਹੋਵੇ। ਨਕਲੀ ਦਿਖਾਵੇ ਤੋਂ ਸੰਸਾਰ ਮੁਕਤ ਹੋਵੇ। ਰਵਾਇਤੀ ਕ੍ਰਮਕਾਂਡ ਦੂਰ ਹੋਣ। ਸੰਸਾਰ ਜੀਵਨ ਦੀਆਂ ਕਦਰਾਂ-ਕੀਮਤਾਂ ਅਪਣਾਵੇ ਤੇ ਅਮਲ ਕਰੇ। ਇਸਤ੍ਰੀ ਦੀ ਹਿੱਸੇਦਾਰੀ ਅਮਲੀ ਰੂਪ ਵਿਚ ਸਵੀਕਾਰ ਹੋਵੇ ਤੇ ਇਸਦਾ ਪ੍ਰਚਾਰ ਹੋਵੇ।

ਸ਼ਿਲਪ ਵਿਗਿਆਨ ਦੀ ਨਵੀਨਤਾ ਵਿਚ ਇਸਤ੍ਰੀ ਦੀ ਬਰਾਬਰਤਾ ਬਿਨਾਂ ਭੇਦਭਾਵ ਦੇ ਹੋਵੇ।

## ਰੂਸ ਯੂਕਰੇਨ ਜੰਗ ਦਾ ਇੱਕ ਸਾਲ

# ਕੀ ਪੁਤਿਨ ਦੀ ਯੂਕਰੇਨ ਨਾਲ ਜੰਗ ਅਸਫ਼ਲ ਹੋ ਗਈ ਹੈ?







24 ਫ਼ਰਵਰੀ 2022 ਨੂੰ ਜਦੋਂ ਵਲਾਦੀਮੀਰ ਪੁਤਿਨ ਨੇ ਯੂਕਰੇਨ ਵਿੱਚ 2 ਲੱਖ ਫੌਜੀ ਭੇਜੇ ਸਨ ਤਾਂ ਪੁਤਿਨ ਨੇ ਗਲਤ ਮੰਨ ਲਿਆ ਸੀ ਕਿ ਉਹ ਕੁਝ ਦਿਨਾਂ ਵਿੱਚ ਹੀ ਰਾਜਧਾਨੀ ਕੀਵ ਨੂੰ ਜਿੱਤ ਲੈਣਗੇ ਅਤੇ ਉੱਥੇ ਦੀ ਸਰਕਾਰ ਨੂੰ ਪਲਟ ਦੇਣਗੇ। ਨਮੋਸ਼ੀ ਭਰੀਆਂ ਪਿੱਛੇ ਹਟਣ ਦੀਆਂ ਘਟਨਾਵਾਂ ਤੋਂ ਬਾਅਦ ਉਹਨਾਂ ਦੀ ਹਮਲੇ ਵਾਲੀ ਮੁੱਢਲੀ ਯੋਜਨਾ ਫੇਲ੍ਹ ਹੋ ਗਈ ਪਰ ਰੂਸ ਹਾਲੇ ਵੀ ਜੰਗ ਹਾਰਿਆ ਨਹੀਂ।

### ਪੁਤਿਨ ਦਾ ਸ਼ੁਰੂਆਤੀ ਮਕਸਦ ਕੀ ਸੀ?

ਹੁਣ ਵੀ ਰੂਸ ਦੇ ਨੇਤਾ ਇਹ ਕਹਿੰਦੇ ਹਨ ਕਿ ਦੂਸਰੀ ਵਿਸ਼ਵ ਜੰਗ ਤੋਂ ਬਾਅਦ ਯੂਰਪ ਖਿਲਾਫ਼ ਇਹ ਇੱਕ 'ਸਪੈਸ਼ਲ ਮਿਲਟਰੀ ਅਪਰੇਸ਼ਨ' ਸੀ। ਇਸ ਲੜਾਈ ਦੌਰਾਨ ਪੂਰੇ ਯੂਕਰੇਨ ਵਿੱਚ ਨਾਗਰਿਕਾਂ 'ਤੇ ਬੰਬਾਰੀ ਕੀਤੀ ਗਈ ਅਤੇ 13 ਮਿਲੀਅਨ ਤੋਂ ਵੱਧ ਜਾਂ ਤਾਂ ਵਿਦੇਸ਼ਾਂ ਵਿੱਚ ਸ਼ਰਨਾਰਥੀ ਵਜੋਂ ਰਹੇ ਜਾਂ ਆਪਣੇ ਦੇਸ਼ ਦੇ ਅੰਦਰ ਉਜਾੜੇ ਗਏ। ਪੁਤਿਨ ਦੇ 24 ਫ਼ਰਵਰੀ 2022 ਦੇ ਟੀਚੇ ਅਨੁਸਾਰ ਯੂਕਰੇਨ ਨੂੰ ਮਿਲਟਰੀ ਮੁਕਤ ਕਰਨਾ ਸੀ। ਇਸ ਦਾ ਅਰਥ ਫੌਜ ਰਾਹੀਂ ਕਬਜੇ ਹੇਠ ਲੈਣਾ ਨਹੀਂ ਸੀ। ਉਹਨਾਂ ਨੇ ਸਹੁੰ ਖਾਧੀ ਸੀ ਕਿ ਲੋਕਾਂ ਨੂੰ ਯੂਕਰੇਨ ਦੀ ਗੁੰਡਾਗਰਦੀ ਅਤੇ ਕਤਲੇਆਮ ਤੋਂ ਮੁਕਤ ਕਰਨਾ ਹੈ ਜਦਕਿ ਇਹ ਰੂਸ ਦਾ ਪ੍ਰਚਾਰ ਸੀ ਜਿਸ ਦੀ ਕੋਈ ਬੁਨਿਆਦ ਨਹੀਂ ਸੀ। ਉਹਨਾਂ ਨੇ ਨਾਟੋ ਨੂੰ ਯੂਕਰੇਨ ਵਿੱਚ ਪੈਰ ਜਮਾਉਣ ਤੋਂ ਰੋਕਣ ਬਾਰੇ ਕਿਹਾ ਸੀ ਪਰ ਨਾਲ ਹੀ ਉਹਨਾਂ ਨੇ ਯੂਕਰੇਨ ਦੇ ਨਿਰਪੱਖ ਰਹਿਣ ਦੀ ਮੰਗ ਵੀ ਕੀਤੀ ਸੀ।

ਰਾਸ਼ਟਰਪਤੀ ਪੁਤਿਨ ਨੇ ਇਹ ਉੱਚੀ ਅਵਾਜ਼ ਵਿੱਚ ਨਹੀਂ ਕਿਹਾ ਪਰ ਉਹਨਾਂ ਦਾ ਮਕਸਦ ਯੂਕਰੇਨ ਦੀ ਚੁਣੀ ਹੋਈ ਸਰਕਾਰ ਦੇ ਰਾਸ਼ਟਰਪਤੀ ਦੀ ਸੱਤਾ ਪਲਟਨਾ ਸੀ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦਿਮੀਰ ਜ਼ੇਲੈਂਸਕੀ ਨੇ ਕਿਹਾ, "ਦੁਸ਼ਮਣ ਦਾ ਪਹਿਲਾ ਨਿਸ਼ਾਨਾ ਮੈਂ ਸੀ ਅਤੇ ਦੂਜਾ ਮੇਰਾ ਪਰਿਵਾਰ।" ਉਹਨਾਂ ਦੇ ਇੱਕ ਸਲਾਹਕਾਰ ਮੁਤਾਬਕ ਰੂਸ ਦੇ ਫੌਜੀਆਂ ਨੇ ਦੋ ਵਾਰ ਰਾਸ਼ਟਰਪਤੀ ਭਵਨ ਦੀ ਇਮਾਰਤ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਸਾਲਾਂ ਤੱਕ ਰੂਸ ਦੇ ਰਾਸ਼ਟਰਪਤੀ ਨੇ ਯੂਕਰੇਨ ਦੇ ਆਜ਼ਾਦ ਰਾਜ ਹੋਣ ਨੂੰ ਮਾਨਤਾ ਨਹੀਂ ਦਿੱਤੀ। ਉਹਨਾਂ ਵੱਲੋਂ 9ਵੀਂ ਸਦੀ ਵਿੱਚ ਰੂਸ ਅਤੇ ਯੂਕਰੇਨ ਦੇ ਇੱਕ ਹੋਣ ਦੀ ਗੱਲ ਆਖੀ ਗਈ ਸੀ।

### ਪੁਤਿਨ ਨੇ ਆਪਣਾ ਯੁੱਧ ਦਾ ਮਕਸਦ ਕਿਵੇਂ ਬਦਲਿਆ

ਹਮਲੇ ਅਤੇ ਉਸ ਦੇ ਸ਼ੁਰੂਆਤੀ ਮਕਸਦ ਦੇ ਇੱਕ ਮਹੀਨੇ ਬਾਅਦ ਕਈ ਹਾਰਾਂ ਦੇ ਨਾਲ ਪਿੱਛੇ ਮੁੜਨਾ ਪਿਆ। ਮੁੱਖ ਮਕਸਦ 'ਡੋਨਾਬਾਸ ਦੀ ਆਜ਼ਾਦੀ' ਬਣ ਗਿਆ। ਇਹ ਯੂਕਰੇਨ ਦੇ ਇੰਡਸਟਰੀ ਵਾਲੇ ਇਲਾਕਿਆਂ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਸੀ। ਉੱਤਰ ਪੂਰਬ ਵਿੱਚ ਖਾਰਕੀਵ ਵਿੱਚੋਂ ਅਤੇ ਦੱਖਣ ਵਿੱਚ ਖੇਰਸੁਨ ਤੋਂ ਮੁੜਨ ਬਾਅਦ ਰੂਸ ਦਾ ਮਕਸਦ ਹਾਲੇ ਬਦਲਿਆ ਨਹੀਂ ਸੀ। ਇਸ ਸਮੇਂ ਉਹਨਾਂ ਨੂੰ ਥੋੜੀ ਸਫ਼ਲਤਾ ਵੀ ਮਿਲੀ ਸੀ।

ਯੁੱਧ ਦੇ ਮੈਦਾਨ ਵਿਚ ਨਮੋਸ਼ੀ ਨੇ ਪਿਛਲੇ ਸਤੰਬਰ ਵਿੱਚ ਰੂਸ ਦੇ ਨੇਤਾ ਨੂੰ ਚਾਰ ਯੂਕਰੇਨੀ ਸੂਬਿਆਂ ਨੂੰ ਕਬਜੇ ਵਿੱਚ ਨਾ ਲੈ ਸਕਣ ਕਾਰਨ ਤਨਾਅ ਵਿੱਚ ਪਾ ਦਿੱਤਾ ਸੀ। ਉਹ ਕਿਸੇ ਵੀ ਸੂਬੇ ਨੂੰ ਕਾਬੂ ਨਾ ਕਰ ਪਾਏ, ਨਾ ਤਾਂ ਪੂਰਬ ਵਿਚ ਲੁਹਾਨਸਕ ਜਾਂ ਡੋਨੇਟਸਕ ਅਤੇ ਨਾ ਹੀ ਦੱਖਣ ਵਿਚ ਖੇਰਸਨ ਜਾਂ ਜ਼ਪੋਰੀਝੀਆ। ਰਾਸ਼ਟਰਪਤੀ ਪੁਤਿਨ ਨੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਰੂਸ ਦੀ ਪਹਿਲੀ ਲਾਮਬੰਦੀ ਦੀ ਘੋਸ਼ਣਾ ਕੀਤੀ ਸੀ। ਹਾਲਾਂਕਿ ਇਹ ਥੋੜੀ ਜਿਹੀ ਸੀ ਅਤੇ ਕੁਝ 300,000 ਰਾਖਵੀਆਂ ਸੈਨਾਵਾਂ ਤੱਕ ਸੀਮਿਤ ਸੀ। ਕਰੀਬ 850 ਕਿਲੋਮੀਟਰ ਦੀ ਇੱਕ ਸਰਗਰਮ ਫਰੰਟ ਲਾਈਨ ਦੇ ਨਾਲ ਹੁਣ ਲੜਾਈ ਹੋ ਰਹੀ ਹੈ। ਰੂਸ ਦੀਆਂ ਜਿੱਤਾਂ ਛੋਟੀਆਂ ਹਨ। ਇੱਕ ਤੇਜ਼ ਕਾਰਵਾਈ ਦਾ ਮਤਲਬ ਹੁਣ ਇੱਕ ਲੰਮੀ ਜੰਗ ਹੈ। ਪੱਛਮੀ ਨੇਤਾ ਮੰਨਦੇ ਹਨ ਕਿ ਇਹ ਜੰਗ ਯੂਕਰੇਨ ਨੂੰ ਜਿੱਤਣੀ ਚਾਹੀਦੀ ਹੈ। ਯੂਕਰੇਨ ਲਈ ਨਿਰਪੱਖਤਾ ਦੀ ਕੋਈ ਵੀ ਸੰਭਾਵਨਾ ਲੰਬੇ ਸਮੇਂ ਤੋਂ ਖਤਮ ਹੋ ਗਈ ਹੈ।

ਰਾਸ਼ਟਰਪਤੀ ਪੁਤਿਨ ਨੇ ਦਸੰਬਰ ਵਿੱਚ ਚੇਤਾਵਨੀ ਦਿੱਤੀ ਸੀ ਕਿ ਯੁੱਧ "ਇੱਕ ਲੰਮੀ ਪ੍ਰਕਿਰਿਆ" ਹੋ ਸਕਦੀ ਹੈ। ਇਸ ਤੋਂ ਬਾਅਦ ਉਹਨਾਂ ਕਿਹਾ ਕਿ ਉਸ ਦਾ ਟੀਚਾ "ਫੌਜੀ ਸੰਘਰਸ਼ ਦੇ ਚੱਕਰ ਨੂੰ ਘੁੰਮਾਉਣਾ ਨਹੀਂ" ਸੀ ਪਰ ਇਸਨੂੰ ਖਤਮ ਕਰਨਾ ਸੀ।

### ਪੁਤਿਨ ਨੇ ਕੀ ਹਾਸਿਲ ਕੀਤਾ ਹੈ?

ਸਭ ਤੋਂ ਵੱਡੀ ਸਫਲਤਾ ਵੱਜੋਂ ਰਾਸ਼ਟਰਪਤੀ ਪੁਤਿਨ ਰੂਸ ਦੀ ਸਰਹੱਦ ਤੋਂ ਕ੍ਰੀਮੀਆ ਤੱਕ ਇੱਕ ਜ਼ਮੀਨੀ ਪੁਲ ਦੀ ਸਥਾਪਨਾ ਕਰਨ ਨੂੰ ਆਖ ਸਕਦੇ ਹਨ। ਇਸ ਨੂੰ 2014 ਵਿੱਚ ਗੈਰ-ਕਾਨੂੰਨੀ ਤੌਰ 'ਤੇ ਸ਼ਾਮਲ ਕੀਤਾ ਗਿਆ ਸੀ। ਇਸ ਲਈ ਇਹ ਹੁਣ ਕੇਰਚ ਸਟ੍ਰੇਟ ਉੱਤੇ ਆਪਣੇ ਪੁਲ 'ਤੇ ਨਿਰਭਰ ਨਹੀਂ ਹੈ। ਉਹਨਾਂ ਦਾ ਕਹਿਣਾ ਹੈ ਕਿ "ਰੂਸ ਲਈ ਮਹੱਤਵਪੂਰਨ ਹੈ" ਕਿ ਇਸ ਖੇਤਰ 'ਤੇ ਕਬਜ਼ਾ ਕੀਤਾ ਜਾਵੇ। ਜਿਸ ਵਿੱਚ ਮਾਰੀਉਪੋਲ ਅਤੇ ਮੇਲੀਟੋਪੋਲ ਦੇ ਸ਼ਹਿਰ ਸ਼ਾਮਲ ਹਨ। ਉਹਨਾਂ ਨੇ ਘੋਸ਼ਣਾ ਕੀਤੀ ਹੈ ਕਿ ਅਜ਼ੋਵ ਦਾ ਸਾਗਰ, ਕਰਚ ਸਟ੍ਰੇਟ ਦੇ ਅੰਦਰ, "ਰੂਸ ਦਾ ਅੰਦਰੂਨੀ ਸਮੁੰਦਰ ਬਣ ਗਿਆ ਹੈ।" ਉਹਨਾ ਦਾ ਦਾਅਵਾ ਹੈ ਕਿ ਰੂਸੀ ਜ਼ਾਰ ਪੀਟਰ ਮਹਾਨ ਨੇ ਵੀ ਅਜਿਹੀ ਨਹੀਂ ਕਰ ਪਾਇਆ ਸੀ।

### ਕੀ ਪੁਤਿਨ ਅਸਫ਼ਲ ਰਹੇ ਹਨ?

ਕ੍ਰੀਮੀਆ 'ਤੇ ਕਬਜ਼ਾ ਕਰਨ ਤੋਂ ਇਲਾਵਾ, ਰੂਸ ਦੀ ਖੂਨੀ ਜੰਗ ਆਪਣੇ ਲਈ ਅਤੇ ਉਸ ਦੇਸ਼ ਲਈ ਇੱਕ ਤਬਾਹੀ ਬਣ ਗਿਆ ਹੈ। ਇਸ ਨੇ ਰੂਸੀ ਫੌਜ ਦੀ ਬੇਰਹਿਮੀ ਅਤੇ ਅਯੋਗਤਾ ਦਾ ਪਰਦਾਫਾਸ਼ ਕਰਨ ਨਾਲੋਂ ਬਹੁਤ ਘੱਟ ਪ੍ਰਾਪਤੀ ਕੀਤੀ ਹੈ। ਕੀਵ ਦੇ ਨੇੜੇ ਬੁਚਾ ਵਿੱਚ ਨਾਗਰਿਕਾਂ ਵਿਰੁੱਧ ਜੰਗੀ ਅਪਰਾਧਾਂ ਦੇ ਵੇਰਵੇ ਸਾਹਮਣੇ ਆਏ ਸਨ। ਇੱਕ ਸੁਤੰਤਰ ਰਿਪੋਰਟ ਵਿੱਚ ਰੂਸ ਨੂੰ ਨਸਲਕੁਸ਼ੀ ਲਈ ਰਾਜ ਵੱਲੋਂ ਉਕਸਾਉਣ ਦਾ ਦੋਸ਼ ਲਗਾਇਆ ਗਿਆ ਹੈ। ਪਰ ਇਹ ਫੌਜੀ ਅਸਫਲਤਾਵਾਂ ਹਨ ਜਿਨ੍ਹਾਂ ਨੇ ਰੂਸ ਨੂੰ ਸਭ ਤੋਂ ਕਮਜ਼ੋਰ ਦਿਖਾਇਆ ਹੈ: 30,000 ਰੂਸੀ ਸੈਨਿਕਾਂ ਦਾ ਨਵੰਬਰ ਵਿੱਚ ਖੇਰਸਨ ਤੋਂ ਡਨੀਪਰੋ ਨਦੀ ਦੇ ਪਾਰ ਪਿੱਛੇ ਹਟਣਾ ਇੱਕ ਰਣਨੀਤਕ ਅਸਫ਼ਲਤਾ ਸੀ।

ਇੱਕ 64 ਕਿਲੋਮੀਟਰ ਬਖਤਰਬੰਦ ਕਾਫਲਾ ਯੁੱਧ ਦੀ ਸ਼ੁਰੂਆਤ ਵਿੱਚ ਕੀਵ ਦੇ ਨੇੜੇ ਰੁਕਣ ਲਈ ਮੈਦਾਨ ਵਿੱਚ ਸੀ, ਇਹ ਇੱਕ ਲੌਜਿਸਟਿਕਲ ਅਸਫ਼ਲਤਾ ਸੀ। ਮਾਕੀਵਕਾ ਦੇ ਮਿਜ਼ਾਈਲ ਹਮਲੇ ਵਿੱਚ ਸੈਨਿਕਾਂ ਦੀ ਵੱਡੀ ਗਿਣਤੀ ਦਾ ਮਾਰੇ ਜਾਣਾ ਇੱਕ ਖੁਫੀਆ ਅਸਫ਼ਲਤਾ ਸੀ। ਯੂਕਰੇਨ ਨੂੰ ਹਥਿਆਰਬੰਦ ਕਰਨ ਕਰਕੇ ਲਈ ਪੱਛਮੀ ਦੇਸ਼ਾਂ ਨੂੰ ਰੂਸ ਨੇ ਚੇਤਾਵਨੀਆਂ ਦਿੱਤੀਆਂ ਜਿਸ ਉਪਰ ਕਿਸੇ ਨੇ ਧਿਆਨ ਨਹੀਂ ਦਿੱਤਾ। ਉਲਟਾ ਉਹਨਾਂ ਨੇ "ਜਿੰਨਾ ਸਮਾਂ ਲੱਗਦਾ ਹੈ", ਓਨੇ ਸਮੇਂ ਲਈ ਪੱਛਮੀ ਦਾ ਸਮਰਥਨ ਮਿਲਣ ਦਾ ਭਰੋਸਾ ਦਿੱਤਾ। ਯੂਕਰੇਨ ਦੇ ਤੋਪਖਾਨੇ ਨੂੰ ਉੱਤਮ ਹਿਮਾਰਸ ਮਿਜ਼ਾਈਲਾਂ ਅਤੇ ਜਰਮਨ ਲੀਓਪਾਰਡ 2 ਟੈਂਕਾਂ ਦੇ ਵਾਅਦੇ ਨਾਲ ਹੁਲਾਰਾ ਦਿੱਤਾ ਗਿਆ ਸੀ।

### ਕੀ ਪੁਤਿਨ ਦਾ ਨੁਕਸਾਨ ਹੋਇਆ ਹੈ?

70 ਸਾਲਾਂ ਦੇ ਪੁਤਿਨ ਨੇ ਆਪਣੇ ਆਪ ਨੂੰ ਫੌਜੀ ਅਸਫਲਤਾਵਾਂ ਤੋਂ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਉਹਨਾਂ ਦਾ ਸ਼ਕਤੀਸ਼ਾਲੀ ਪ੍ਰਭਾਵ ਘੱਟੋ ਘੱਟ ਰੂਸ ਤੋਂ ਬਾਹਰ ਕੱਟਿਆ ਗਿਆ ਹੈ। ਘਰੇਲੂ ਪੱਧਰ 'ਤੇ ਰੂਸ ਦੀ ਆਰਥਿਕਤਾ ਪੱਛਮੀ ਪਾਬੰਦੀਆਂ ਦੀ ਇੱਕ ਲੜੀ ਦਾ ਸਾਹਮਣਾ ਕਰਦੀ ਪ੍ਰਤੀਤ ਹੁੰਦੀ ਹੈ। ਹਾਲਾਂਕਿ ਇਸਦਾ ਬਜਟ ਘਾਟਾ ਵੱਧ ਗਿਆ ਹੈ, ਤੇਲ ਅਤੇ ਗੈਸ ਦੀ ਆਮਦਨ ਨਾਟਕੀ ਢੰਗ ਨਾਲ ਘੱਟ ਗਈ ਹੈ। ਰੂਸ ਵਿਚ ਅਸਹਿਮਤੀ ਬਹੁਤ ਖਤਰਨਾਕ ਹੈ। ਰੂਸੀ ਫੌਜ ਬਾਰੇ "ਜਾਅਲੀ ਖ਼ਬਰਾਂ" ਫੈਲਾਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਜੇਲ੍ਹ ਦੀ ਸਜ਼ਾ ਦਿੱਤੀ ਜਾਂਦੀ ਹੈ। ਰੂਸ ਦੀ ਲੀਡਰਸ਼ਿਪ ਦਾ ਵਿਰੋਧ ਕਰਨ ਵਾਲੇ ਜਾਂ ਤਾਂ ਭੱਜ ਗਏ ਹਨ ਜਾਂ ਜਿਵੇਂ ਕਿ ਮੁੱਖ ਵਿਰੋਧੀ ਸ਼ਖਸੀਅਤ ਅਲੈਕਸੀ ਨੇਵਾਲਨੀ ਦੇ ਨਾਲ, ਜੇਲ੍ਹ ਵਿੱਚ ਸੁੱਟ ਦਿੱਤਾ ਗਿਆ ਹੈ।

### ਯੂਕਰੇਨ ਦਾ ਪੱਛਮ ਵੱਲ ਜਾਣਾ

ਇਸ ਯੁੱਧ ਦੇ ਬੀਜ 2013 ਵਿੱਚ ਬੀਜੇ ਗਏ ਸਨ। ਉਸ ਸਮੇਂ ਮਾਸਕੋ ਨੇ ਯੂਕਰੇਨ ਦੇ ਰੂਸ ਪੱਖੀ ਨੇਤਾ ਨੂੰ ਯੂਰਪੀਅਨ ਯੂਨੀਅਨ ਨਾਲ ਇੱਕ ਯੋਜਨਾਬੱਧ ਸਮਝੌਤਾ ਰੱਦ ਕਰਨ ਲਈ ਮਨਾ ਲਿਆ ਸੀ ਜਿਸ ਨਾਲ ਵਿਰੋਧ ਪ੍ਰਦਰਸ਼ਨ ਹੋਏ। ਆਖਰਕਾਰ ਉਸਨੂੰ ਹੇਠਾਂ ਸੁੱਟ ਲਿਆ ਗਿਆ। ਰੂਸ ਨੇ ਕ੍ਰੀਮੀਆ ਉੱਤੇ ਕਬਜ਼ਾ ਕਰ ਲਿਆ ਅਤੇ ਪੂਰਬ ਵਿੱਚ ਜ਼ਮੀਨ ਹੜੱਪ ਲਈ। ਰੂਸ ਦੇ 2022 ਦੇ ਹਮਲੇ ਦੇ ਚਾਰ ਮਹੀਨਿਆਂ ਬਾਅਦ, ਈਯੂ ਨੇ ਯੂਕਰੇਨ ਨੂੰ ਉਮੀਦਵਾਰ ਦਾ ਦਰਜਾ ਦਿੱਤਾ।

ਯੂਕਰੇਨ ਨੇ ਕਥਿਤ ਤੌਰ 'ਤੇ ਯੁੱਧ ਤੋਂ ਪਹਿਲਾਂ ਰੂਸ ਨਾਲ ਨਾਟੋ ਤੋਂ ਬਾਹਰ ਰਹਿਣ ਲਈ ਇੱਕ ਆਰਜ਼ੀ ਸੌਦੇ ਨਾਲ ਸਹਿਮਤੀ ਪ੍ਰਗਟਾਈ ਸੀ। ਪਰ ਮਾਰਚ ਵਿੱਚ ਰਾਸ਼ਟਰਪਤੀ ਜ਼ੇਲੇਂਸਕੀ ਨੇ ਯੂਕਰੇਨ ਨੂੰ ਇੱਕ ਗੈਰ-ਗਠਜੋੜ, ਗੈਰ-ਪ੍ਰਮਾਣੂ ਰਾਜ ਦੇ ਰੂਪ ਵਿੱਚ ਬਰਕਰਾਰ ਰੱਖਣ ਦੀ ਪੇਸ਼ਕਸ਼ ਕੀਤੀ ਸੀ: "ਇਹ ਇੱਕ ਸੱਚ ਹੈ ਅਤੇ ਇਸਨੂੰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ।

### ਕੀ ਨਾਟੋ ਜੰਗ ਲਈ ਜ਼ਿੰਮੇਵਾਰ ਸੀ?

ਨਾਟੋ ਦੇ ਮੈਂਬਰ ਦੇਸ਼ਾਂ ਨੇ ਯੂਕਰੇਨ ਨੂੰ ਹਵਾਈ ਰੱਖਿਆ ਪ੍ਰਣਾਲੀਆਂ ਦੇ ਨਾਲ-ਨਾਲ ਮਿਜ਼ਾਈਲਾਂ, ਤੋਪਖਾਨੇ ਅਤੇ ਡਰੋਨ ਭੇਜੇ ਹਨ। ਪਰ ਇਹ ਯੁੱਧ ਲਈ ਜ਼ਿੰਮੇਵਾਰ ਨਹੀਂ ਹੈ। ਨਾਟੋ ਦਾ ਵਿਸਥਾਰ ਰੂਸੀ ਧਮਕੀ ਦੇ ਜਵਾਬ ਵਜੋਂ ਹੋਇਆ ਹੈ। ਨਾਟੋ ਦਾ ਕਹਿਣਾ ਹੈ ਕਿ ਉਸ ਨੇ ਆਪਣੇ ਪੂਰਬੀ ਹਿੱਸੇ 'ਤੇ ਲੜਾਕੂ ਸੈਨਿਕਾਂ ਨੂੰ ਤਾਇਨਾਤ ਕਰਨ ਦਾ ਇਰਾਦਾ ਨਹੀਂ ਰੱਖਿਆ ਸੀ ਜਦੋਂ ਤੱਕ ਰੂਸ ਨੇ 2014 ਵਿੱਚ ਕ੍ਰੀਮੀਆ ਨੂੰ ਗੈਰ-ਕਾਨੂੰਨੀ ਤੌਰ 'ਤੇ ਸ਼ਾਮਲ ਨਹੀਂ ਕੀਤਾ ਸੀ।

# ਡਿਪਟੀ ਕਮਿਸਨਰ ਪਠਾਨਕੋਟ ਨੇ ਮਹੀਨਾਵਾਰ ਮੀਟਿੰਗ ਦੋਰਾਨ ਪੰਚਾਇਤੀ ਰਾਜ ਅਤੇ ਰੈਵਨਿਊ ਵਿਭਾਗ ਦੀ ਕਾਰਗੁਜਾਰੀ ਦਾ ਕੀਤਾ ਰੀਵਿਓ

**ਪਠਾਨਕੋਟ 21 ਫਰਵਰੀ (ਰਾਜਿੰਦਰ ਸਿੰਘ ਰਾਜਨ)** ਜਿਲ੍ਹਾ ਪਠਾਨਕੋਟ ਵਿੱਚ ਜਨਵਰੀ ਮਹੀਨੇ ਵਿਖੇ ਪੰਚਾਇਤ ਰਾਜ ਅਤੇ ਰੈਵਨਿਉ ਵਿਭਾਗ ਵੱਲੋਂ ਕੀਤੀ ਕਾਰਗੁਜਾਰੀ ਦਾ ਜਾਇਜਾ ਲੈਣ ਲਈ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਵੱਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਵਿਖੇ ਸਥਿਤ ਮੀਟਿੰਗ ਹਾਲ ਵਿਖੇ



ਮਹੀਨਾਵਾਰ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੋਰਾਨ ਜਿਲ੍ਹਾ ਪਠਾਨਕੋਟ ਵਿੱਚ ਪੰਚਾਇਤੀ ਰਾਜ ਅਤੇ ਰੈਵਨਿਓ ਵਿਭਾਗ ਦੀ ਕਾਰਗੁਜਾਰੀ ਤੇ ਚਰਚਾ ਕੀਤੀ ਗਈ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਕਾਲਾ ਰਾਮ ਕਾਂਸਲ ਐਸ.ਡੀ.ਐਮ. ਪਠਾਨਕੋਟ, ਹਰਜਿੰਦਰ ਸਿੰਘ ਐਸ.ਡੀ.ਐਮ. ਧਾਰ ਕਲ੍ਹਾ, ਅਰਵਿੰਦਰਪਾਲ ਸਿੰਘ ਡੀ.ਆਰ.ਓ. ਪਠਾਨਕੋਟ, ਲੱਛਮਣ ਸਿੰਘ ਤਹਿਸੀਲਦਾਰ ਪਠਾਨਕੋਟ ਅਤੇ ਹੋਰ ਸਬੰਧਤ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

ਮੀਟਿੰਗ ਦੋਰਾਨ ਸੰਬੋਧਤ ਕਰਦਿਆਂ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਪੰਚਾਇਤੀ ਰਾਜ ਦੇ ਜਿਲ੍ਹਾ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਅੰਦਰ ਸਰਕਾਰੀ ਜਮੀਨਾਂ ਤੇ ਕੀਤੇ ਨਜਾਇਜ ਕਬਜਿਆਂ ਨੂੰ ਹਟਾਉਂਣ ਦੇ ਆਦੇਸ ਦਿੱਤੇ ਸਨ ਅਤੇ ਇਸ ਤੇ ਕਾਰਵਾਈ ਕਰਦਿਆਂ ਬਹੁਤ ਸਾਰੇ ਵਿਭਾਗਾਂ ਵੱਲੋਂ ਸਰਕਾਰੀ ਜਮੀਨਾਂ ਤੇ ਕੀਤੇ ਕਬਜੇ ਛੁਡਵਾਏ ਵੀ ਹਨ। ਉਨ੍ਹਾਂ ਕਿਹਾ ਕਿ ਜਿਲ੍ਹੇ ਅੰਦਰ ਕਿੰਨੀ ਜਮੀਨ ਤੋਂ ਲੋਕਾਂ ਦੇ ਨਜਾਇਜ ਕਬਜੇ ਹਟਾਏ ਗਏ ਹਨ ਇਸ ਦੀ ਰਿਪੋਰਟ ਬਣਾ ਕੇ ਜਿਲ੍ਹਾ ਪ੍ਰਸਾਸਨ ਨੂੰ ਦਿੱਤੀ ਜਾਵੈ। ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਕਿਹਾ ਕਿ ਜਿਲ੍ਹੇ ਅੰਦਰ ਵੱਖ ਵੱਖ ਅਧਿਕਾਰੀਆਂ ਅਧੀਨ ਚਲ ਰਹੇ ਕੋਰਟ ਕੇਸਾਂ ਦਾ ਮੋਕਾ ਰਹਿੰਦਿਆਂ ਹੀ ਨਿਪਟਾਰਾ ਕਰਕੇ ਰਿਪੋਰਟ ਤਿਆਰ ਕੀਤੀ ਜਾਵੇ।

# 'ਸੁਪਰੀਮ ਕੋਰਟ ਦੇ ਦੋ ਹੁਕਮਾਂ ਕਰਕੇ ਮਹਾਰਾਸ਼ਟਰ 'ਚ ਸ਼ਿੰਦੇ ਸਰਕਾਰ ਬਣੀ'

**ਨਵੀਂ ਦਿੱਲੀ-** ਸ਼ਿਵ ਸੈਨਾ ਦੇ ਊਧਵ ਠਾਕਰੇ ਧੜੇ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਮਹਾਰਾਸ਼ਟਰ ਵਿੱਚ ਏਕਨਾਥ ਸ਼ਿੰਦੇ ਦੀ ਅਗਵਾਈ ਹੇਠ ਨਵੀਂ ਸਰਕਾਰ ਦਾ ਗਠਨ ਸਿਖਰਲੀ ਕੋਰਟ ਦੇ ਉਨ੍ਹਾਂ ਦੋ ਹੁਕਮਾਂ ਦਾ 'ਸਿੱਧਾ ਤੇ ਪ੍ਰਮਾਣਿਕ ਨਤੀਜਾ' ਹੈ ਜਿਸ ਨੇ ਸਰਕਾਰ ਦੇ ਦੋ ਅੰਗਾਂ ਨਿਆਂਪਾਲਿਕਾ ਤੇ ਵਿਧਾਨਪਾਲਿਕਾ ਵਿਚਲੇ 'ਇਕ ਸਮਾਨ ਤੇ ਪਰਸਪਰ ਤਵਾਜ਼ਨ ਨੂੰ ਉਲਟ ਪੁਲਟ ਕਰ ਛੱਡਿਆ ਹੈ'। ਠਾਕਰੇ ਧੜੇ ਵੱਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੂੰ ਦੱਸਿਆ ਕਿ ਸਿਖਰਲੀ ਕੋਰਟ ਦੇ 27 ਜੂਨ 2022 ਤੇ 29 ਜੂਨ 2022 ਦੇ ਹੁਕਮਾਂ ਨੇ ਨਾ ਸਿਰਫ਼ 'ਸਟੇਟਸ ਕੋ' ਦੀ ਸੁਰੱਖਿਆ ਯਕੀਨੀ ਬਣਾਈ ਬਲਕਿ ਨਵੇਂ ਸਟੇਟਸ ਕੋ ਦੀ ਵੀ ਸਿਰਜਣਾ ਕੀਤੀ। ਸਿੰਘਵੀ ਨੇ ਕਿਹਾ, "30 ਜੂਨ 2022 ਨੂੰ ਨਵੀਂ ਸਰਕਾਰ ਦਾ ਗਠਨ ਸੁਪਰੀਮ ਕੋਰਟ ਦੇ ਦੋ ਹੁਕਮਾਂ ਦਾ ਸਿੱਧਾ ਤੇ ਪ੍ਰਮਾਣਿਕ ਨਤੀਜਾ ਸੀ। ਇਸ ਕੋਰਟ ਨੇ 27 ਜੂਨ 2022 ਦੇ ਹੁਕਮ ਨਾਲ ਡਿਪਟੀ ਸਪੀਕਰ ਨੂੰ ਬਕਾਇਆ ਅਯੋਗਤਾ ਪਟੀਸ਼ਨਾਂ ਦਾ ਫੈਸਲਾ ਕਰਨ ਦੀ ਆਗਿਆ ਨਾ ਦੇ ਕੇ ਇੱਕ ਨਕਾਰਾਤਮਕ ਹੁਕਮ ਦਿੱਤਾ ਜਦੋਂਕਿ 29 ਜੂਨ, 2022 ਦੇ ਹੁਕਮ ਵਿੱਚ ਸਕਾਰਾਤਮਕ ਆਦੇਸ਼ ਪਾਸ ਕਰਕੇ 30 ਜੂਨ ਨੂੰ ਭਰੋਸੇ ਦੀ ਵੋਟ ਕਰਵਾਉਣ ਦੀ ਆਗਿਆ ਦਿੱਤੀ ਗਈ।" ਸਿੰਘਵੀ ਨੇ ਬੈਂਚ, ਜਿਸ ਵਿੱਚ ਜਸਟਿਸ ਐੱਮ ਆਰ ਸ਼ਾਹ, ਜਸਟਿਸ ਕ੍ਰਿਸ਼ਨ ਮੁਰਾਰੀ, ਜਸਟਿਸ ਹਿਮਾ ਕੋਹਲੀ ਤੇ ਜਸਟਿਸ ਪੀ।ਐੱਸ।ਨਰਸਿਮ੍ਹਾ ਵੀ ਸ਼ਾਮਲ ਸਨ, ਨੂੰ ਦੱਸਿਆ ਕਿ 29 ਜੂਨ 2022 ਦੇ ਹੁਕਮਾਂ ਨਾਲ ਕੋਰਟ ਨੇ ਸਪੱਸ਼ਟ ਤੌਰ 'ਤੇ ਉਹ ਸਾਰੀਆਂ ਕਾਰਵਾਈਆਂ ਅਤੇ ਭੁੱਲਾਂ ਕੀਤੀਆਂ ਜਿਨ੍ਹਾਂ ਦੀ ਪਾਲਣਾ ਕੀਤੀ ਜਾਣੀ ਸੀ।ਸੁਣਵਾਈ ਦੌਰਾਨ ਸੀਜੇਆਈ ਚੰਦਰਚੂੜ ਨੇ ਸਿੰਘਵੀ ਨੂੰ ਦੱਸਿਆ ਕਿ ਇੱਥੇ ਨਬਾਮ ਰੇਬੀਆ ਕੇਸ ਨੂੰ ਲਾਗੂ ਕਰਕੇ, ਸਪੀਕਰ ਵਿਧਾਇਕਾਂ ਵਿਰੁੱਧ ਅਯੋਗਤਾ ਦੀਆਂ ਪਟੀਸ਼ਨਾਂ ਦਾ ਫੈਸਲਾ ਨਹੀਂ ਕਰ ਸਕਦਾ ਸੀ ਕਿਉਂਕਿ 2016 ਦੇ ਫੈਸਲੇ ਵਿੱਚ ਕਿਹਾ ਗਿਆ ਹੈ ਕਿ ਜਿੱਥੇ ਸਪੀਕਰ ਨੂੰ ਹਟਾਉਣ ਦੀ ਤਜਵੀਜ਼ ਬਕਾਇਆ ਹੋਵੇ, ਉਥੇ ਉਹ ਅਯੋਗਤਾ ਬਾਰੇ ਫੈਸਲਾ ਨਹੀਂ ਕਰ ਸਕਦਾ। ਇਸ 'ਤੇ ਸਿੰਘਵੀ ਨੇ ਕਿਹਾ, "ਜੇਕਰ ਇਹ ਅਦਾਲਤ ਖੁਦ ਅਯੋਗਤਾ ਦੇ ਸਵਾਲ ਦਾ ਫੈਸਲਾ ਨਹੀਂ ਕਰਦੀ ਹੈ, ਤਾਂ ਨਤੀਜਾ ਇਹ ਨਿਕਲੇਗਾ



ਕਿ ਪ੍ਰਤੀਵਾਦੀ ਧਿਰ (ਏਕਨਾਥ ਸ਼ਿੰਦੇ ਧੜੇ), ਜਿਨ੍ਹਾਂ ਨੂੰ ਹੁਣ ਚੋਣ ਕਮਿਸ਼ਨ ਤੋਂ ਹੁਕਮ ਮਿਲਿਆ ਹੈ ਕਿ ਉਹ ਸ਼ਿਵ ਸੈਨਾ ਦੇ ਚੋਣ ਨਿਸ਼ਾਨ ਦੇ ਹੱਕਦਾਰ ਹਨ, ਪਟੀਸ਼ਨਰਾਂ ਨੂੰ ਵ੍ਹਿਪ ਜਾਰੀ ਕਰਨ ਦੇ ਯੋਗ ਹੋਵੇਗੀ, ਜਿਸ ਦੀ ਉਲੰਘਣਾ ਦੇ ਨਤੀਜੇ ਵਜੋਂ ਪਟੀਸ਼ਨਰਾਂ ਨੂੰ ਅਯੋਗ ਕਰਾਰ ਦਿੱਤਾ ਜਾਵੇਗਾ।" ਸਿੰਘਵੀ ਨੇ ਕਿਹਾ ਕਿ ਅਯੋਗਤਾ ਪਟੀਸ਼ਨਾਂ ਦਾ ਫੈਸਲਾ ਕਰਨ ਦੀ ਇਜਾਜ਼ਤ ਅਜਿਹੇ ਵਿਅਕਤੀ ਨੂੰ ਦੇਣਾ, ਜਿਸ ਨੂੰ ਏਕਨਾਥ ਸ਼ਿੰਦੇ ਧੜੇ ਦੀ ਸਰਗਰਮ ਹਮਾਇਤ ਨਾਲ ਸਪੀਕਰ ਨਿਯੁਕਤ ਕੀਤਾ ਗਿਆ ਹੈ, ਅਤੇ ਜਿਸ ਨੇ ਖ਼ੁਦ ਨੂੰ ਪੱਖਪਾਤੀ ਅਤੇ ਮਾੜੇ ਢੰਗ ਨਾਲ ਪੇਸ਼ ਕੀਤਾ ਹੈ।

# ‘ਹੋਲਾ ਮਹੱਲਾ’ ਖਾਲਸਾਈ ਜਾਹੋ ਜਲਾਲ ਦਾ ਪ੍ਰਤੀਕ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸ਼ਾਨਾਮੱਤੇ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ ਵਿਚ ਕੁਰਬਾਨੀ, ਬੀਰ-ਰਸ ਰਵਾਇਤਾਂ, ਸ਼ਸ਼ਤਰਾਂ ਦਾ ਸਤਿਕਾਰ ਦ੍ਰਿੜ੍ਹ ਕਰਵਾਉਂਦਾ ਹੈ ’ਹੋਲਾ ਮਹੱਲਾ’ ਜੋ ਖਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਹੈ। ਸੰਸਾਰਕ ਇਤਿਹਾਸਕ ਤਿਉਹਾਰਾਂ ਵਿਚ ਮੌਸਮ ਦੇ ਬਦਲਣ ਨਾਲ ਹੋਲੀ ਬਸੰਤ ਦੇ ਖੇੜੇ ਮਨੁੱਖੀ ਮਨ ਵਿਚ ਅਨੰਦ ਭਰਦੇ ਹਨ। ਮਨੁੱਖੀ ਚੇਤਨਾ ਵਿਚ ਮਹਾਨ ਘੱਲੂਘਾਰਿਆਂ ਦੀ ਵੀਰ-ਭੂਮੀ ਪੰਜਾਬ ਨੇ ਜਿੱਥੇ ਪੁਰਾਣੇ ਪਿੜ ਨੂੰ ਕਾਇਮ ਰੱਖਿਆ ਹੈ, ਉਥੇ ਖਾਲਸਾ ਪੰਥ ਨੇ ਆਪਣੀ ਪਛਾਣ ਨਾਲ ਜੋੜ ਕੇ ਤਿਉਹਾਰ ਖਾਲਸਾਈ ਜਾਹੋ-ਜਲਾਲ ਨਾਲ ਮਨਾਉਂਦਾ ਹੈ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਦੀ ਪਹਿਲੀ ਸੰਮਤ 1757 ਬਿਕਰਮੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਕਿਲਾ ਹੋਲਗੜ੍ਹ ਤੋਂ ਹੋਲੇ ਮਹੱਲੇ ਦਾ ਆਰੰਭ ਕੀਤਾ।

ਹੋਲੇ ਮਹੱਲੇ ਦੇ ਉਦੇਸ਼ ਬੜੇ ਸਾਰਥਕ ਅਤੇ ਉਸਾਰੂ ਹਨ। ਹੋਲਾ ਅਰਬੀ ਭਾਸ਼ਾ ਅਤੇ ਮਹੱਲਾ ਫਾਰਸੀ ਭਾਸ਼ਾ ਦਾ ਸ਼ਬਦ ਹੈ। ਅਰਬੀ ਭਾਸ਼ਾ ਦੇ ਹੂਲ ਦੇ ਅਰਥ ਹੈ ਭਲੇ ਕੰਮ ਲਈ ਜੂਝਣਾ। ਸੀਸ ਤਲੀ ’ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ ’ਤੇ ਚੱਲਣਾ। ਮਹੱਲਾ ਦਾ ਅਰਥ ਜਿਸ ਥਾਂ ’ਤੇ ਕਬਜ਼ਾ ਕਰ ਲੈਣਾ। ਸਿੱਖ ਗੁਰੂਆਂ ਦਾ ਉਦੇਸ਼ ਅਤੇ ਉਪਦੇਸ਼ ਸੀ ਕਿ ਜ਼ੁਲਮ, ਅੱਨਿਆ ਅਤੇ ਰਾਜਨੀਤਿਕ ਵਧੀਕੀਆਂ ਦੇ ਖਿਲਾਫ ਮਰ ਮਿਟਣ ਲਈ ਤਿਆਰ ਰਹਿਣਾ। ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਦੀ ਵਿਸਾਖੀ ਤੇ ਖਾਲਸਾ ਪੰਥ ਦੀ ਸਾਜਣਾ ਕੀਤੀ। ਸਿੱਖ ਪੰਥ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ। ਗੁਰੂ ਜੀ ਨੇ ਦੁਬੈਲਾਂ, ਦੱਬੇ-ਕੁਚਲੇ, ਗਰੀਬ, ਨਿਤਾਣੇ ਜਿਹਨਾਂ ਨੂੰ ਨਿਕੰਮੇ ਤੇ ਨਚ ਸਮਝਿਆ ਜਾਂਦਾ ਸੀ, ਵਿਚ ਸਵੈਮਾਣ ਦਾ ਜਜ਼ਬਾ ਭਰ ਕੇ ਉਹਨਾਂ ਨੂੰ ਸਵੈ-ਰੱਖਿਆ ਲਈ ਜੂਝ ਕੇ ਮਰ ਮਿਟਣ ਵਾਲੇ ਯੋਧੇ ਬਣਾ ਕੇ ਖਾਲਸਾ ਫੌਜੀ ਸਾਜਿਆ। ਉਹਨਾਂ ਵਿਚ ਪੂਰਨ ਮਨੁੱਖੀ ਆਜ਼ਾਦੀ ਦਾ ਜੋਸ਼ ਭਰਿਆ, ਉਹਨਾਂ ਨੂੰ ਸੂਰਬੀਰ ਤੇ ਨਿਡਰ ਯੋਧੇ ਬਣਾਇਆ।

ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰੰਪਰਾਗਤ ਰਹੁ-ਰੀਤਾਂ ਅਤੇ ਤਿਉਹਾਰਾਂ ਨੂੰ ਵੀ ਇਨਕਲਾਬੀ ਢੰਗ ਨਾਲ ਮਨਾਉਣ ਦੀ ਪ੍ਰੇਰਨਾ ਦਿੱਤੀ। ਉਹਨਾਂ ਨੇ ਸਿੰਘਾਂ ਨੂੰ ਸ਼ਸ਼ਤਰ ਵਿੱਦਿਆ ਵਿਚ ਨਿਪੁੰਨ ਬਣਾਇਆ। ਉਹਨਾਂ ਨੇ ਸਿੱਖਾਂ ਨੂੰ ਇਕ ਨਵੀਂ ਪਛਾਣ ਦਿੱਤੀ। ਗੁਰੂ ਜੀ ਨੇ ਹੋਲਾ ਮਹੱਲਾ ਦੇ ਇਸ ਤਿਉਹਾਰ ਨੂੰ ਸੂਰਮਤਾਈ ਨਾਲ ਜੋੜ ਦਿੱਤਾ। ਉਹਨਾਂ ਚਾਹਿਆ ਕਿ ਸਮਾਜ ਵਿਚ ਨਰੋਆ ਪ੍ਰੀਵਰਤਨ ਲਿਆਂਦਾ ਜਾਵੇ ਕਿ ਸਮਾਜ ਨੂੰ ਸਾਰਥਕ ਅਤੇ ਉਸਾਰੂ ਸੇਧ ਮਿਲ ਸਕੇ। ਗੁਰੂ ਜੀ ਨੇ ਮੀਰੀ-ਪੀਰੀ ਨੂੰ ਕਾਇਮ ਰੱਖਣ ਲਈ ਸ਼ਸਤਰਾਂ ਦਾ ਸਤਿਕਾਰ ਅਤੇ ਪ੍ਰਯੋਗ ਕਰਨ ’ਤੇ ਜ਼ੋਰ ਦਿੱਤਾ। ਜ਼ੁਲਮ ਉਤੇ ਸੱਚ ਦੀ ਜਿੱਤ ਦਾ ਸੰਕਲਪ ਦ੍ਰਿੜ੍ਹ ਕਰਵਾਉਣਾ ਸੀ। ਮਹੱਲਾ ਇਕ ਫਰਜ਼ੀ ਅਭਿਆਸ ਦਾ ਜੰਗ ਹੈ। ਇਸ ਵਿਚ ਪੈਦਲ ਅਤੇ ਘੋੜ ਸਵਾਰ ਸ਼ਸ਼ਤਰਧਾਰੀ ਸਿੰਘਾਂ ਦੇ ਦੋ ਦਲ ਬਣ ਕੇ ਹਮਲਾ ਕਰਦੇ ਹਨ। ਅਨੇਕ ਤਰ੍ਹਾਂ ਦੇ ਜੰਗੀ ਕਰਤੱਬ ਦਿਖਾਉਂਦੇ, ਤੇਗ ਦੇ ਕਮਾਲ ਦਿਖਾਏ ਜਾਂਦੇ। ਮਹੱਲਾ ਤਲਵਾਰਾਂ, ਬਰਛਿਆਂ ਅਤੇ ਨੇਜ਼ਿਆਂ ਨਾਲ ਖੇਡਿਆ ਜਾਂਦਾ। ਗੁਰੂ ਜੀ ਇਸ ਫਰਜ਼ੀ ਢੰਗ ਅਭਿਆਸ ਦੀ ਸਿੱਖਿਆ ਦਿੰਦੇ ਅਤੇ ਵੇਖ ਕੇ ਉਤਸ਼ਾਹਿਤ ਕਸਦੇ। ਜੇਤੂ ਦਲ ਨੂੰ ਸਿਰੋਪਾਓ ਦੀ ਬਖਸ਼ਿਸ਼ ਹੁੰਦੀ। ਇਸ ਮੌਕੇ ਦੀਵਾਨ ਸੱਜਦੇ, ਕੀਰਤਨ, ਕਥਾ, ਵਿਚਾਰਾਂ ਹੁੰਦੀਆਂ, ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ, ਕਵੀ ਦਰਬਾਰ ਸਜਾਏ ਜਾਂਦੇ ਅਤੇ ਅਨੇਕ ਤਰ੍ਹਾਂ ਦੇ ਫੌਜੀ ਅਭਿਆਸ ਚਲਦੇ। ਹਰ ਪਾਸੇ ਚੜ੍ਹਦੀ ਕਲਾ ਦਾ ਮਹੱਲ ਬਣਿਆ ਰਹਿੰਦਾ ਜੋ ਖਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਹੁੰਦਾ।

ਹੋਲਾ-ਮਹੱਲਾ ਦੀਆਂ ਵਿਸ਼ੇਸ਼ਤਾਈਆਂ ਨੇ ਭਾਰਤੀ ਲੋਕਾਂ ਦੇ ਮਨਾਂ ’ਤੇ ਬੜਾ ਪ੍ਰਭਾਵ ਪਾਇਆ। ਉਹ ਹੋਲਾ ਮਹੱਲਾ ਦੇ ਉਤਸਵ ਤੇ ਹੁੰਮ-ਹੁੰਮਾ ਕੇ ਸ਼ਾਮਲ ਹੋਣ ਲੱਗੇ। ਅਤਰ ਫਲੇਲ ਦੀਆਂ ਸੁਗੰਧੀਆਂ ਰੰਗਾਂ ਦੀ ਫੁਹਾਰ ਤੇ ਬੇਅੰਤ ਇਕੱਠ ਨੇ ਇਸ ਉਤਸਵ ਦੀ ਸ਼ੋਭਾ ਨੂੰ ਵਧਾਇਆ। ਵਰਤਮਾਨ ਸਮੇਂ ਵੀ ਹੋਲਾ ਕੱਢਿਆ ਜਾਂਦਾ ਹੈ। ਨਿਹੰਗ ਸਿੰਘ ਆਪਣੇ ਫੌਜੀ ਬਾਣੇ ਵਿਚ ਨਿਕਲਦੇ ਹਨ। ਤਖਤ ਸ੍ਰੀ ਕੇਸਗੜ੍ਹ ਨਗਾਰਿਆਂ ਦੀ ਗੂੰਜ ਨਾਲ ਨਿਸ਼ਾਨ ਸਾਹਿਬ ਚੜ੍ਹਾਏ ਜਾਂਦੇ ਹਨ। ਇਸ ਮਹਾਨ ਉਤਸਵ ਵਿਚ ਦੂਰ-ਦਰਾਜ ਤੋਂ ਸੰਗਤਾਂ ਹਮੇਸ਼ਾ ਦੀ ਤਰ੍ਹਾਂ ਵੱਡੀ ਗਿਣਤੀ ਵਿਚ ਪੁੱਜਦੀਆਂ ਹਨ।

ਕੀਰਤਪੁਰ, ਹਜ਼ੂਰ ਸਾਹਿਬ, ਨਾਂਦੇੜ ਵਿਚ ਵੀ ਮਹੱਲਾ ਨਿਕਲਦਾ ਹੈ। ਅੱਗੇ-ਅੱਗੇ ਸ਼ਿੰਗਾਰਿਆ ਨੀਲਾ ਘੋੜਾ ਤੁਰਦਾ ਹੈ। ਪਿੱਛੇ ਪਿੱਛੇ ਸੰਗਤਾਂ, ਫਿਰ ਹਵਾ ਵਿਚ ਗੋਲੀ ਦਾਗੀ ਜਾਂਦੀ ਹੈ। ਜਿਵੇਂ ਦੁਸ਼ਮਣ ਤੇ ਹਮਲਾ ਵਾਲਾ ਪ੍ਰਭਾਵ ਵਧਾਇਆ ਜਾਂਦਾ ਹੈ। ਘੋੜਾ ਬੜੀ ਤੇਜ਼ੀ ਨਾਲ ਦੌੜਦਾ ਹੈ, ਪਿੱਛੇ ਸੰਗਤਾਂ ਦੌੜਦੀਆਂ ਹਨ। ਇਸ ਤਰ੍ਹਾਂ ਮਹੱਲਾ ਨਿਕਲਦਾ ਹੈ ਤੇ ਦੇਖਦੇ-ਦੇਖਦੇ ਹੀ ਮਹੱਲਾ ਭਰ ਜਾਂਦਾ ਹੈ। ਗੁਰਦੁਆਰਾ ਪਾਉਂਟਾ ਸਾਹਿਬ ਦੇ ਬਾਹਰ ਉਤਸਵ ਹੁੰਦਾ ਹੈ। ਗੁਰਦੁਆਰਾ ਦੀ ਇਤਿਹਾਸਕ ਮਹੱਤਤਾ ਹੋਣ ਕਰਕੇ ਭਾਰੀ ਗਿਣਤੀ ਵਿਚ ਸੰਗਤਾਂ ਪੁੱਜਦੀਆਂ ਹਨ। ਇਹ ਨਜ਼ਾਰਾ ਵੇਖਣ ਯੋਗ ਹੁੰਦਾ ਹੈ।



**ਅੰਤਿਕਾ**

ਹੋਲਾ ਮਹੱਲਾ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ, ਬੀਰ ਰਸੀ ਰਵਾਇਤਾਂ, ਸ਼ਸ਼ਤਰਾਂ ਦਾ ਸਤਿਕਾਰ ਨੂੰ ਦ੍ਰਿੜ੍ਹ ਕਰਵਾਉਂਦਾ ਹੈ। ਹੋਲਾ-ਮਹੱਲਾ ਸ਼ਕਤੀ ਅਤੇ ਅਣਖ ਖਾਲਸਾ ਪੰਥ ਦਾ ਸਵੈਮਾਣ ਅਤੇ ਚੜ੍ਹਦੀਕਲਾ ਦਾ ਪ੍ਰਤੀਕ ਹੈ। ਜੋ ਜ਼ੁਲਮ ਵਿਰੁੱਧ ਜੂਝਣ ਦਾ ਜੋਸ਼ ਭਰਦਾ ਹੈ। ਖਾਲਸਾ ਪੰਥ ਨੂੰ ਜਾਗਰੂਕ ਕਰਨ ਦਾ ਪ੍ਰੇਰਨਾ ਸਰੋਤ ਤਿਉਹਾਰ ਹੈ।

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |


NEW & USED TIRES
WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697


3525 Highway 99, West Corning, CA 96021
Across the Street from TA Truck Stop





Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html




My Struggle in Life:

Das Pawar, Ishwar: 9781682131558:

Amazon.com: Book

https://www.amazon.com/Struggle-Life-Ishwar-Das-Pawar/dp/1682131556


## ਅੰਤਰਰਾਸ਼ਟਰੀ ਮਹਿਲਾ ਦਿਵਸ 08 ਮਾਰਚ, 2023 ਲਈ ਵਿਸ਼ੇਸ਼

# ਮਹਿਲਾਵਾਂ ਨੂੰ ਉਹਨਾਂ ਦੀ ਸ਼ਕਤੀ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤਰੱਕੀ ਦਿਵਾਉਣ ਦਾ ਦਿਨ




ਕੁਲਦੀਪ ਚੰਦ
91-9417563054


ਅੱਜ 08 ਮਾਰਚ ਨੂੰ ਦੁਨੀਆ ਦੇ ਵੱਖ ਵੱਖ ਭਾਗਾਂ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸਾਲ 2022 ਲਈ ਸੰਯੁਕਤ ਰਾਸ਼ਟਰ ਦਾ ਉਦੇਸ਼ ਹੈ" "ਟਿਕਾਊ ਕੱਲ੍ਹ ਲਈ ਅੱਜ ਲਿੰਗ ਸਮਾਨਤਾ"''' ਵਿਸ਼ਵ ਭਰ ਦੀਆਂ ਔਰਤਾਂ ਅਤੇ ਲੜਕੀਆਂ ਦੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਜੋ ਕਿ ਜਲਵਾਯੂ ਪਰਿਵਰਤਨ ਦੇ ਅਨੁਕੂਲਨ, ਘਟਾਉਣ, ਅਤੇ ਜਵਾਬ, ਸਾਰਿਆਂ ਲਈ ਵਧੇਰੇ ਟਿਕਾਊ ਭਵਿੱਖ ਬਣਾਉਣ ਲਈ ਹੈ। ਜਲਵਾਯੂ ਸੰਕਟ ਅਤੇ ਤਬਾਹੀ ਦੇ ਜੋਖਮ ਵਿੱਚ ਲਿੰਗ ਸਮਾਨਤਾ ਨੂੰ ਅੱਗੇ ਵਧਾਉਣਾ 21ਵੀਂ ਸਦੀ ਦੀਆਂ ਸਭ ਤੋਂ ਵੱਡੀਆਂ ਵਿਸ਼ਵ ਚੁਣੌਤੀਆਂ ਵਿੱਚੋਂ ਇੱਕ ਹੈ। ਜਲਵਾਯੂ ਪਰਿਵਰਤਨ ਅਤੇ ਸਥਿਰਤਾ ਦੇ ਮੁੱਦਿਆਂ ਨੇ ਸਾਡੇ ਵਾਤਾਵਰਣ, ਆਰਥਿਕ ਅਤੇ ਸਮਾਜਿਕ ਵਿਕਾਸ 'ਤੇ ਗੰਭੀਰ ਅਤੇ ਸਥਾਈ ਪ੍ਰਭਾਵ ਪਾਏ ਹਨ ਅਤੇ ਹੁੰਦੇ ਰਹਿਣਗੇ। ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਲਈ ਵਧੇਰੇ ਕਮਜ਼ੋਰ ਵਜੋਂ ਮਾਨਤਾ ਦਿੱਤੀ ਜਾ ਰਹੀ ਹੈ, ਕਿਉਂਕਿ ਉਹ ਵਿਸ਼ਵ ਦੇ ਗਰੀਬਾਂ ਦੀ ਬਹੁਗਿਣਤੀ ਬਣਾਉਂਦੀਆਂ ਹਨ ਅਤੇ ਕੁਦਰਤੀ ਸਰੋਤਾਂ ਤੇ ਵਧੇਰੇ ਨਿਰਭਰ ਹਨ ਜਿਨ੍ਹਾਂ ਨੂੰ ਜਲਵਾਯੂ ਤਬਦੀਲੀ ਤੋਂ ਵੱਧ ਖ਼ਤਰਾ ਹੈ। ਇਸ ਦੇ ਨਾਲ ਹੀ, ਔਰਤਾਂ ਅਤੇ ਕੁੜੀਆਂ ਜਲਵਾਯੂ ਅਨੁਕੂਲਨ ਅਤੇ ਘੱਟ ਕਰਨ ਲਈ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਨੇਤਾ ਅਤੇ ਬਦਲਾਅ ਨਿਰਮਾਤਾ ਹਨ। ਅੱਜ ਲਿੰਗ ਸਮਾਨਤਾ ਤੋਂ ਬਿਨਾਂ, ਇੱਕ ਟਿਕਾਊ ਭਵਿੱਖ, ਅਤੇ ਇੱਕ ਸਮਾਨ ਭਵਿੱਖ, ਸਾਡੀ ਪਹੁੰਚ ਤੋਂ ਬਾਹਰ ਹੈ। ਸੰਯੁਕਤ ਰਾਸ਼ਟਰ ਸੰਘ ਦੇ ਅਨੁਸਾਰ ਕਿਸੇ ਸਮਾਜ ਵਿੱਚ ਪੈਦਾ ਹੋਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਮਹਿਲਾਵਾਂ ਦੀ ਸਾਂਝੇਦਾਰੀ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ ਹੈ। ਮਹਿਲਾਵਾਂ ਦੀ ਸੁਰੱਖਿਆ ਅਤੇ ਵਿਕਾਸ ਲਈ ਪ੍ਰਭਾਵਸ਼ਾਲੀ ਯੋਜਨਾਵਾਂ ਬਣਾਉਣੀਆਂ ਅਤੇ ਸੱਖਤੀ ਨਾਲ ਲਾਗੂ ਕਰਨ ਦੀ ਜਰੂਰਤ। ਸੰਯੁਕਤ ਰਾਸ਼ਟਰ ਵਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਲਈ 8 ਮਾਰਚ 2022 ਨੂੰ ਸਵੇਰੇ 10 ਵਜੇ ਤੋਂ 11.30 ਵਜੇ ਇੱਕ ਉੱਚ-ਪੱਧਰੀ ਵਰਚੁਅਲ ਇਵੈਂਟ ਦੁਆਰਾ ਕੀਤਾ ਜਾਵੇਗਾ। ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਜਨਰਲ ਅਸੈਂਬਲੀ ਦੇ ਪ੍ਰਧਾਨ, ਔਰਤਾਂ ਦੀ ਸਥਿਤੀ ਬਾਰੇ ਕਮਿਸ਼ਨ ਦੀ ਚੇਅਰਪਰਸਨ, ਸੰਯੁਕਤ ਰਾਸ਼ਟਰ ਮਹਿਲਾ ਦੇ ਕਾਰਜਕਾਰੀ ਨਿਰਦੇਸ਼ਕ ਦੇ ਨਾਲ-ਨਾਲ ਲਿੰਗ ਸਮਾਨਤਾ ਅਤੇ ਜਲਵਾਯੂ ਤਬਦੀਲੀ ਕਾਰਕੁਨ ਅਤੇ ਮਸ਼ਹੂਰ ਹਸਤੀਆਂ ਹਿੱਸਾ ਲੈਣਗੀਆਂ। ਸਮਾਗਮ ਤੋਂ ਬਾਅਦ ਇੱਕ ਉੱਚ-ਪੱਧਰੀ ਪੈਨਲ ਚਰਚਾ ਅਤੇ ਸੰਗੀਤਕ ਪ੍ਰਦਰਸ਼ਨ ਹੋਣਗੇ। ਅੰਤਰ-ਰਾਸ਼ਟਰੀ ਮਹਿਲਾ ਦਿਵਸ ਦੇ ਉਦੇਸ਼ ਔਰਤਾਂ ਦੀ ਸਥਿਤੀ ਤੇ ਆਉਣ ਵਾਲੇ 66ਵੇਂ ਕਮਿਸ਼ਨ ਲਈ ਤਰਜੀਹੀ ਥੀਮ ਨਾਲ ਮੇਲ ਖਾਂਦੀ ਹੈ: "ਜਲਵਾਯੂ ਤਬਦੀਲੀ, ਵਾਤਾਵਰਣ ਅਤੇ ਆਫ਼ਤ ਦੇ ਜੋਖਮ ਘਟਾਉਣ ਦੇ ਸੰਦਰਭ ਵਿੱਚ ਲਿੰਗ ਸਮਾਨਤਾ ਅਤੇ ਸਾਰੀਆਂ ਔਰਤਾਂ ਅਤੇ ਲੜਕੀਆਂ ਦਾ ਸਸ਼ਕਤੀਕਰਨ ਪ੍ਰਾਪਤ ਕਰਨਾ। ਜਲਵਾਯੂ ਸੰਕਟ ਅਤੇ ਤਬਾਹੀ ਦੇ ਜੋਖਮ ਵਿੱਚ ਕਮੀ ਦੇ ਸੰਦਰਭ ਵਿੱਚ ਲਿੰਗ ਸਮਾਨਤਾ ਨੂੰ ਅੱਗੇ ਵਧਾਉਣਾ 21ਵੀਂ ਸਦੀ ਦੀਆਂ ਸਭ ਤੋਂ ਵੱਡੀਆਂ ਵਿਸ਼ਵ ਚੁਣੌਤੀਆਂ ਵਿੱਚੋਂ ਇੱਕ ਹੈ।




ਜੇਕਰ ਅੰਤਰਰਾਸ਼ਟਰੀ ਮਹਿਲਾ ਦਿਵਸ ਦਾ ਇਤਿਹਾਸ ਵੇਖੀਏ ਤਾਂ ਪ੍ਰਾਚੀਨ ਗ੍ਰੀਸ ਵਿੱਚ ਲੀਸਿਸਟ੍ਰਾਟਾ ਨਾਮ ਦੀ ਇੱਕ ਮਹਿਲਾ ਨੇ ਫ੍ਰੈਂਚ ਕ੍ਰਾਂਤੀ ਦੌਰਾਨ ਯੁੱਧ ਸਮਾਪਤੀ ਦੀ ਮੰਗ ਰੱਖਦੇ ਹੋਏ ਸਮਾਨਤਾ ਦੇ ਅਧਿਕਾਰਾਂ ਦੇ ਅੰਦੋਲਨ ਦੀ ਸ਼ੁਰੂਆਤ ਕੀਤੀ ਸੀ। ਫਾਰਸੀ ਮਹਿਲਾਵਾਂ ਦੇ ਇੱਕ ਸਮੂਹ ਨੇ ਵਰਸੇਲਸ ਵਿੱਚ ਇਸ ਦਿਨ ਇੱਕ ਮੋਰਚਾ ਕੱਢਿਆ ਜਿਸਦਾ ਉਦੇਸ਼ ਯੁੱਧ ਦੇ ਕਾਰਨ ਮਹਿਲਾਵਾਂ ਤੇ ਵੱਧਦੇ ਹੋਏ ਅੱਤਿਆਚਾਰਾਂ ਨੂੰ ਰੋਕਣਾ ਸੀ। ਸੰਨ 1909 ਵਿੱਚ ਸੋਸ਼ਲਿਸਟ ਪਾਰਟੀ ਆਫ ਅਮੇਰਿਕਾ ਦੁਆਰਾ ਪਹਿਲੀ ਵਾਰ ਪੂਰੇ ਅਮਰੀਕਾ ਵਿੱਚ 28 ਫਰਵਰੀ ਨੂੰ ਮਹਿਲਾ ਦਿਵਸ ਮਨਾਇਆ ਗਿਆ। ਸੰਨ 1910 ਵਿੱਚ ਸੋਸ਼ਲਿਸਟ ਇੰਟਰਨੈਸ਼ਨਲ ਦੁਆਰਾ ਕੋਪਨਹੈਗਨ ਵਿੱਚ ਮਹਿਲਾ ਦਿਵਸ ਦੀ ਸਥਾਪਨਾ ਹੋਈ। 1911 ਵਿੱਚ ਆਸਟਰੀਆ, ਡੈਨਮਾਰਕ, ਜਰਮਨੀ ਅਤੇ ਸਵਿੱਟਜ਼ਰਲੈਂਡ ਵਿੱਚ ਲੱਖਾਂ ਮਹਿਲਾਵਾਂ ਦੁਆਰਾ ਰੈਲੀ ਕੱਢੀ ਗਈ। ਵੋਟ ਦਾ ਅਧਿਕਾਰ, ਸਰਕਾਰੀ ਕਾਰਜਕਾਰਨੀ ਵਿੱਚ ਜਗ੍ਹਾ, ਨੌਕਰੀ ਵਿੱਚ ਭੇਦਭਾਵ ਨੂੰ ਖਤਮ ਕਰਨ ਵਰਗੇ ਕਈ ਮੁੱਦਿਆ ਦੀ ਮੰਗ ਇਸ ਰੈਲੀ ਵਿੱਚ ਕੀਤੀ ਗਈ। 1913-14 ਵਿੱਚ ਪਹਿਲੀ ਸੰਸਾਰ ਜੰਗ ਦੇ ਦੌਰਾਨ ਰੂਸੀ ਮਹਿਲਾਵਾਂ ਦੁਆਰਾ ਪਹਿਲੀ ਵਾਰ ਸ਼ਾਂਤੀ ਦੀ ਸਥਾਪਨਾ ਦੇ ਲਈ ਫਰਵਰੀ ਮਹੀਨੇ ਦੇ ਆਖਰੀ ਐਤਵਾਰ ਨੂੰ ਮਹਿਲਾ ਦਿਵਸ ਮਨਾਇਆ ਗਿਆ। ਯੂਰਪ ਵਿੱਚ ਵੀ ਜੰਗ ਦੇ ਖਿਲਾਫ ਪ੍ਰਦਰਸ਼ਨ ਹੋਏ। 1917 ਤੱਕ ਸੰਸਾਰ ਜੰਗ ਵਿੱਚ ਰੂਸ ਦੇ 2 ਲੱਖ ਤੋਂ ਵੱਧ ਫੌਜ਼ੀ ਮਾਰੇ ਗਏ, ਰੂਸੀ ਮਹਿਲਾਵਾਂ ਨੇ ਫਿਰ ਰੋਟੀ ਅਤੇ ਸ਼ਾਂਤੀ ਦੇ ਲਈ ਇਸ ਦਿਨ ਹੜਤਾਲ ਕੀਤੀ। ਹਾਲਾਂਕਿ ਰਾਜਨੇਤਾ ਇਸਦੇ ਖਿਲਾਫ ਸੀ, ਫਿਰ ਵੀ ਮਹਿਲਾਵਾਂ ਨੇ ਆਪਣਾ ਅੰਦੋਲਨ ਜਾਰੀ ਰੱਖਿਆ ਅਤੇ ਆਖਿਰ ਰੂਸ ਦੇ ਜਾਰ ਨੂੰ ਆਪਣੀ ਗੱਦੀ ਛੱਡਣੀ ਪਈ ਅਤੇ ਸਰਕਾਰ ਨੂੰ ਮਹਿਲਾਵਾਂ ਨੂੰ ਵੋਟ ਦੇਣ ਦੇ ਅਧਿਕਾਰ ਦੀ ਘੋਸ਼ਣਾ ਕਰਨੀ ਪਈ। 1995 ਵਿੱਚ ਚੀਨ ਦੇ ਬੀਜਿੰਗ ਵਿੱਚ ਚੌਥੀ ਮਹਿਲਾ ਵਿਸ਼ਵ ਕਾਨਫਰੰਸ ਕਰਵਾਈ ਗਈ ਜਿਸਨੂੰ ਬੀਜਿੰਗ ਘੋਸ਼ਣਾ ਕਿਹਾ ਜਾਂਦਾ ਹੈ। ਮਹਿਲਾ ਦਿਵਸ ਹੁਣ ਲੱਗਭਗ ਸਾਰੇ ਦੇਸ਼ਾਂ ਵਿੱਚ ਹੀ ਮਨਾਇਆ ਜਾਂਦਾ ਹੈ। ਸਾਰੀ ਦੁਨੀਆਂ ਦੀਆਂ ਮਹਿਲਾਵਾਂ ਦੇਸ਼, ਧਰਮ, ਜਾਤ-ਪਾਤ, ਭਾਸ਼ਾ, ਰਾਜਨੀਤਿਕ ਅਤੇ ਸਮਾਜਿਕ ਵਿਤਕਰੇ ਨੂੰ ਭੁੱਲਕੇ ਇੱਕਜੁੱਟ ਹੋ ਕੇ ਇਸ ਦਿਨ ਨੂੰ ਮਨਾਉਂਦੀਆਂ ਹਨ। ਇਹ ਦਿਨ ਮਹਿਲਾਵਾਂ ਨੂੰ ਉਹਨਾਂ ਦੀ ਸ਼ਕਤੀ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤਰੱਕੀ ਦਿਲਵਾਉਣ ਅਤੇ ਉਹਨਾਂ ਮਹਿਲਾਵਾਂ ਨੂੰ ਯਾਦ ਕਰਨ ਦਾ ਦਿਨ ਹੈ ਜਿਹਨਾਂ ਨੇ ਮਹਿਲਾਵਾਂ ਦੇ ਅਧਿਕਾਰ ਦਿਲਵਾਉਣ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ ਹਨ। ਸੰਯੁਕਤ ਰਾਸ਼ਟਰ ਸੰਘ ਨੇ ਮਹਿਲਾਵਾਂ ਦੇ ਬਰਾਬਰਤਾ ਦੇ ਅਧਿਕਾਰ ਨੂੰ ਲਾਗੂ ਕਰਵਾਉਣ ਅਤੇ ਸੁਰੱਖਿਆ ਦੇਣ ਲਈ ਦੁਨੀਆਂ ਭਰ ਵਿੱਚ ਕੁਝ ਨੀਤੀਆਂ, ਪ੍ਰੋਗਰਾਮ ਅਤੇ ਮਾਪਦੰਡ ਨਿਰਧਾਰਤ ਕੀਤੇ ਹਨ। ਸੰਯੁਕਤ ਰਾਸ਼ਟਰ ਸੰਘ ਦੇ ਅਨੁਸਾਰ ਕਿਸੇ ਸਮਾਜ ਵਿੱਚ ਪੈਦਾ ਹੋਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਮਹਿਲਾਵਾਂ ਦੀ ਸਾਂਝੇਦਾਰੀ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ ਹੈ। ਵਿਸ਼ਵ ਦੇ ਕਈ ਦੇਸ਼ਾਂ ਵਿੱਚ ਵਿਸ਼ੇਸ ਤੋਰ ਤੇ ਵਿਕਸਿਤ ਹੋ ਰਹੇ ਦੇਸ਼ਾਂ ਵਿੱਚ ਮਹਿਲਾਵਾਂ ਤੇ ਅੱਤਿਆਚਾਰ ਵਧਦੇ ਜਾ ਰਹੇ ਹਨ। ਭਾਰਤ ਦੇਸ਼ ਜਿਸਦੀ ਕਮਾਂਡ ਲੰਬਾ ਸਮਾਂ ਇੱਕ ਮਹਿਲਾ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਦੇ ਹੱਥ ਵਿੱਚ ਰਹੀ ਨੇ ਮਹਿਲਾਵਾਂ ਦੀ ਹਾਲਤ ਅਤੇ ਉਨ੍ਹਾਂ ਤੇ ਵਾਪਰਦੀਆਂ ਹਿੰਸਾ ਦੀਆਂ ਘਟਨਾਵਾਂ ਨੂੰ ਵੇਖਦੇ ਹੋਏ ਕਈ ਤਰਾਂ ਦੀਆਂ ਯੋਜਨਾਵਾਂ ਉਲੀਕੀਆਂ ਅਤੇ ਸੱਖਤ ਕਨੂੰਨ ਬਣਾਏ ਹਨ। ਸਾਡੇ ਦੇਸ਼ ਵਿੱਚ ਬੇਸ਼ੱਕ ਇੱਕ ਮਹਿਲਾ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਸਪੀਕਰ ਤੱਕ ਦੇ ਅਹੁਦੇ ਤੇ ਵੀ ਬੈਠ ਚੁੱਕੀਆਂ ਹਨ ਅਤੇ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਵੱਖ ਵੱਖ ਅਹੁਦਿਆਂ ਰਾਜਪਾਲ, ਮੁੱਖ ਮੰਤਰੀ, ਮੰਤਰੀ, ਮੁੱਖ ਸਕੱਤਰ, ਡਿਪਟੀ ਕਮਿਸ਼ਨਰ, ਜੱਜ, ਪੁਲਿਸ ਅਫਸਰ ਆਦਿ ਅਹੁਦਿਆਂ ਤੇ ਮਹਿਲਾਵਾਂ ਬੈਠੀਆਂ ਹਨ ਜਿਸਨੂੰ ਵੇਖਕੇ ਲਗਦਾ ਹੈ ਕਿ ਸਾਡੇ ਦੇਸ਼ ਵਿੱਚ ਮਹਿਲਾਵਾਂ ਨਾਲ ਹੋਣ ਵਾਲੀਆਂ ਹਿੰਸਕ ਘਟਨਾਵਾਂ ਇਤਿਹਾਸ ਦੀਆਂ ਕਹਾਣੀਆਂ ਹਨ, ਪਰ ਇਹ ਸੱਚ ਨਹੀਂ ਹੈ ਅਤੇ ਹਕੀਕਤ ਕੁੱਝ ਹੋਰ ਹੈ। ਪਿਛਲੇ ਸਾਲ 2021 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਲਗਭਗ 31 ਹਜ਼ਾਰ ਸ਼ਿਕਾਇਤਾਂ ਹੋਈਆਂ ਹਨ ਜਿਨ੍ਹਾਂ ਵਿੱਚ ਅੱਧੀਆਂ ਤੋਂ ਵੱਧ ਉੱਤਰ ਪ੍ਰਦੇਸ਼ ਤੋਂ ਆਈਆਂ ਹਨ। ਰਾਸ਼ਟਰੀ ਮਹਿਲਾ ਆਯੋਗ ਦੇ ਅੰਕੜਿਆਂ ਅਨੁਸਾਰ, 30,864 ਸ਼ਿਕਾਇਤਾਂ ਵਿੱਚੋਂ, ਸਭ ਤੋਂ ਵੱਧ 11,013 ਇੱਜ਼ਤ ਨਾਲ ਜਿਉਣ ਦੇ ਅਧਿਕਾਰ ਨਾਲ ਸਬੰਧਤ ਸਨ ਜੋ ਔਰਤਾਂ ਦੇ ਭਾਵਨਾਤਮਕ ਸ਼ੋਸ਼ਣ ਨੂੰ ਬਿਆਨ ਕਰਦੀਆਂ ਹਨ, 6633 ਘਰੇਲੂ ਹਿੰਸਾ ਅਤੇ 4589 ਦਾਜ ਉਤਪੀੜਨ ਨਾਲ ਸਬੰਧਤ ਸਨ। ਪਿਛਲੇ ਸਾਲ 2021 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਪ੍ਰਾਪਤ ਹੋਈਆਂ ਸ਼ਿਕਾਇਤਾਂ 2014 ਤੋਂ ਬਾਅਦ ਸਭ ਤੋਂ ਵੱਧ ਹਨ, ਜਿਨ੍ਹਾਂ ਵਿੱਚੋਂ ਅੱਧੀਆਂ ਉੱਤਰ ਪ੍ਰਦੇਸ਼ ਤੋਂ ਹੀ ਹਨ। ਸਾਲ 2020 ਦੇ ਮੁਕਾਬਲੇ 2021 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਸ਼ਿਕਾਇਤਾਂ ਵਿੱਚ ਲੱਗਭੱਗ 30 ਫੀਸਦੀ ਵਾਧਾ ਹੋਇਆ ਹੈ ਜਦੋਂ ਸਾਲ 2020 ਵਿੱਚ 23,722 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਸਭ ਤੋਂ ਵੱਧ ਆਬਾਦੀ ਵਾਲੇ ਰਾਜ ਉੱਤਰ ਪ੍ਰਦੇਸ਼ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਸਭ ਤੋਂ ਵੱਧ 15,828 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ, ਇਸ ਤੋਂ ਬਾਅਦ ਦਿੱਲੀ ਵਿੱਚ 3,336, ਮਹਾਰਾਸ਼ਟਰ ਵਿੱਚ 1,504, ਹਰਿਆਣਾ ਵਿੱਚ 1,460 ਅਤੇ ਬਿਹਾਰ ਵਿੱਚ 1,456 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ। ਅੰਕੜਿਆਂ ਮੁਤਾਬਕ ਸਨਮਾਨ ਨਾਲ ਜੀਣ ਦੇ ਅਧਿਕਾਰ ਅਤੇ ਘਰੇਲੂ ਹਿੰਸਾ ਨਾਲ ਸਬੰਧਤ ਸਭ ਤੋਂ ਵੱਧ ਸ਼ਿਕਾਇਤਾਂ ਉੱਤਰ ਪ੍ਰਦੇਸ਼ ਤੋਂ ਹੀ ਪ੍ਰਾਪਤ ਹੋਈਆਂ ਹਨ। 2021 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਸ਼ਿਕਾਇਤਾਂ ਵਿੱਚ ਹੁਣ ਤੱਕ 46ਗ ਵਾਧਾ ਹੈ। ਜੁਲਾਈ ਤੋਂ ਸਤੰਬਰ 2021 ਤੱਕ, ਹਰ ਮਹੀਨੇ 3,100 ਤੋਂ ਵੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ, ਆਖਰੀ ਵਾਰ ਜਦੋਂ 3,000 ਤੋਂ ਵੱਧ ਸ਼ਿਕਾਇਤਾਂ ਨਵੰਬਰ, 2018 ਵਿੱਚ ਪ੍ਰਾਪਤ ਹੋਈਆਂ ਸਨ, ਜਦੋਂ ਭਾਰਤ ਵਿੱਚ ਮੀ ਟੂ ਅੰਦੋਲਨ ਆਪਣੇ ਸਿਖਰ ਤੇ ਸੀ। ਪ੍ਰਾਪਤ ਅੰਕੜਿਆਂ ਅਨੁਸਾਰ, ਔਰਤਾਂ ਦੀ ਅਸ਼ਲੀਲਤਾ ਜਾਂ ਛੇੜਛਾੜ ਦੇ ਅਪਰਾਧ ਦੇ ਸਬੰਧ ਵਿੱਚ 1,819 ਸ਼ਿਕਾਇਤਾਂ, ਬਲਾਤਕਾਰ ਅਤੇ ਬਲਾਤਕਾਰ ਦੀ ਕੋਸ਼ਿਸ਼ ਦੀਆਂ 1,675 ਸ਼ਿਕਾਇਤਾਂ, ਔਰਤਾਂ ਪ੍ਰਤੀ ਪੁਲਿਸ ਦੀ ਬੇਰੁਖ਼ੀ ਦੀਆਂ 1,537 ਅਤੇ ਸਾਈਬਰ ਅਪਰਾਧਾਂ ਦੀਆਂ 858 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਮਹਿਲਾਵਾਂ ਨਾਲ ਵਾਪਰਨ ਵਾਲੇ ਅਪਰਾਧਾਂ ਵਿੱਚ ਦਾਜ ਲਈ ਤੰਗ ਕਰਨਾ, ਘਰੇਲੂ ਹਿੰਸਾ, ਯੌਨ ਸ਼ੋਸ਼ਣ, ਬਲਾਤਕਾਰ, ਤਲਾਕ, ਪੁਲਿਸ ਦੁਆਰਾ ਅਤਿਆਚਾਰ, ਅਗਵਾ, ਦਾਜ ਸਬੰਧੀ ਮੌਤ, ਤੇਜ਼ਾਬ ਨਾਲ ਹਮਲਾ, ਐਨ ਆਰ ਆਈ ਮੈਰਿਜ ਸਬੰਧੀ ਸ਼ਕਾਇਤਾਂ ਮੁੱਖ ਤੋਰ ਤੇ ਸ਼ਾਮਿਲ ਹਨ। ਵੱਖ ਵੱਖ ਰਿਪੋਰਟਾਂ ਸਾਬਤ ਕਰਦੀਆਂ ਹਨ ਕਿ ਦੇਸ਼ ਵਿੱਚ ਮਹਿਲਾਵਾਂ ਸੁਰੱਖਿਅਤ ਨਹੀਂ ਹਨ ਅਤੇ ਉਨ੍ਹਾਂ ਨੂੰ ਘਰੋਂ ਅਤੇ ਬਾਹਰੋਂ ਹਰ ਪਾਸੇ ਖਤਰਾ ਹੀ ਖਤਰਾ ਹੈ ਅਤੇ ਕਈ ਵਾਰ ਤਾਂ ਉਹ ਕਨੂੰਨ ਦੇ ਰਾਖਿਆਂ ਪੁਲਿਸ ਤੋਂ ਵੀ ਸੁਰੱਖਿਅਤ ਨਹੀਂ ਹੈ। ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖਿਲਾਫ ਹੋਈ ਮੀ ਟੂ ਅਧੀਨ ਸ਼ਿਕਾਇਤ ਚਰਚਾ ਵਿੱਚ ਰਹੀ ਹੈ। ਸ਼ਿਕਾਇਤਾਂ ਦੀ ਗਿਣਤੀ ਵਧਣਾ ਚੰਗੀ ਗੱਲ ਹੋ ਸਕਦੀ ਹੈ ਕਿਉਂਕਿ ਇਸਦਾ ਇਹ ਮਤਲਬ ਵੀ ਹੋ ਸਕਦਾ ਹੈ ਕਿ ਔਰਤਾਂ ਵਿੱਚ ਬੋਲਣ ਦੀ ਹਿੰਮਤ ਹੈ ਅਤੇ ਹੁਣ ਸੁਣਵਾਈ ਲਈ ਪਲੇਟਫਾਰਮ ਮੌਜੂਦ ਹਨ। ਪਹਿਲਾਂ ਔਰਤਾਂ ਸ਼ਾਇਦ ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਅੱਗੇ ਨਹੀਂ ਆ ਰਹੀਆਂ ਸਨਤ ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਉਹ ਕਿਸ ਤਰ੍ਹਾਂ ਦੇ ਅੱਤਿਆਚਾਰ ਸਹਿ ਰਹੀਆਂ ਸਨ। ਅਜਾਦੀ ਦੇ 7 ਦਹਾਕੇ ਬੀਤਣ ਬਾਦ ਵੀ ਦੇਸ਼ ਦੇ ਕਈ ਧਾਰਮਿਕ ਸਥਾਨਾਂ ਅਤੇ ਸਮਾਗਮਾਂ ਵਿੱਚ ਮਹਿਲਾਵਾਂ ਦੇ ਦਾਖਲ ਹੋਣ ਦੀ ਮਨਾਹੀ ਹੈ ਅਤੇ ਇਸ ਤਰਾਂ ਦੇ ਮਾਮਲਿਆਂ ਤੇ ਮਾਣਯੋਗ ਅਦਾਲਤਾਂ ਨੂੰ ਦਖਲ ਅੰਦਾਜੀ ਕਰਨੀ ਪੈ ਰਹੀ ਹੈ। ਦੁਨੀਆਂ ਦੇ ਸਭਤੋਂ ਵੱਡੇ ਲੋਕਤੰਤਰਿਕ ਦੇਸ਼ ਭਾਰਤ ਵਿੱਚ ਸੰਵਿਧਾਨਿਕ ਤੌਰ ਤੇ ਇੱਕ ਮਹਿਲਾ ਨੂੰ ਸਿੱਖਿਆ ਦਾ, ਵੋਟ ਦੇਣ ਦਾ ਅਧਿਕਾਰ ਅਤੇ ਮੌਲਿਕ ਅਧਿਕਾਰ ਪ੍ਰਾਪਤ ਹਨ ਇਸਦੇ ਬਾਵਜੂਦ ਦੇਸ਼ ਦੀ ਰਾਜਨੀਤੀ ਵਿੱਚ ਮਹਿਲਾਵਾਂ ਦੀ ਗਿਣਤੀ ਨਾਂ ਮਾਤਰ ਹੀ ਹੈ। ਲੋਕ ਸਭਾ ਵਿੱਚ ਮੌਜੂਦਾ ਕੁੱਲ 545 ਮੈਂਬਰਾਂ ਵਿਚੋਂ ਸਿਰਫ 81 ਮਹਿਲਾ ਮੈਂਬਰ ਹਨ, ਰਾਜ ਸਭਾ ਦੇ ਕੁੱਲ 237 ਮੈਂਬਰਾਂ ਵਿੱਚੋਂ ਸਿਰਫ 29 ਮਹਿਲਾਵਾਂ ਹਨ। ਜੇਕਰ ਦੇਸ਼ ਦੀ ਕੈਬਿਨਟ ਵੇਖੀਏ ਤਾਂ ਮੌਜੂਦਾ ਸਮੇਂ 78 ਕੈਬਿਨਟ ਮੰਤਰੀਆਂ, ਅਜਾਦ ਰਾਜ ਮੰਤਰੀਆਂ ਅਤੇ ਰਾਜ ਮੰਤਰੀਆਂ ਵਿੱਚੋਂ ਸਿਰਫ 11 ਹੀ ਮਹਿਲਾਵਾਂ ਹਨ। ਪੰਜਾਬ ਵਿਧਾਨ ਸਭਾ ਵਿੱਚ ਵੀ ਮਹਿਲਾਵਾਂ ਦੀ ਨਿਗੂਣੀ ਹਿੱਸੇਦਾਰੀ ਰਹੀ ਹੈ 2012 ਵਿੱਚ ਜਿੱਥੇ ਵਿਧਾਨ ਸਭਾ ਵਿੱਚ 14 ਮਹਿਲਾਵਾਂ ਵਿਧਾਇਕ ਸਨ 2017 ਵਿੱਚ ਇਹ ਗਿਣਤੀ ਘੱਟਕੇ ਸਿਰਫ 06 ਹੀ ਰਹਿ ਗਈ ਸੀ। ਜੇਕਰ ਪੰਜਾਬ ਦੇ ਕੈਬਿਨਟ ਨੂੰ ਵੇਖੀਏ ਤਾਂ ਸਰਕਾਰ ਵਿੱਚ 17 ਕੈਬਿਨਟ ਮੰਤਰੀਆਂ ਵਿੱਚੋਂ ਸਿਰਫ 02 ਮਹਿਲਾਵਾਂ ਨੂੰ ਹੀ ਮੰਤਰੀ ਬਣਾਇਆ ਗਿਆ ਸੀ। ਪੰਜਾਬ ਵਿੱਚ 20 ਫਰਵਰੀ 2022 ਨੂੰ 117 ਵਿਧਾਨ ਸਭਾ ਹਲਕਿਆਂ ਲਈ ਹੋਈਆਂ ਚੋਣਾਂ ਲਈ ਵੀ ਵੱਖ ਵੱਖ ਰਾਜਨੀਤਿਕ ਪਾਰਟੀਆਂ ਨੇ ਸਿਰਫ 04 ਤੋਂ 10 ਫਿਸਦੀ ਮਹਿਲਾਵਾਂ ਨੂੰ ਹੀ ਟਿਕਟਾਂ ਦਿਤੀਆਂ ਹਨ। ਪੰਜਾਬ ਵਿਚੋਂ ਕੁੱਲ 13 ਲੋਕ ਸਭਾ ਮੈਂਬਰਾਂ ਵਿਚੋਂ ਸਿਰਫ 02 ਮਹਿਲਾ ਹੀ ਲੋਕ ਸਭਾ ਮੈਂਬਰ ਹਨ ਅਤੇ 07 ਰਾਜ ਸਭਾ ਮੈਂਬਰਾਂ ਵਿਚੋਂ ਵੀ ਸਿਰਫ 01 ਮਹਿਲਾ ਹੀ ਰਾਜ ਸਭਾ ਮੈਂਬਰ ਹੈ। ਮਹਿਲਾਵਾਂ ਨੂੰ ਪ੍ਰਤੀਨਿਧਤਾ ਦੇਣ ਲਈ ਸਰਕਾਰ ਵਲੋਂ ਸਥਾਨਕ ਪੱਧਰ ਦੇ ਪੇਂਡੂ ਅਤੇ ਸਹਿਰੀ ਸ਼ਾਸਨ ਵਿੱਚ ਮਹਿਲਾਵਾਂ ਲਈ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ। ਸਥਾਨਕ ਪੱਧਰ ਤੇ ਕਈ ਥਾਵਾਂ ਤੇ ਮਹਿਲਾਵਾਂ ਅਪਣੇ ਅਹੁਦੇ ਦੀ ਪੂਰੀ ਤਰਾਂ ਵਰਤੋਂ ਕਰ ਰਹੀਆਂ ਹਨ ਪਰ ਅਜਿਹੀਆਂ ਮਹਿਲਾਵਾਂ ਦੀ ਗਿਣਤੀ ਕਾਫੀ ਘੱਟ ਹੈ ਜਦਕਿ ਬਹੁਤੀਆਂ ਮਹਿਲਾਵਾਂ ਨੂੰ ਮਿਲੇ ਅਹੁਦਿਆਂ ਦੀ ਦੁਰਵਰਤੋਂ ਉਨ੍ਹਾਂ ਦੇ ਪਰਿਵਾਰ ਦੇ ਕਰੀਬੀ ਪੁਰਸ਼ ਰਿਸ਼ਤੇਦਾਰ ਹੀ ਕਰ ਰਹੇ ਹਨ ਅਤੇ ਇਸ ਅਹੁਦੇ ਦਾ ਲਾਭ ਉਠਾ ਰਹੇ ਹਨ।

ਮਹਿਲਾਵਾਂ ਨੂੰ ਮਿਲੇ ਅਹੁਦਿਆਂ ਦੀ ਦੁਰਵਰਤੋਂ ਸਿਰਫ ਰਾਜਨੀਤਿਕ ਢਾਂਚੇ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਹੈਰਾਨੀ ਦੀ ਗੱਲ ਹੈ ਕਿ ਲੋਕਤੰਤਰ ਦਾ ਚੋਥਾ ਥੰਮ ਮੀਡੀਆ ਵਿਸ਼ੇਸ ਤੋਰ ਤੇ ਪ੍ਰਿੰਟ ਮੀਡੀਆ ਵੀ ਇਸ ਵਿੱਚ ਪਿੱਛੇ ਨਹੀਂ ਹੈ। ਪ੍ਰਿੰਟ ਮੀਡੀਆ ਵਿੱਚ ਵੀ ਕਈ ਵਿਅਕਤੀ ਅਪਣੇ ਪਰਿਵਾਰ ਦੀਆਂ ਕਰੀਬੀ ਮਹਿਲਾ ਰਿਸ਼ਤੇਦਾਰ ਦੇ ਨਾਮ ਤੇ ਪੱਤਰਕਾਰੀ ਕਰ ਰਹੇ ਹਨ। ਸਾਡੇ ਨੀਤੀ ਨਿਰਮਾਤਾਵਾਂ ਨੂੰ ਮਹਿਲਾਵਾਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ ਵਿੱਚ ਮਹਿਲਾਵਾਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ, ਅਤੇ ਮਹਿਲਾਵਾਂ ਨੂੰ ਯੋਗ ਬਰਾਬਰਤਾ ਵਾਲਾ ਸਥਾਨ ਅਤੇ ਸਨਮਾਨ ਹਾਸਲ ਹੋ ਸਕੇ। ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਮਨਾਉਣ ਦਾ ਮੰਤਬ ਤਾਂ ਹੀ ਪੂਰਾ ਹੋਵੇਗਾ ਜਦੋਂ ਮਹਿਲਾਵਾਂ ਨੂੰ ਸੰਪੂਰਨ ਆਜ਼ਾਦੀ ਮਿਲੇਗੀ, ਸਮਾਜ ਦੇ ਹਰੇਕ ਮਹੱਤਵਪੂਰਨ ਫੈਸਲਿਆਂ ਵਿੱਚ ਉਨ੍ਹਾਂ ਦੇ ਨਜ਼ਰੀਏ ਨੂੰ ਮਹੱਤਵਪੂਰਨ ਸਮਝਿਆ ਜਾਵੇਗਾ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦਾ 138ਵਾਂ ਜਨਮ ਦਿਨ ਮਨਾਇਆ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਬਾਬੂ ਮੁੱਗੋਵਾਲੀਆ ਜੀ ਦੀ ਕੁਰਬਾਨੀ ਅਤੇ ਸੰਘਰਸ਼ ਬਾਰੇ ਚਾਨਣਾ ਪਾਇਆ। ਇਸ ਮੌਕੇ ਸਵਰਗੀ ਸੁਖਰਾਜ ਸਿੰਘ ਚੋਪੜਾ ਜੀ ਦੀ ਆਤਮਕ ਸ਼ਾਂਤੀ ਲਈ ਅਰਦਾਸ ਵੀ ਕੀਤੀ ਗਈ।



















# ਬੋਰਡ ਦੇ ਨਤੀਜਿਆਂ ਤੋਂ ਹਮੇਸ਼ਾਂ ਵੱਧ ਨਤੀਜੇ ਆਏ, ਦ੍ਰਿੜ ਇਰਾਦੇ ਅਤੇ ਇਮਾਨਦਾਰ ਲੈਕ: ਗੁਰਬਖਸ਼ੀਸ਼ ਸਿੰਘ ਤੇਜਾ ਦੇ

ਰਾਸ਼ਟਰ ਨਿਰਮਾਤਾ ਕਹਾਉਣ ਵਾਲੇ ਅਧਿਆਪਕ ਦਾ ਸਨਮਾਨ ਸਮਾਜ ਅੰਦਰ ਭਾਵੇਂ ਘੱਟਿਆ ਹੈ ਪਰ ਫਿਰ ਵੀ ਕਈ ਇਨਸਾਨਾਂ ਅੰਦਰ ਐਸੇ ਗੁਣ ਹੁੰਦੇ ਹਨ ਕਿ ਉਨ੍ਹਾਂ ਦਾ ਹਰ ਕੋਈ ਸਤਿਕਾਰ ਕਰਦਾ ਹੈ। ਇਹੋ ਜਿਹਾ ਹੀ ਇਮਾਨਦਾਰ ਅਤੇ ਦ੍ਰਿੜ ਇਰਾਦੇ ਵਾਲਾ ਇਨਸਾਨ ਹੈ ਗੁਰਬਖਸ਼ੀਸ਼ ਸਿੰਘ ਤੇਜਾ ਲੈਕਚਰਾਰ (ਬਾਇਓਲੋਜੀ) ਜਿਨ੍ਹਾਂ ਨੇ ਸਿੱਖਿਆ ਵਿਭਾਗ ਪੰਜਾਬ ਵਿਚ ਵਿਲੱਖਣ ਸਰਕਾਰੀ ਸੇਵਾ ਨਿਭਾਈ।



ਸ਼੍ਰੀ ਗੁਰਬਖਸ਼ੀਸ਼ ਸਿੰਘ ਤੇਜਾ ਦਾ ਜਨਮ ਮਿਤੀ 02 ਫਰਵਰੀ 1965 ਨੂੰ ਪਿੰਡ ਨਰਮਾਣਾ, ਜ਼ਿਲ੍ਹਾ ਪਟਿਆਲਾ ਵਿਖੇ ਪਿਤਾ ਕਰਨੈਲ ਸਿੰਘ ਅਤੇ ਮਾਤਾ ਤੇਜ ਕੌਰ ਜੀ ਦੇ ਘਰ ਹੋਇਆ। ਉਨ੍ਹਾਂ ਨੇ ਦਸਵੀਂ ਸਰਕਾਰੀ ਹਾਈ ਸਕੂਲ ਬਾਲਦ ਕਲਾਂ (ਸੰਗਰੂਰ) ਵਿਚ ਆਪਣੇ ਪਿੰਡ ਤੋਂ ਅਤੇ ਬੀ.ਐਸ.ਸੀ (ਮੈਡੀਕਲ) ਸਰਕਾਰੀ ਰਿਪੁਦਮਨ ਕਾਲਜ ਨਾਭਾ, ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੇ ਐਮ.ਫਿਲ. ਅਤੇ ਐਮ.ਐਸ.ਸੀ. (ਬੋਟਨੀ), ਰੈਗੂਲਰ-ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਬੀ. ਐਡ. (ਸਟੇਟ ਕਾਲਜ ਪਟਿਆਲਾ) ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੂੰ ਐਮ.ਐਸ.ਸੀ. ਕਰਦੇ ਸਮੇਂ 'ਮੈਰਿਟ ਸਰਟੀਫੀਕੇਟ ਆਫ ਮੈਕਸੀਮਮ ਅਟੈਂਡਡੈਂਸ' ਵੀ ਮਿਲਿਆ। ਸਿੱਖਿਆ ਵਿਭਾਗ ਵਿਚ ਉਨ੍ਹਾਂ ਪਹਿਲੀ ਹਾਜ਼ਰੀ ਬਤੌਰ ਸਾਇੰਸ ਮਾਸਟਰ 16 ਅਪ੍ਰੈਲ 1994 ਨੂੰ ਮਿਡਲ ਸਕੂਲ ਜਨਾਲ, ਜ਼ਿਲ੍ਹਾ ਸੰਗਰੂਰ ਵਿਖੇ ਦੇ ਕੇ ਹਾਜ਼ਰ ਹੋਏ।

ਇਸ ਤੋਂ ਬਾਅਦ ਸਾਇੰਸ ਮਾਸਟਰ ਦੇ ਤੌਰ ਤੇ ਸਤੰਬਰ,1996 (ਮਿਤੀ 16-09-1996) ਨੂੰ ਸ.ਹ.ਸ. ਮਾਝੀ ਵਿਖੇ ਜੁਆਇਨ ਕੀਤਾ ਅਤੇ ਮਈ,2012 ਤੱਕ ਇਥੇ ਕੰਮ ਕੀਤਾ । ਸ੍ਰੀ ਤੇਜਾ ਨੇ ਨੈਸ਼ਨਲ ਗਰੀਨ ਕਾਰਪਸ ਸਕੀਮ ਅਧੀਨ ਸਥਾਪਿਤ ਕੀਤੇ ਈਕੋ ਕਲੱਬ ਸ੍ਰ.ਹਾਈ ਸਕੂਲ ਮਾਝੀ (ਸੰਗਰੂਰ) ਵਿਚ ਸੇਵਾ ਕਰਦੇ ਸਮੇਂ ਕਲੱਬ ਦੇ ਇੰਚਾਰਜ ਵਜੋਂ ਡਿਊਟੀ ਨਿਭਾਈ।ਉਨ੍ਹਾਂ ਵਾਤਾਵਰਣ ਨੂੰ ਹਰਿਆ ਭਰਿਆ ਤੇ ਸਵੱਛ ਬਣਾਉਣ ਲਈ ਸਕੂਲ ਵਿਖੇ ਜਾਗਰੂਕਤਾ ਮੁਹਿੰਮ ਅਧੀਨ ਹਰੇਕ ਸਾਲ ਪ੍ਰੋਗਰਾਮ ਕਰਵਾਏ ਗਏ ਤੇ ਵੱਡੀ ਗਿਣਤੀ ਵਿਚ ਛਾਂਦਾਰ, ਫਲਦਾਰ ਅਤੇ ਵੱਖ - ਵੱਖ ਕਿਸਮ ਦੇ ਬੂਟੇ ਲਗਵਾਏ ਤੇ ਦੇਖਭਾਲ ਕੀਤੀ ਗਈ। ਉਨ੍ਹਾਂ ਨੇ ਬਤੌਰ ਰਿਸੋਰਸ ਪਰਸਨ ਅਧਿਆਪਕ ਸੈਮੀਨਾਰਾਂ ਵਿੱਚ ਆਪਣੇ ਵਿਸ਼ੇ ਬਾਰੇ ਲੈਕਚਰ ਦਿੰਦੇ ਰਹੇ ਹਨ।



ਸਿੱਖਿਆ ਵਿਭਾਗ ਵਲੋਂ ਕਈ ਸਨਮਾਨ ਪਤੱਰ ਵੀ ਪ੍ਰਾਪਤ ਕਰ ਚੁੱਕੇ ਹਨ । ਉਨ੍ਹਾਂ ਦੇ ਆਪਣੇ ਸਟਾਫ ਨਾਲ ਹਮੇਸ਼ਾ ਵਧੀਆ ਸੰਬੰਧ ਰਹੇ ਹਨ। ਉਹ ਬਤੌਰ ਲੈਕਚਰਾਰ ਬਾਇਓਲੋਜੀ ਤਰੱਕੀ ਹੋਣ ਤੇ ਸ੍ਰ.ਸ.ਸ.ਸ. ਸ਼ੇਰਪੁਰ (ਸੰਗਰੂਰ) ਵਿਖੇ ਮਿਤੀ 31-05-2012 ਨੂੰ ਹਾਜ਼ਰ ਹੋਏ। ਇਸ ਤੋਂ ਬਾਅਦ ਸ੍ਰ.ਸ.ਸ.ਸ ਜੱਸੋਮਾਜਰਾ (ਜ਼ਿਲ੍ਹਾ ਪਟਿਆਲਾ) ਵਿਖੇ ਮਿਤੀ 27-07-2012 ਨੂੰ ਹਾਜ਼ਰ ਹੋਏ।ਇਸ ਤੋਂ ਬਾਅਦ ਇੱਕ ਅਕਤੂਬਰ 2016 ਨੂੰ ਸ.ਸ.ਸ.ਸ. ਕਲਿਆਣ (ਜ਼ਿਲ੍ਹਾ ਪਟਿਆਲਾ) ਵਿਖੇ ਬਦਲੀ ਹੋਣ ਉਪਰੰਤ ਹਾਜ਼ਰ ਹੋਏ ਜੋ 28 ਫਰਵਰੀ 2023 ਤੱਕ ਸੇਵਾ ਮੁਕਤੀ ਹੋਣ ਤੱਕ ਕੁੱਲ 28 ਸਾਲ 2 ਮਹੀਨੇ ਅਤੇ ਅੱਠ ਦਿਨ ਦੀ ਸ਼ਾਨਦਾਰ ਸੇਵਾ ਨਿਭਾ ਚੁੱਕੇ ਹਨ, ਜਾਰੀ ਰਿਹਾ। ਸੇਵਾ ਦੌਰਾਨ ਪੜ੍ਹਾਇਆ ਵਿਸ਼ਾ (ਵਿਗਿਆਨ, ਬਾਇਓਲੋਜੀ ਜਾਂ ਕੋਈ ਹੋਰ ਦਾ ਨਤੀਜਾ ਹਮੇਸ਼ਾ ਬੋਰਡ ਦੀਆਂ ਕਲਾਂਸਾਂ ਤੋਂ ਉਪਰ ਰਿਹਾ ਇਸ ਵਿਚੋਂ ਬਹੁਤੇ ਨਤੀਜੇ 100% (ਪ੍ਰਤੀਸ਼ਤ) ਰਹੇ। ਉਨ੍ਹਾਂ ਦੇ ਪੜ੍ਹਾਉਣ ਦਾ ਨਿਵੇਕਲਾ ਢੰਗ ਹੀ ਬੋਰਡ ਦੇ ਨਤੀਜਿਆਂ ਤੋਂ ਸਪਸ਼ਟ ਦਿਖਾਈ ਦਿੰਦਾ ਹੈ। ਉਨ੍ਹਾਂ ਆਂਪਣੀ ਘੰਟੀ ਵਲੋਂ ਹਮੇਸ਼ਾਂ ਬੱਚਆਂ ਨੂੰ ਪੜ੍ਹਾਉਣ ਦੀ ਕੋਸ਼ਿਸ਼ ਕੀਤੀ। ਜਿਨ੍ਹਾਂ ਨੇ ਸਿੱਖਿਆ ਵਿਭਾਗ ਪੰਜਾਬ ਵਿਚ ਕੁੱਲ 28 ਸਾਲ 2 ਮਹੀਨੇ 8 ਦਿਨ ਦੀ ਸਰਕਾਰੀ ਸੇਵਾ ਨਿਭਾਈ। ਸੇਵਾ ਦੌਰਾਨ ਸਮੇਂ ਦੀ ਪਾਬੰਧੀ ਦਾ ਧਿਆਨ ਰੱਖਿਆ ਗਿਆ ਤੇ ਪੂਰੀ ਸੇਵਾ ਸਮੇਂ ਕਿਸੇ ਕਿਸਮ ਦੀ ਮੈਡੀਕਲ ਅਤੇ ਕਮਾਈ ਛੁੱਟੀ ਦੀ ਵਰਤੋਂ ਨਹੀਂ ਕੀਤੀ ਗਈ। ਉਨ੍ਹਾਂ ਦੀ ਸਮੇਂ ਸਮੇਂ ਤੇ ਜੋ ਵਿਭਾਗ ਵੱਲੋਂ ਡਿਊਟੀ ਲਗਾਈ ਗਈ ਉਸ ਨੂੰ ਹਮੇਸ਼ਾਂ ਸਹੀ ਢੰਗ ਨਾਲ ਨਿਭਾਇਆ ਗਿਆ। ਉਪਰੋਕਤ ਸਰਕਾਰੀ ਸਿੱਖਿਆ ਵਿਭਾਗ ਤੋਂ ਇਲਾਵਾ, ਆਰੀਆ ਸੀਨੀਅਰ ਸਕੈਂਡਰੀ ਸਕੂਲ ਮੰਡੀ ਗੋਬਿੰਦਗੜ੍ਹ ਵਿਖੇ ਬਤੌਰ ਲੈਕਚਰਾਰ ਬਾਇਓਲੋਜੀ ਅਕਤੂਬਰ, 1991 ਤੋਂ ਅਕਤੂਬਰ 1992 ਤੱਕ ਪੜ੍ਹਾਇਆ। ਇਸ ਤੋਂ ਬਾਅਦ ਜਵਾਹਰ ਨਵੋਦਿਆ ਵਿਦਿਆਲਾ ਸੁਰਨਕੋਟ (ਜ਼ਿਲ੍ਹਾ ਪੁੰਛ , ਜੰਮੂ ਅਤੇ ਕਸ਼ਮੀਰ) ਵਿਖੇ ਬਤੌਰ ਪੀ.ਜੀ.ਟੀ. (ਬਾਇਓਲੋਜੀ) ਦੇ ਤੌਰ ਤੇ ਅਕਤੂਬਰ 1992 ਤੋਂ ਅਪ੍ਰੈਲ 1994 ਤੱਕ ਪੜ੍ਹਾਇਆ। ਉਨ੍ਹਾਂ ਦਾ ਵਿਆਹ 28 ਨਵੰਬਰ 1993 ਨੂੰ ਮਾਤਾ ਮਲਕੀਤ ਕੌਰ, ਪਿਤਾ ਮੇਘ ਸਿੰਘ ਟਿਵਾਣਾ ਅਤੇ ਭਰਾ ਜਗਤਾਰ ਸਿੰਘ ਟਿਵਾਣਾ (ਸਾ. ਜਿਲ੍ਹਾ ਅਫਸਰ ਖੇਡਾਂ ਪਟਿਆਲਾ) ਮੌਜੂਦਾ ਹੈਡਮਾਸਟਰ ਦੀ ਭੈਣ ਰਾਮਿੰਦਰ ਕੌਰ ਨਾਲ ਪਟਿਆਲਾ ਵਿਖੇ ਹੋਇਆ।

ਉਨ੍ਹਾਂ ਦੇ ਪਿਤਾ ਸ. ਕਰਨੈਲ ਸਿੰਘ ਪੰਜਾਬ ਬਿਜਲੀ ਬੋਰਡ ਵਿੱਚ ਰੈਵਨਿਊ ਅਕਾਊਂਟੈਂਟ ਵਜੋਂ ਸੇਵਾ ਕਰਦੇ ਹੋਏ ਜੁਲਾਈ,1997 ਵਿਚ ਰਿਟਾਇਰ ਹੋਏ। ਉਨ੍ਹਾਂ ਦੇ ਧਰਮ ਪਤਨੀ ਸ਼੍ਰੀ ਮਤੀ ਰਾਮਿੰਦਰ ਕੌਰ ਨੇ ਵਿਦਿਆ ਭਾਰਤੀ ਦੇ ਅਧੀਨ ਚਲ ਰਹੇ ਪੰਜਾਬ ਦੀ 'ਸਰਵਹਿੱਤਕਾਰੀ ਸਿਖਿੱਆ ਸੰਮਤੀ ' ਅਧੀਨ ਸਕੂਲ ਵਿਚ ਮਾਝੀ (ਸੰਗਰੂਰ) ਵਿਖੇ 17 ਸਾਲ ਅਤੇ ਜਿਸ ਵਿਚੋਂ ਕੁਝ ਸਮਾਂ ਪ੍ਰਿੰਸੀਪਲ ਅਤੇ ਛੇ ਸਾਲ ਦਿਆਨੰਦ ਪਬਲਿਕ ਸਕੂਲ ਨਾਭਾ ਵਿਖੇ ਵਾਇਸ ਪ੍ਰਿੰਸੀਪਲ ਵਜੋਂ ਕੰਮ ਕੀਤਾ। ਉਨ੍ਹਾਂ ਦੀ ਧਰਮਪਤਨੀ ਨੇ ਪਰਿਵਾਰਕ ਜਰੂਰਤਾਂ ਨੂੰ ਮੁੱਖ ਰੱਖ ਕੇ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ ਲੈ ਲਈ। ਉਨ੍ਹਾਂ ਦੇ ਇਕਲੌਤੇ ਬੇਟੇ ਡਾਕਟਰ ਗੁਰਜਾਪ ਸਿੰਘ ਨੇ ਐਮ.ਵੀ., ਐਸ.ਸੀ ਦੀ ਡਿਗਰੀ (ਸਰਜਰੀ ਅਤੇ ਰੇਡੀਓਲੋਜੀ) ਵਿਚ ਗੁਰੂ ਅੰਗਦ ਦੇਵ ਵੈਟਨਰੀ ਯੂਨੀਵਰਸਿਟੀ ਲੁਧਿਆਣਾ ਤੋਂ ਜੁਲਾਈ,2020 ਵਿਚ ਪੂਰੀ ਕੀਤੀ ਅਤੇ ਦਸੰਬਰ 2020 ਵਿੱਚ ਹੀ ਉਨ੍ਹਾਂ ਦੀ ਵੈਟਨਰੀ ਅਫਸਰ ਵਜੋਂ ਨਿਯੁਕਤੀ ਹੋ ਗਈ ਜੋ ਅੱਜ ਕੱਲ੍ਹ ਭਾਦਸੋਂ ਵਿਖੇ ਸੇਵਾ ਨਿਭਾ ਰਹੇ ਹਨ। ਗੁਰਬਖਸ਼ੀਸ਼ ਸਿੰਘ ਤੇਜਾ ਦੇ ਦਾਦਾ ਜੀ ਜੱਥੇਦਾਰ ਜੋਗਿੰਦਰ ਸਿੰਘ ਬਾਲਦਕਲਾਂ ਲੰਬਾ ਸਮਾਂ ਪਿੰਡ ਦੇ ਸਰਪੰਚ ਰਹੇ ਤੇ ਉਸ ਸਮੇਂ ਪਿੰਡ ਵਿਚ ਕੱਲਰ ਸੁਧਾਰ ਸਕੀਮ ਅਧੀਨ ਭੂਮੀ ਨੂੰ ਉਪਜਾਓ ਬਣਾਉਣਾ, ਗੁਰੂਦੁਆਰਾ ਸੁਧਾਰ ਲਹਿਰ ਅਤੇ ਸਮੇਂ ਸਮੇਂ ਤੇ ਲੱਗੇ ਮੋਰਚਿਆ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਂਦੇ, ਪਿੰਡ ਵਿਚ ਸਿਹਤ ਸਹੂਲਤਾ, ਸਿੱਖਿਆ ਅਤੇ ਹਰ ਪੱਖ ਤੋਂ ਪਿੰਡ ਅਤੇ ਸਮਾਜ ਦੀ ਤਰੱਕੀ ਵਿਚ ਯੋਗਦਾਨ ਪਾਇਆ, ਜਿਨ੍ਹਾਂ ਦੀ ਯਾਦ ਵਿਚ ਪਿੰਡ ਦੇ ਮੁੱਖ ਅੱਡੇ ਤੇ ਯਾਦਗਾਰੀ ਗੇਟ ਸਥਾਪਤ ਕੀਤਾ ਹੋਇਆ ਹੈ।

ਉਨ੍ਹਾਂ ਦੇ ਚਾਚਾ ਜਸਪਾਲ ਸਿੰਘ ਨੇ ਦਸਵੀਂ 'ਚ ਪੜ੍ਹਦੇ ਹੀ ਉਸ ਸਮੇਂ ਚਲ ਰਹੀ ਨੈਕਸਲਾਈਟ ਮੂਵਮੈਂਟ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ । ਪੁਲਿਸ ਡਰੋਂ ਉਹ ਘਰੋਂ ਬਾਹਰ ਠਿਕਾਣਿਆਂ 'ਤੇ ਰਹਿਣ ਲੱਗ ਪਏ ਅਤੇ 28 ਅਗਸਤ 1971 ਨੂੰ ਇਸ ਲਹਿਰ ਦੀ ਭੇਟ ਚੜ੍ਹ ਕੇ ਸ਼ਹੀਦੀ ਪਾ ਗਏ। ਇਸ ਪਰਿਵਾਰ ਦੇ ਗਰੀਬ ਲੋਕਾਂ ਦੇ ਹੱਕ ਸੱਚ ਲਈ ਕੀਤੇ ਕਾਰਜਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਪ੍ਰਮਾਤਮਾ ਹਮੇਸ਼ਾਂ ਇਸ ਪਰਿਵਾਰ ਨੂੰ ਤੰਦਰੁਸਤੀ ਬਖਸ਼ ਕੇ ਸਮਾਜ ਦੀ ਹੋਰ ਵਧੇਰੇ ਸੇਵਾ ਕਰਨ ਦੀ ਸਮਰੱਥਾ ਦੇਵੇ ।



**ਮੇਜਰ ਸਿੰਘ ਨਾਭਾ**
91-94635-53962

# ਜ਼ਿੰਦਗੀ ਦੇ ਵੱਖ ਵੱਖ ਰੰਗਾਂ ਦਾ ਬਾਤ ਪਾਉਂਦਾ ਮਿੰਨੀ ਕਹਾਣੀ ਸੰਗ੍ਰਹਿ-ਸੱਤਰੰਗੀ ਜ਼ਿੰਦਗੀ (ਬਲਜੀਤ ਫਰਵਾਲੀ) (ਰੀਵਿਊ)


"ਸੱਤਰੰਗੀ ਜ਼ਿੰਦਗੀ" ਮਿੰਨੀ ਕਹਾਣੀ ਸੰਗ੍ਰਿਹ ਨਾਲ ਬਲਜੀਤ ਫਰਵਾਲੀ, ਮਾਂ ਬੋਲੀ ਪੰਜਾਬੀ ਦੇ ਦਰਬਾਰ ਵਿੱਚ ਸਿੱਜਦਾ ਕਰਦਾ ਹੋਇਆ, ਇਸ ਜਾਨ ਤੋਂ ਪਿਆਰੀ ਮਾਂ-ਬੋਲੀ ਦੀ ਆਭਾ ਨੂੰ ਹੋਰ ਚਾਰ ਚੰਨ ਲਾਉਣ ਲਈ ਆਪਣੀ ਪਲੇਠੀ ਭੇਟ ਨਾ, ਪੰਜਾਬੀ ਮਾਂ ਬੋਲੀ ਦਾ ਆਸ਼ੀਰਵਾਦ ਲੈਣ ਜਾ ਰਿਹਾ ਹੈ। ਅੱਜ ਦੇਸ਼ਾਂ ਵਿਦੇਸ਼ਾਂ ਵਿੱਚ ਆਪਣੀ ਚੰਗੀ ਪਹਿਚਾਣ ਬਣਾ ਚੁੱਕੀ ਨਾਮਵਰ ਸੰਸਥਾ "ਪੰਜਾਬੀ ਸੱਥ ਮੈਲਬੌਰਨ" ਵੱਲੋਂ ਆਪਣੇ ਚੌਥੇ ਸਥਾਪਨਾ ਦਿਵਸ ਜੋ ਕੌਮਾਂਤਰੀ ਪੰਜਾਬੀ ਮਾਂ-ਬੋਲੀ ਨੂੰ ਸਮਰਪਿਤ ਹੈ, ਦੇ ਦੌਰਾਨ ਬਲਜੀਤ ਫਰਵਾਲੀ ਦੇ ਪਲੇਠੇ ਕਹਾਣੀ ਸੰਗ੍ਰਿਹ ਨੂੰ ਪੇਸ਼ ਕਰਕੇ ਬਹੁਤ ਹੀ ਸਲਾਘਾਯੋਗ ਕਾਰਜ ਕਰਨ ਲਈ ਮੈਂ ਇਸ ਸੰਸਥਾ ਅਤੇ ਇਸਦੇ ਸਾਰੇ ਹੀ ਸਤਿਕਾਰਯੋਗ ਸਾਥੀਆਂ ਨੂੰ ਵਧਾਈ ਦਿੰਦਾ ਹਾਂ।

ਸਾਹਿਤ ਅਤੇ ਸਾਹਿਤਕਾਰ ਦਾ ਰਿਸ਼ਤਾ ਬਹੁਤ ਕਰੀਬੀ ਹੁੰਦਾ ਹੈ ਅਤੇ ਲੋਕ ਸਾਹਿਤ ਦਾ ਦਰਜਾ ਉਹੀ ਰਚਨਾ ਪ੍ਰਾਪਤ ਕਰ ਸਕਦੀ ਹੈ, ਜਿਸਦੇ ਰਚਨਹਾਰਾ ਨੇ ਸ਼ਿੱਦਤ ਨਾਲ ਉਹ ਸਾਰੇ ਹਾਲਾਤ ਆਪਣੇ ਹੱਡੀ ਹੰਢਾਏ ਹੋਣ ਜਾਂ ਹੱਡਬੀਤੀ ਵਿੱਚੋਂ ਉਸਦੇ ਰਚਨਾ ਸੰਸਾਰ ਦਾ ਪਸਾਰ ਉਸਦੇ ਆਪਣੇ ਜਾਂ ਆਲ਼ੇ-ਦੁਆਲ਼ੇ ਦੇ ਸਮਾਜ ਵਿਚਲੇ ਹੱਡਬੀਤੇ ਸਰਕਾਰਾਂ ਨੂੰ ਮੁਖਾਤਿਬ ਹੋਵੇ।"ਸੱਤਰੰਗੀ ਜ਼ਿੰਦਗੀ" ਦੇ ਸਰੋਕਾਰ ਅਤੇ ਸਾਰੇ ਪਾਤਰ ਜਿਉਂਦੇ ਜਾਗਦੇ ਅਤੇ ਸਾਡੇ ਆਸ ਪਾਸ ਵਿਚਰਦੇ ਦਿਖਾਈ ਦਿੰਦੇ ਹੋਣ ਕਾਰਨ ਹੀ ਇਸਦਾ ਚਿੱਤਰਨ ਕਰਨ ਵੇਲ਼ੇ ਉਨ੍ਹਾਂ ਨੂੰ ਬਿਲਕੁਲ ਹੂ-ਬ-ਹੂ ਪੇਸ਼ ਕੀਤਾ ਹੈ ਬਲਜੀਤ ਫਰਵਾਲੀ ਨੇ।ਬਲਜੀਤ ਇਕ ਬਹੁਤ ਹੀ ਸੰਵੇਦਨਸੀਲ ਅਤੇ ਸੂਖਮ ਭਾਵੀ ਵਿਅਕਤੀ ਹੈ, ਇਹ ਨਿਰਣਾ ਮੈਂ ਉਸ ਵੱਲੋਂ ਰਚੀਆਂ ਕਹਾਣੀਆਂ ਵਿਚਲੇ ਪਾਤਰਾਂ ਦੀ ਮਨੋਦਸ਼ਾ ਦੇ ਅਧਾਰ ਉੱਤੇ ਕਰ ਰਿਹਾ ਹਾਂ।

ਪ੍ਰਵਾਸ ਦਾ ਇਤਿਹਾਸ ਬਹੁਤ ਪੁਰਾਣਾ ਹੈ ਅਤੇ ਇਹ ਮਨੁੱਖ ਨੂੰ ਮਿਲੇ 'ਜਬਾਨ' ਦੇ ਤੋਹਫ਼ੇ ਦੇ ਨਾਲ ਹੀ ਸ਼ੁਰੂ ਹੋ ਗਿਆ ਸੀ। ਆਪਣੇ ਜੀਵਨ ਨਿਰਬਾਹ,ਸੁਰੱਖਿਆ ਅਤੇ ਚੰਗੇਰੀ ਹਾਲਤ ਦੇ ਮੱਦੇ ਨਜ਼ਰ ਆਦਮੀ ਆਦਿ ਕਾਲ ਤੋ ਹੀ ਪਰਵਾਸੀ ਰਿਹਾ ਹੈ। ਇਸ ਸੰਗ੍ਰਹਿ ਦੀਆਂ ਬਹੁਤੀਆਂ ਕਹਾਣੀਆਂ ਦਾ ਸਰੋਕਾਰ ਪ੍ਰਵਾਸ ਨਾਲ ਜੁੜਿਆ ਹੋਇਆ ਹੈ।ਲੇਖਕ ਨੇ ਪੰਜਾਬ ਦੀ ਜਨਮ ਭੂਮੀ ਨੂੰ ਅਲਵਿਦਾ ਕਹਿ ਕੇ ਆਸਟਰੇਲੀਆ ਦੀ ਧਰਤੀ ਨੂੰ -'ਕਰਮ-ਭੂਮੀ' ਤਾਂ ਬਣਾ ਲਿਆ ਪਰ ਉਹ ਆਪਣੇ ਅਤੀਤ, ਆਪਣੇ ਬਚਪਨ ਅਤੇ ਆਪਣੇ ਮਿੱਟੀ ਦੇ ਮੋਹ ਵੱਲੋਂ ਮੂੰਹ ਨਾਂ ਘੁੰਮਾਂ ਸਕਿਆ। ਆਪਣੀ ਮਿੱਟੀ ਦੀ ਮਹਿਕ ਉਸਨੂੰ ਆਪਣੇ ਸੁਪਨਿਆਂ ਵਿੱਚ ਵੀ ਚੇਤੇ ਆਉਂਦੀ ਅਤੇ ਜਾਗਦਿਆਂ ਵੀ ਉਸਦੀਆਂ ਸੋਚਾਂ ਨੂੰ ਟੁੰਬਦੀ ਰਹਿਣ ਕਰਕੇ ਹੀ ਉਹ ਪੰਜਾਬ ਦੀ ਧਰਾਤਲ ਨਾਲ ਜੁੜੀਆਂ ਇੰਨੀਆਂ ਜਾਨਦਾਰ ਅਤਿ ਸ਼ਾਨਦਾਰ ਕਹਾਣੀਆਂ ਸਿਰਜਣ ਦੇ ਸਮਰੱਥ ਹੋ ਸਕਿਆ।

ਇਸ ਮਿੰਨੀ ਕਹਾਣੀ ਦੇ ਸਰੋਕਾਰਾਂ ਵਿੱਚ, ਪੰਜਾਬ ਦੇ ਮਸਲੇ ਪ੍ਰਮੁਖਤਾ ਨਾਲ ਵਿਚਾਰੇ ਗਏ ਹਨ। 1947 ਵੇਲੇ ਦੀ ਵੰਡ ਦਾ ਦੁਖਾਂਤ ਅਤੇ ਉਸ ਤੋਂ ਬਾਦ ਪੰਜਾਬ ਨੂੰ ਛਾਂਗਕੇ ਇਸ ਵਿੱਚੋਂ ਹਿਮਾਚਲ, ਹਰਿਆਣਾ ਅਤੇ ਹੋਰ ਇਲਾਕੇ ਕੱਢਕੇ ਇਸਦਾ ਖੇਤਰ ਸੀਮਿਤ ਕਰਨਾ,ਇਸਦੇ ਪਾਣੀਆਂ ਦੀ ਲੁੱਟ,ਧਰਤੀ ਹੇਠਲੇ ਪਾਣੀ ਦਾ ਸੰਕਟ ਅਤੇ ਜ਼ਹਿਰੀਲਾ ਹੋਣਾ ਜਿਸਦੇ ਸਿੱਟੇ ਵਜੋਂ ਪੰਜਾਬ ਵਿੱਚ ਕੈਂਸਰ ਦਾ ਮਾਰੂ ਹੱਲਾ, ਇੱਥੋਂ ਕੈਂਸਰ ਟਰੇਨ ਦਾ ਚੱਲਣਾ, ਭਾਸ਼ਾਈ ਮਸਲੇ, ਪ੍ਰਵਾਸ ਕਰਕੇ ਬਜ਼ੁਰਗਾਂ ਦਾ ਝੋਰਾ, ਨਸ਼ਿਆਂ ਨਾਲ ਖੁੰਘਲ ਹੋਈ ਜਵਾਨੀ, ਧੀਆਂ ਪੁੱਤਰਾਂ ਵਿਚਲਾ ਫਰਕ, ਮਾਂ ਨੂੰ ਧੀਆਂ ਜੰਮਣ ਦੇ ਮਿਹਣੇ, ਹੋਰ ਬਹੁਤ ਸਾਰੇ ਸਰੀਰਿਕ ਅਤੇ ਮਾਨਸਿਕ ਦਰਦ ਸ਼ਾਮਲ ਹਨ।

ਕਹਾਣੀਕਾਰ, ਮਾਂ ਨੂੰ ਸਿਜਦਾ ਕਰਦੀ ਕਹਾਣੀ 'ਮਾਂ ਰੱਬ ਦਾ ਦੂਜਾ ਰੂਪ' ਵਿੱਚ ਇਕ ਕਥਾ ਦੀ ਵਿਧਾ-ਸਿਰਜਕੇ ਸੁਨੇਹਾ ਦਿੰਦਾ ਹੈ ਕਿ ਮਾਂ ਇਸ ਜੀਵਨ ਵਿੱਚ ਵੀ ਅਤੇ ਜੀਵਨ ਤੋ ਬਾਦ ਵੀ ਆਪਣੇ ਬੱਚਿਆਂ ਨੂੰ ਤੱਤੀ ਵਾਅ ਨਹੀਂ ਲੱਗਣ ਦਿੰਦੀ। ਕਹਾਣੀ 'ਝੱਲਾ ਮੁੜਕੇ ਨਹੀਂ ਆਇਆ' ਵੀ ਮਾਂ-ਪਿਆਰ ਦੇ ਵਿਯੋਗ ਦੀ ਦਰਦਨਾਕ ਤਸਵੀਰ ਪੇਸ਼ ਕਰਦੀ ਹੈ। 'ਪੰਜਾਬ ਸਿੰਆਂ' ਪੰਜਾਬ ਮਸਲਿਆਂ ਦੀ ਪ੍ਰਤਿਨਿੱਧ ਕਹਾਣੀ ਹੈ, ਜਿਸ ਵਿੱਚ 1947 ਦੀ ਵੰਡ ਤੋ ਲੈ ਕੇ ਹੁਣ ਤੱਕ ਦੀਆਂ ਸਮੱਸਿਆਵਾਂ ਨੂੰ ਪੰਜਾਬ ਦਾ ਮਾਨਵੀਕਰਨ ਕਰਕੇ, ਰਚਾਏ ਸੰਵਾਦ ਦੀ ਵਿਧਾ ਨਾਲ਼ ਸਾਰੀ ਤ੍ਰਾਸਦੀ ਨੂੰ ਚਿਤਰਿਆ ਹੈ। ਅੰਤ ਵਿੱਚ ਜਦੋਂ ਕਹਾਂਣੀਕਾਰ ਬਾਬੇ ਪੰਜਾਬ ਸਿੰਆਂ ਨੂੰ ਅਜੇ ਵੀ ਚੜਦੀ ਕਲ਼ਾ ਵਿੱਚ ਹੋਣ ਦਾ ਰਾਜ ਪੁੱਛਦਾ ਹੈ ਤਾਂ ਪੰਜਾਬ ਰੂਪੀ ਬਾਬੇ ਨੂੰ ਕਹਿੰਦੇ ਹਨ ਕਿ "ਕਾਕਾ,ਇਹ ਤਾਂ ਬਾਬੇ ਨਾਨਕ ਦੀ ਬਾਣੀ ਦਾ ਨੂਰ ਆ... ਅਤੇ ਉਡੀਕ ਮੈਨੂੰ ਅਜੇ ਵੀ ਮੇਰੇ ਬਾਪੂ ਕਲਗ਼ੀਆਂ ਵਾਲੇ ਦੀ ਆ।" ਇੰਜ ਇਸ ਪ੍ਰਸੰਗ ਵਿੱਚ ਪ੍ਰੋ. ਪੂਰਨ ਸਿੰਘ ਦੀ ਕਵਿਤਾ-'ਓ ਪੰਜਾਬ ਤਾਂ ਵੱਸਦਾ ਗੁਰਾਂ ਦੇ ਨਾਂ 'ਤੇ' ਸਾਡੇ ਚੇਤਿਆ ਵਿਚੋ ਸਾਹਮਣੇ ਆ ਖਲੋਂਦੀ ਹੈ। ਇੰਜ ਹੀ ਕਹਾਣੀ 'ਦੋਗਲੇ','ਕੁਦਰਤ ਬੋਲ ਪਈ' ਅਤੇ 'ਅੰਦਰਲਾ ਲਾਵਾ' ਵੀ ਪੰਜਾਬ ਜਨਮ ਭੂਮੀ ਨੂੰ ਹੀ ਮੁਖਾਤਿਬ ਹਨ।




ਕਹਾਣੀ 'ਦੋਗ਼ਲੇ' ਅਤੇ 'ਬੌਣਾ ਇਨਸਾਨ' ਵਿੱਚ, ਕੇਂਦਰ ਦੀ ਭਗਵਾਂ ਹਕੂਮਤ ਵੱਲੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਉੱਤੇ ਵਿੱਢੇ ਹਮਲਿਆਂ ਦੀ ਕੜੀ ਵਜੋਂ ਨਵੀਂ ਸਿੱਖਿਆ ਨੀਤੀ ਤਹਿਤ ਖੇਤਰੀ ਭਾਸ਼ਾਵਾਂ ਨੂੰ ਨਜ਼ਰ ਅੰਦਾਜ਼ ਕਰਕੇ ਹਿੰਦੀ ਨੂੰ ਪਰਮੋਟ ਕਰਨ ਅਤੇ ਕੁਝ ਸਕੂਲ ਪ੍ਰਬੰਧਕਾਂ ਵੱਲੋਂ ਸਕੂਲਾਂ ਵਿੱਚ ਹਿੰਦੀ ਬੋਲਣਾ ਲਾਜ਼ਮੀ ਅਤੇ ਪੰਜਾਬੀ ਬੋਲਣ ਤੇ ਜੁਰਮਾਨਾ ਕਰਨ ਦੇ ਫਾਂਸੀ ਰੁਝਾਨ ਬਾਰੇ ਗੱਲ ਕਰਦਿਆਂ ਬੱਚਿਆਂ ਵੱਲੋਂ ਇਕ ਸਵਾਲ ਉਭਾਰਦਿਆਂ ਕਿਹਾ ਗਿਆ ਹੈ ਕਿ "ਹਾਂ ਪਾਪਾ! ਬਰਨਾ਼ਲੇ ਅਵਨੀਤ ਜਿਸ ਅੰਗਰੇਜ਼ੀ ਸਕੂਲ ਵਿੱਚ ਪੜਦੀ,ਉੱਥੇ ਪੰਜਾਬੀ ਬੋਲਣ ਤੇ ਜੁਰਮਾਨਾ ਲੱਗਦਾ ਬੱਚਿਆਂ ਨੂੰ ਪਰ ਫਿਰ ਪੰਜਾਬ ਵਿੱਚ ਹਿੰਦੀ ਬੋਲਣਾ ਲਾਜ਼ਮੀ ਕਿਉਂ ਹੈ?" ਇਸ ਤਰਾਂ ਕਹਾਣੀਕਾਰ ਨੇ ਕੇਂਦਰ ਦੀ ਧੱਕੇਸ਼ਾਹੀ ਵਿਰੁੱਧ ਅਤੇ ਆਪਣੀ ਮਾਂ-ਬੋਲੀ ਪੰਜਾਬੀ ਦੇ ਹੱਕ ਵਿੱਚ ਜ਼ਬਰਦਸਤ ਅਵਾਜ ਬੁਲੰਦ ਕੀਤੀ ਹੈ। ਅੱਜ ਜਦੋਂ ਅਸੀਂ ਮਾਤ ਭਾਸ਼ਾ ਨੂੰ ਸਮਰਪਿਤ ਦਿਵਸ ਮਨਾ ਰਹੇ ਹਾਂ ਤਾ ਬਲਜੀਤ ਫਰਵਾਲੀ ਵੱਲੋਂ ਉਭਾਰਿਆ ਸੁਆਲ ਹੋਰ ਵੀ ਸਾਰਥਕ ਹੋ ਨਿਬੜਦਾ ਹੈ। ਲੇਖਕ ਦੇ ਸਰੋਕਾਰਾਂ ਵਿੱਚ, ਸਾਡੇ ਗੁਰੂਆਂ ਪੀਰਾਂ ਦੀ ਧਰਤੀ ਤੇ ਫੈਲੇ ਅੰਧ ਵਿਸ਼ਵਾਸ ਅਤੇ ਵਹਿਮ ਭਰਮ ਵੀ ਸਾਮਿਲ ਹਨ। ਅੱਜ ਦੇ ਵਿਗਿਆਨਿਕ ਯੁੱਗ ਵਿੱਚ ਵੀ ਪੇਂਡੂ ਧਰਾਤਲ ਤੇ ਕੁਝ ਢੌਂਗੀ ਸਾਧ ਪਿੰਡ ਪਿੰਡ ਅਮਰਵੇਲ ਵਾਂਗ ਵੱਧ ਰਹੇ ਹਨ।

ਇਸ ਸਮਾਜਿਕ ਬੁਰਾਈ ਨੂੰ ਮੁਖਾਤਿਬ, ਇਸ ਮਿੰਨੀ ਕਹਾਣੀ ਸੰਗ੍ਰਿਹ ਵਿੱਚ 'ਗ੍ਰਹਿ' ਅਤੇ 'ਬਾਬੇ' ਦੋ ਕਹਾਣੀਆਂ ਹਨ ਜਿਨਾਂ ਰਾਹੀ ਲੇਖਕ ਇੰਨਾਂ ਬੂਬਨੇ ਸਾਧਾਂ ਕੋਲੋ ਲੁੱਟ ਕਰਵਾਉਣ ਦੀ ਥਾਂ, ਵਿਗਿਆਨਿਕ ਢੰਗ ਨਾਲ ਮਸਲੇ ਹੱਲ ਕਰਨ ਦਾ ਸੁਨੇਹਾ ਦਿੰਦਾ ਹੈ।

ਆਸਟਰੇਲੀਆ ਕਹਾਣੀ-ਪੰਜਾਬ ਤੋ ਨਵੇ ਆਉਂਦੇ ਵਿਦਿਆਰਥੀਆਂ ਨੂੰ ਦਰਪੇਸ਼ ਸਮੱਸਿਆਵਾਂ, ਉਨ੍ਹਾਂ ਦੀ ਕਲਪਨਾ ਅਤੇ ਜ਼ਮੀਨੀ ਹਕੀਕਤ ਵਿਚਲੇ ਪਾੜੇ,ਨਵੇ ਹੋਣ ਕਾਰਨ ਉਨ੍ਹਾਂ ਦੀ ਮਜਬੂਰੀ ਦਾ ਫ਼ਾਇਦਾ ਉਠਾ ਕੇ, ਉਨ੍ਹਾਂ ਦੀ ਕਿਰਤ ਦੀ ਕੀਤੀ ਜਾਂਦੀ ਲੁੱਟ, ਆਦਿ ਸਮੱਸਿਆਵਾਂ ਨੂੰ ਉਜਾਗਰ ਕਰਕੇ, ਨਵੇ ਵਿਦਿਆਰਥੀਆਂ ਨੂੰ ਇੱਥੋਂ ਦੀ ਅਸਲ ਧਰਾਤਲ ਨਾਲ ਜੋੜਨ ਅਤੇ ਚੌਕਸ ਕਰਨ ਦਾ ਸੁਨੇਹਾ ਦਿੰਦੀ ਹੈ।

'ਤਾਸੀਰ' ਅਤੇ 'ਬੱਸ ਦੋ ਹੀ ਧੀਆ' ਕਹਾਣੀਆਂ, ਪੰਜਾਬ ਦੀ ਧਰਤ 'ਤੇ ਮੁੰਡੇ-ਕੁੜੀ ਵਿਚਲੇ ਫਰਕ ਅਤੇ ਧੀਆ ਜੰਮਦਿਆਂ ਹੀ ਉਨ੍ਹਾਂ ਨਾਲ ਹੁੰਦੇ ਵਿਤਕਰੇ, ਕੁੜੀ ਜੰਮਣ ਲਈ ਸਿਰਫ ਮਾਂ ਨੂੰ ਹੀ ਦੋਸ਼ੀ ਠਹਿਰਾਉਣਾ ਉਹ ਵੀ ਉਸ ਸਮੇਂ ਜਦੋਂ ਵਿਗਿਆਨ ਨੇ ਯ ਫ਼ਾਰਮੂਲੇ ਰਾਹੀ ਇਹ ਸਿੱਧ ਕਰ ਦਿੱਤਾ ਹੋਵੇ ਕਿ ਕੁੜੀ ਜੰਮਣ ਲਈ ਸਿਰਫ ਮਾਂ ਹੀ ਜ਼ਿੰਮੇਵਾਰ ਨਹੀਂ ਹੁੰਦੀ। ਮਾਂ-ਪਿਓ ਨਾਲ ਪੁੱਤਾਂ ਵੱਲੋਂ ਆਖਰੀ ਉਮਰੇ ਕੀਤਾ ਜਾਂਦਾ ਦੁਰਵਿਹਾਰ ਅਤੇ ਧੀਆਂ ਵੱਲੋਂ ਦਿੱਤੇ ਜਾਂਦੇ ਪਿਆਰਨਾਲ ਇਹ ਕਹਾਣੀਆਂ ਧੀ ਵਰਗੀ ਅਨਮੋਲ ਦਾਤ ਨੂੰ ਉਚਿਆਉਂਦੀਅਆ ਹਨ। 'ਪਗਡੰਡੀਆ' ਕਹਾਣੀ ਇਕ ਅਜਿਹੀ ਵਕਤ ਤੋ ਪਹਿਲਾਂ ਲਈ ਸੇਵਾ-ਮੁੱਕਤ ਸਕੂਲ ਅਧਿਆਪਕਾ ਦੀ ਹੈ, ਜਿਸਨੇ ਵੀਹ ਕੁ ਸਾਲ ਪਹਿਲਾਂ ਜਹਾਨੋ ਤੁਰ ਗਏ ਪਤੀ ਦਾ ਵਿਛੋੜਾ ਵੀ ਝੱਲਿਆ ਅਤੇ ਆਪਣੇ ਇੱਕੋ ਇਕ ਪੁੱਤ ਨੂੰ ਪੜਾ-ਲਿਖਕੇ ਆਸਟਰੇਲੀਆ ਵਿੱਚ ਸਥਾਪਿਤ ਕੀਤਾ। ਹੁਣ ਉਹ ਪੱਕੇ ਤੌਰ ਤੇ ਨੂੰਹ ਪੁੱਤ ਕੋਲ ਰਹਿਣ ਤਾ ਆ ਗਈ ਪਰ ਇੱਥੋਂ ਦੇ ਮਾਹੌਲ ਮੁਤਾਬਕ ਨਾਂ ਢਲ ਸਕਣ ਕਾਰਨ ਉਦਾਸੀ ਦੇ ਆਲਮ ਵਿੱਚ ਘਿਰ ਗਈ ਹੈ।

ਕਹਾਣੀਕਾਰ ਵੱਲੋਂ ਹਮਦਰਦੀ ਦੇ ਬੋਲ ਸੁਣਕੇ ਫੋੜੇ ਵਾਂਗ ਫਿੱਸ ਪੈਂਦੀ ਹੈ। ਇਹ ਦੁਖਾਂਤ ਸਾਡੇ ਬਹੁਤ ਸਾਰੇ ਬਜ਼ੁਰਗਾਂ ਦਾ ਹੈ ਜਿਸਨੂੰ ਕਹਾਣੀਕਾਰ ਨੇ ਬਹੁਤ ਸ਼ਫਲਤਾ ਨਾਲ ਪੇਸ਼ ਕੀਤਾ ਹੈ। 'ਸ਼ਾਲ' ਕਹਾਣੀ ਵੀ ਅਜਿਹੇ ਬਜ਼ੁਰਗ ਦੀ ਕਹਾਣੀ ਹੈ ਜੋ ਪਤਨੀ ਦੇ ਵਿਯੋਗ ਵਿੱਚ ਦੁਖੀ ਹੈ ਅਤੇ ਆਪਣੇ ਪੋਤੇ ਨੂੰ ਇਕ ਥਾਂ ਕਹਿੰਦਾ "ਤੇਰੀ ਦਾਦੀ ਤੇ ਮੈ, ਆਪਣੇ ਸਪਨੇ ਪੂਰੇ ਕਰਨ ਲਈ ਨਹੀਂ ਸੀ ਸੌਂਦੇ ਤੇ ਹੁਣ ਸਪਨੇ ਲੈਣ ਲਈ ਨੀਂਦ ਨਹੀਂ ਆਉਂਦੀ।"

ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ-ਇਹ ਕਥਨ ਬਲਜੀਤ ਫਰਵਾਲੀ ਦੀਆਂ ਕਹਾਣੀਆਂ ਦੇ ਰੂ-ਬ-ਰੂ ਬਿਲਕੁਲ ਸੱਚ ਪ੍ਰਤੀਤ ਹੁੰਦਾ ਹੈ। ਇਨ੍ਹਾਂ ਕਹਾਣੀਆਂ ਦਾ ਸਭ ਤੋ ਨਿਵੇਕਲਾ ਤੇ ਨਿਆਰਾਪਣ ਇਹ ਹੈ ਕਿ ਬਲਜੀਤ ਨੇ ਸਾਹਿਤ ਸਿਰਜਣਾ ਨੂੰ ਮਹਿਜ਼ ਰਸਮੀ ਤੌਰ ਤੇ ਨਹੀਂ ਲਿਆ ਸਗੋਂ ਸਮਕਾਲੀ ਸਮਾਜ ਦੇ ਸਭ ਰੰਗਾਂ, ਇੱਥੋਂ ਦੇ ਦੁੱਖਾਂ-ਸੁੱਖਾ, ਠੰਡੀਆਂ-ਤੱਤੀਆਂ ਹਵਾਂਵਾਂ ਨੂੰ ਕਲਮੀ ਬੁਰਸ਼ ਰਾਹੀ ਚਿਤਰਿਆ ਹੈ।ਇਹਨਾਂ ਕਹਾਣੀਆਂ ਦੇ ਜਿਸਦੇ ਜਾਗਦੇ ਪਾਤਰ, ਪੇਂਡੂ ਮਲਵਈ ਖੇਤਰ ਦੀ ਮੁਹਾਵਰੇਦਾਰ ਬੋਲ,ਭਾਸ਼ਾ ਦੀ ਰਵਾਨਗੀ ਇਸਦੇ ਨਿਆਰੇ ਗੁਣ ਹਨ ਜਿਵੇ ਰੰਗੀਆਂ ਰੰਡੇਪਾ ਕੱਟ ਲਵੇ ਪਰ ਲੋਕ ਕੱਟਣ ਨਹੀਂ ਦਿੰਦੇ, ਅੰਨਾਂ ਜੁਲਾਹਾ ਮਾਂ ਨਾਲ ਮਸ਼ਖਰੀਆ, ਕਿਥੋ ਭਾਲਦਾ ਬਜੌਰੀ ਦਾਖਾਂ-ਕਿੱਕਰਾਂ ਦੇ ਬੀਜ ਬੀਜਕੇਆਦਿ ਪੇਂਡੂ ਮੁਹਾਵਰਿਆਂ ਰੂਪੀ ਨਗੀਨਿਆ ਨਾਲ ਆਪਣੀ ਲੇਖਣੀ ਨੂੰ ਸ਼ਿੰਗਾਰਕੇ, ਮਾਂ ਬੋਲੀ ਦੰਗ ਅਦਬੀ ਵਿਹੜੇ ਜੋ ਪਲੇਠੀ ਹਾਜ਼ਰੀ ਲਵਾਈ ਹੈ, ਇਸ ਨਾਲ ਬਲਜੀਤ ਫਰਵਾਲੀ ਕਹਾਣੀ ਜਗਤ ਦੇ ਪ੍ਰਤੀਬੱਧ ਲੇਖਕਾਂ ਵਿੱਚ ਆਪਣੀ ਪਹਿਚਾਣ ਬਣਾਵੇਗਾ,ਇਹ ਮੇਰਾ ਦਾਅਵਾ ਹੈ।

ਸ਼ੁਭ ਆਮਦੀਦ-ਬਲਜੀਤ ਫਰਵਾਲੀ! ਸ਼ੁਭ ਕਾਮਨਾਵਾਂ

**ਬਲਵੀਰ ਸਿੰਘ ਪਰਵਾਨਾ**
**ਮੈਲਬੌਰਨ (ਆਸਟਰੇਲੀਆ) +61403 341 194**

### ਹੋਲੇ ਮੁਹਲੇ ਦੇ ਇਤਿਹਾਸਿਕ ਤਿਉਹਾਰ ਸਬੰਧੀ ਵਿਸ਼ੇਸ਼

# ਸ੍ਰੀ ਅਨੰਦਪੁਰ ਸਾਹਿਬ ਦਾ ਇਤਿਹਾਸ ਅਤੇ ਵਰਤਮਾਨ



ਕੁਲਦੀਪ ਚੰਦ
91-9417563054

ਹਰ ਸਾਲ ਵਾਂਗ ਪ੍ਰਸਿੱਧ ਤਿਉਹਾਰ ਹੋਲਾ ਮੁਹੱਲਾ ਸ੍ਰੀ ਅਨੰਦਪੁਰ ਸਾਹਿਬ ਵਿੱਚ ਮਨਾਇਆ ਜਾ ਰਿਹਾ ਹੈ। ਇਸ ਤਿਉਹਾਰ ਲਈ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤ ਆ ਰਹੀ ਹੈ। ਹੋਲਾ ਮੁਹੱਲਾ ਖਾਲਸਾਈ ਜਾਹੋ ਜਲਾਲ ਦਾ ਪ੍ਰਤੀਕ ਹੈ। ਵੱਖਵੱਖ ਇਤਿਹਾਸਕਾਰਾਂ ਅਤੇ ਵਿਦਵਾਨਾਂ ਅਨੁਸਾਰ ਹੋਲਾ ਮੁਹੱਲਾ ਦੀ ਸੁਰੂਆਤ ਗੁਰੂ ਗੋਬਿੰਦ ਸਿੰਘ ਨੇ ਕੀਤੀ ਸੀ ਅਤੇ ਇਸਦਾ ਮੁੱਖ ਮੰਤਬ ਸਿੱਖਾਂ ਨੂੰ ਅਨਿਆਂ ਅਤੇ ਜ਼ੁਲਮ ਖਿਲਾਫ ਲੜ੍ਹਣ ਲਈ ਤਿਆਰ ਕਰਨਾ ਸੀ। ਇਸ ਉਦੇਸ਼ ਦੀ ਪੂਰਤੀ ਲਈ ਹੀ ਇਸ ਮੌਕੇ ਤੇਖਾਲਸਾਈ ਫੌਜਾਂ ਦੇ ਵੱਖ ਵੱਖ ਦਲਾਂ ਵਿੱਚ ਸ਼ਾਸ਼ਤਰ ਵਿਦਿੱਆ ਦੇ ਮੁਕਾਬਲੇ ਕਰਵਾਏ ਜਾਂਦੇ ਸਨ ਅਤੇ ਚੰਗਾ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਜਾਂਦਾ ਸੀ। ਇਹ ਤਿਉਹਾਰ ਤੱਖਤ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਧਾਰਮਿਕ ਪ੍ਰੰਪਰਾਵਾਂ ਨਾਲ ਮਨਾਇਆ ਜਾਂਦਾ ਹੈ। ਹਰ ਸਾਲ ਮਾਰਚ ਮਹੀਨੇ ਵਿੱਚ ਮਨਾਏ ਜਾਣ ਵਾਲੇ ਇਸ ਤਿਉਹਾਰ ਵਿੱਚ ਲੋਕ ਵੱਡੀ ਗਿਣਤੀ ਵਿੱਚ ਇੱਕ ਜਲੂਸ ਦੀ ਸ਼ਕਲ ਵਿੱਚ ਜਿਸਨੂੰ ਮੁਹੱਲਾ ਕਹਿੰਦੇ ਹਨ ਨਗਾਰਿਆਂ ਦੀ ਅਵਾਜ ਵਿੱਚ ਇੱਕ ਗੁਰਧਾਮ ਤੋਂ ਦੂਜੇ ਗੁਰਧਾਮ ਤੱਕ ਜਾਂਦੇ ਹਨ। ਇਸ ਵਿੱਚ ਨਿਹੰਗ ਸਿੰਘ ਪੁਰਾਤਨ ਆਨ ਸ਼ਾਨਨਾਲ ਸ਼ਾਮਿਲ ਹੁੰਦੇ ਹਨ ਅਤੇ ਸ਼ਾਸ਼ਤਰਾਂ ਦੇ ਕਰਤੱਬ ਵਿਖਾਏ ਜਾਂਦੇ ਹਨ। ਸ਼੍ਰੀ ਅਨੰਦਪੁਰ ਸਾਹਿਬ ਭਾਰਤ ਦੇ ਉੱਤਰ ਪੱਛਮੀ ਸੂਬੇ ਪੰਜਾਬ ਦੇ ਰੂਪਨਗਰ ਜ਼ਿਲ੍ਹੇ ਦਾ ਪ੍ਰਸਿੱਧ ਨਗਰ ਹੈ ਜੋ ਕਿ ਹੁਣ ਸਬ ਡਵੀਜ਼ਨ ਹੈ। ਸ਼੍ਰੀ ਅਨੰਦਪੁਰ ਸਾਹਿਬ ਨਗਰ ਦੀ ਸਥਾਪਨਾ ਸਿੱਖਾਂ ਦੇ ਨੌਵੇਂ ਗੁਰੂ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਨੇ 1665 ਵਿੱਚ ਕੀਤੀ ਸੀ। ਇਸਦਾ ਪਹਿਲਾਂ ਨਾਮ ਮਾਖੋਵਾਲ ਸੀ। ਇੱਕ ਕਹਾਣੀ ਅਨੁਸਾਰ ਇੱਥੇ ਮਾਖੋ ਨਾਮ ਦਾ ਡਾਕੂ ਰਹਿੰਦਾ ਸੀ ਜੋ ਕਿਸੇ ਨੂੰ ਵੀ ਇਸ ਇਲਾਕੇ ਵਿੱਚ ਰਹਿਣ ਨਹੀਂ ਦਿੰਦਾ ਸੀ। ਗੁਰੂ ਤੇਗ ਬਹਾਦੁਰ ਨੇ ਆਣੇ ਮਾਤਾ ਨਾਨਕੀ ਜੀ ਦੇ ਨਾਮ ਤੇ ਚੱਕ ਨਾਨਕੀ ਨਾਮੀ ਨਗਰ ਵਸਾਇਆ ਤਾਂ ਮਾਖੋਡਾਕੂ ਇਹ ਸਥਾਨ ਛੱਡਕੇ ਭੱਜ ਗਿਆ। ਚੱਕ ਨਾਨਕੀ, ਅਨੰਦਪੁਰ ਸਾਹਿਬ, ਸਹੋਟਾ, ਲੋਧੀਪੁਰ, ਅਗੰਮਪੁਰ, ਮਟੌਰ ਹੁਣ ਏਨੇ ਵਸ ਚੁੱਕੇ ਹਨ ਕਿ ਇੱਕ ਆਮ ਆਦਮੀ ਇਨ੍ਹਾਂਪਿੰਡਾਂ ਦੀਆਂ ਹੱਦਾਂ ਬਾਰੇ ਕੁਝ ਪਤਾ ਨਹੀ ਅਤੇ ਸਿਰਫ਼ ਪਟਵਾਰੀ ਤੇ ਨੰਬਰਦਾਰ ਹੀ ਇਨ੍ਹਾਂਪਿੰਡਾਂ ਦੀਆ ਹੱਦਾਂ ਬਾਰੇ ਜਾਣਦੇ ਹਨ। ਅਨੰਦਪੁਰ ਸਾਹਿਬ ਦਾ ਇਲਾਕਾ ਕੀਰਤਪੁਰ ਤੋਨੰਗਲ ਅਤੇ ਹਿਮਾਚਲ ਪ੍ਰਦੇਸ਼ ਦੇ ਊਨਾ ਤੱਕ ਕਿਸੇ ਵੇਲੇ ਸੰਘਣਾ ਜੰਗਲ ਸੀ। ਇਸ ਇਲਾਕੇਵਿਚ ਇੱਕ ਪਾਸੇ ਦਰਿਆ ਸਤਲੁਜ, ਚਰਨ ਗੰਗਾ ਤੇ ਚੋਅ ਸਨ ਅਤੇ ਦੂਜੇ ਪਾਸੇ ਪਹਾੜ ਸਨ। ਦਰਿਆ ਅਤੇ ਪਹਾੜਾਂ ਵਿੱਚ ਸੰਘਣੇ ਜੰਗਲ ਵਿੱਚ ਬਹੁਤ ਸਾਰੇ ਹਾਥੀ, ਸ਼ੇਰ, ਬਘਿਆੜ ਅਤੇਹੋਰ ਜੰਗਲੀ ਜਾਨਵਰ ਆਮ ਘੁੰਮਦੇ ਸਨ। ਇੱਥੇ ਹਾਥੀ ਬਹੁਤ ਸਨ ਅਤੇ ਇਸ ਇਲਾਕੇ ਨੂੰ ਹਥੋਤ ਭਾਵ ਹਾਥੀਆਂ ਦਾ ਘਰ ਆਖਿਆ ਕਰਦੇ ਸਨ। ਹਥੋਤ ਦੇ ਇਲਾਕੇ ਦੀ ਲੰਬਾਈ ਲੱਗਭੱਗ 50 ਕਿਲੋਮੀਟਰ ਅਤੇ ਚੌੜਾਈ ਲੱਗਭੱਗ 10 ਕਿਲੋਮੀਟਰ ਸੀ। ਜਦੋ ਗੁਰੂ ਸਾਹਿਬ ਨੇ ਇਹ ਇਲਾਕਾ ਚੁਣਿਆ ਉਸ ਵੇਲੇ ਬਹੁਤੇ ਜਾਨਵਰ ਤਾਂ ਪਹਾੜੀ ਜੰਗਲ ਵਿਚ ਹੀ ਰਹਿ ਗਏ ਸਨ ਤੇ ਬਾਕੀਆਂ ਨੂੰ ਸ਼ਿਕਾਰੀਆਂ ਨੇ ਮਾਰ ਦਿੱਤਾ ਸੀ ਪਰ ਫਿਰ ਵੀ ਇੱਥੇ ਲੋਕ ਡਰ ਕਾਰਨ ਨਹੀਂ ਰਹਿੰਦੇ ਸਨ। ਗੁਰੂ ਸਾਹਿਬ ਨੇ ਇਸ ਜੰਗਲ ਵਿਚ ਹੀ ਰਮਣੀਕ ਵਾਦੀ ਵਸਾ ਦਿੱਤੀ ਸੀ। ਜਿੱਥੇ ਕਦੇ ਦਿਨ ਵੇਲੇ ਵੀ ਕੋਈ ਨੇੜੇ ਨਹੀਂ ਆਂਦਾ ਸੀ ਉੱਥੇ ਹਰ ਵੇਲੇ ਸੰਗਤਾਂ ਦੀਆ ਰੋਣਕਾਂ ਲੱਗੀਆ ਰਹਿੰਦੀਆ ਸਨ।

ਅਨੰਦਪੁਰ ਸਾਹਿਬ ਬਾਰੇ ਇੱਕ ਹੋਰ ਮਿਥਿਹਾਸਕ ਕਹਾਣੀ ਮਸ਼ਹੂਰ ਹੈ ਕਿ ਇੱਥੇ ਮਾਖੋ ਤੇ ਮਾਟੋ ਨਾਮ ਦੇ ਦੋ ਦੈਂਤ ਰਿਹਾ ਕਰਦੇ ਸਨ ਤੇ ਦੋਹਾਂ ਨੇ ਮਾਖੋਵਾਲ ਤੇ ਮਟੌਰ ਪਿੰਡ ਵਸਾਏ। ਉਹ ਦੋਵੇਂ ਜਾਲਮ ਸਨ ਅਤੇ ਇਲਾਕੇ ਦੇ ਲੋਕ ਉਨ੍ਹਾਂ ਤੋਂ ਬਹੁਤ ਦੁਖੀ ਸਨ। ਸਿੱਖ ਤਵਾਰੀਖ਼ ਵਿਚ ਹਥੌਤ ਦੇ ਇਲਾਕੇ ਦੀ ਜੇ ਕਿਸੇ ਜਗ੍ਹਾ ਦਾ ਜ਼ਿਕਰ ਆਉਂਦਾ ਹੈ ਤਾਂ ਉਹ ਕੀਰਤਪੁਰ ਸਾਹਿਬ ਦੇ ਬਾਹਰ ਸਾਈਂ ਬੁੱਢਣ ਸ਼ਾਹ ਦੇ ਡੇਰੇ ਦਾ ਹੈ। ਵੱਖ ਵੱਖ ਜਨਮ ਸਾਖੀਆਂ ਮੁਤਾਬਿਕ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਵੇਲੇ ਇਕ ਵਾਰ ਕੀਰਤਪੁਰ ਕੋਲੋਂ ਲੰਘੇ ਤਾਂ ਸਾਈਂ ਬੁੱਢਣ ਸ਼ਾਹ ਨਾਲ ਵਾਰਤਾ ਕੀਤੀ ਤੇ ਉਸ ਕੋਲੋ ਦੁੱਧ ਛਕਿਆ ਸੀ। ਇਸ ਮਗਰੋ ਹਥੌਤ ਦੇ ਇਲਾਕੇ ਵਿੱਚ 1624 ਵਿਚ ਗੁਰੂ ਹਰਿਗੋਬਿੰਦ ਸਾਹਿਬ ਆਏ ਅਤੇ ਉਨ੍ਹਾਂ ਦੇ ਵੱਡੇ ਬੇਟੇ ਬਾਬਾ ਗੁਰਦਿੱਤਾ ਨੇ ਕੀਰਤਪੁਰ ਸਾਹਿਬ ਵਸਾਇਆ। 1665 ਵਿਚ ਗੁਰੂ ਤੇਗ ਬਹਾਦੁਰ ਸਾਹਿਬ ਨੇ ਚੱਕ ਨਾਨਕੀ ਵਸਾਇਆ ਅਤੇ 1689 ਵਿਚ ਗੁਰੂ ਗੋਬਿੰਦ ਸਿੰਘ ਨੇ ਅਨੰਦਪੁਰ ਸਾਹਿਬ ਦੀ ਨਗਰੀ ਨੂੰ ਵਸਾਇਆ। ਇੰਝ ਗੁਰੂ ਸਾਹਿਬ ਨੇ ਇਸ ਉਜਾੜ ਬੀਆਬਾਨ ਇਲਾਕੇ ਵਿੱਚਰੌਣਕਾਂ ਲਾ ਦਿੱਤੀਆ। ਅੱਜ ਹਥੌਤ ਦੇ ਇਲਾਕੇ ਵਿੱਚ ਵੱਖ ਵੱਖ ਗੁਰਦੁਆਰਿਆਂ ਕਾਰਨ ਸ਼੍ਰੀ ਅਨੰਦਪੁਰ ਸਾਹਿਬ ਦਾ ਨਾਮ ਦੁਨੀਆਂ ਦੇ ਨਕਸ਼ੇ ਤੇ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਇਲਾਕੇ ਨੂੰ ਸਿੱਖ ਬੌਧਿਕਤਾ, ਵਿਦਵਤਾ, ਵਿਦਵਾਨਾਂ ਦਾ ਕੇਂਦਰ ਬਣਾਉਣ ਦੇ ਮੰਤਬ ਨਾਲ ਕੇਸਗੜ੍ਹ ਸਾਹਿਬ ਨੂੰ ਕੇਂਦਰ ਵਿਚ ਰੱਖਕੇ ਪੰਜ ਕਿਲ੍ਹਿਆਂ ਅਨੰਦਗੜ੍ਹ, ਲੋਹਗੜ੍ਹ, ਹੋਲਗੜ੍ਹ, ਤਾਰਾਗੜ੍ਹ ਅਤੇ ਫਤਿਹਗੜ੍ਹ ਦੀਉਸਾਰੀ ਕਰਵਾਈ ਗਈ ਸੀ। ਕੇਸਗੜ੍ਹ ਸਾਹਿਬ ਦੇ ਅਸਥਾਨ ਤੇ ਹੀ 1699 ਵਿੱਚ ਵਿਸਾਖੀਵਾਲੇ ਦਿਨ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਖਾਲਸਾ ਪੰਥ ਦੀ ਸਾਜ਼ਨਾ ਕੀਤੀ ਗਈ ਸੀ। 1665 ਤੋਂ ਲੈ ਕੇ ਹੁਣ ਤੱਕ ਅਨੰਦਪੁਰ ਸਾਹਿਬ ਵਿੱਚ ਬਹੁਤ ਸਾਰੀਆ ਤਬਦੀਲੀਆਂ ਆਈਆਂ ਹਨ ਪਰ ਇਸ ਦੇ ਬਾਵਜੂਦ ਗੁਰੂ ਸਾਹਿਬ ਨਾਲ ਸੰਬੰਧਿਤ ਗੁਰਦੁਆਰਿਆ ਨੂੰ ਸਹੀ ਜਗ੍ਹਾ ਤੇ ਹੀ ਬਣਾਇਆ ਗਿਆ ਹੈ। ਮੋਜੂਦਾ ਬੱਸ ਅੱਡੇ ਤੋਂ ਕੇਸਗੜ੍ਹ ਸਾਹਿਬ ਵੱਲ ਜਾਣ ਵਾਲੀ ਢੱਕੀ ਦੇ ਹੇਠਲੇ ਚੌਂਕ ਵਿਚ ਤਿੰਨਪਿੰਡਾਂ, ਚੱਕ ਨਾਨਕੀ, ਅਨੰਦਪੁਰ ਸਾਹਿਬ ਅਤੇ ਲੋਧੀਪੁਰ ਦੀਆਂ ਹੱਦਾਂ ਮਿਲਦੀਆ ਹਨ।

ਗੁਰਦੁਆਰਾ ਸੀਸ ਗੰਜ, ਦਮਦਮਾ ਸਾਹਿਬ, ਭੋਰਾ ਸਾਹਿਬ, ਚੱਕ ਨਾਨਕੀ ਦੀਆ ਹੱਦਾ ਸਨ,ਮਹਿਲ ਅਤੇ ਗੁਰੂ ਸਾਹਿਬ ਦਾ ਨਿਵਾਸ ਸਥਾਨ ਸਨ। ਮੋਜੂਦਾ ਬਸ ਸਟੈਂਡ, ਹਸਪਤਾਲ, ਲੜਕੀਆਂਦਾ ਸਰਕਾਰੀ ਸਕੂਲ ਚੱਕ ਨਾਨਕੀ ਵਿਚ ਹੈ। ਹੋਲਗੜ੍ਹ ਗੁਰਦੁਆਰੇ ਦੇ ਨੇੜੇ ਚੱਕੀ ਦਾਆਰਾ ਚੱਕ ਨਾਨਕੀ ਵਿਚ ਹੈ। ਰੇਲਵੇ ਦਾ ਪੁਲ ਚੱਕਨਾਨਕੀ ਵਿਚ ਹੈ। ਕੇਸਗੜ੍ਹ ਸਾਹਿਬ ਦੇ ਹੇਠਾਂ ਵੱਲ ਦਾ ਸਰੋਵਰ ਤੇ ਮਿਲਕ ਬਾਰ ਪਿੰਡਲੋਧੀਪੁਰ ਵਿਚ ਹੈ, ਪੁਲਿਸ ਥਾਣੇ ਦੇ ਨਾਲ ਦਾ ਬਾਗ ਚੱਕ ਨਾਨਕੀ ਦਾ ਹਿੱਸਾ ਹੈ। ਖਾਲਸਾ ਹਾਈ ਸਕੂਲ ਸਹੋਟਾ ਵਿਚ ਹੈ। ਨਿਹੰਗ ਸਿੰਘਾ ਦੇ ਇੰਤਜ਼ਾਮ ਹੇਠਲਾ ਸ਼ਹੀਦੀ ਬਾਗ ਪਿੰਡ ਲੋਧੀਪੁਰ ਵਿਚ ਹੈ।

ਕੇਸਗੜ੍ਹ ਸਾਹਿਬ ਅਤੇ ਨਾਲ ਦੇ ਬਜ਼ਾਰਾਂ ਤੋ ਕੇਸਗੜ੍ਹ ਸਾਹਿਬ ਅਤੇ ਅਨੰਦਗੜ੍ਹ ਸਾਹਿਬ ਕਿਲ੍ਹੇ ਤਕ ਦਾ ਸਾਰਾ ਇਲਾਕਾ ਅਨੰਦਪੁਰ ਸਾਹਿਬ ਵਿੱਚ ਹਨ, ਚਰਨਗੰਗਾ ਦਾ ਪੁਲ ਚੱਕ ਨਾਨਕੀ ਵਿਚ ਹੈ। ਖਾਲਸਾ ਕਾਲਜ ਪਿੰਡ ਮਟੌਰ ਵਿਚ ਹੈ। ਇਨ੍ਹਾਂ ਸਾਰੇ ਪਿੰਡਾ ਦੀਆ ਹੱਦਾਂ ਸਿਰਫ ਸਰਕਾਰੀ ਕਾਗ਼ਜ਼ਾਂ ਤੋ ਹੀ ਪਤਾ ਲੱਗ ਸਕਦੀਆਂ ਹਨ ਕਿਉਂਕਿ ਅੱਜ ਕਲ੍ਹ ਇਹ ਸਾਰੇ ਪਿੰਡ ਅਨੰਦਪੁਰ ਸਾਹਿਬ ਦਾ ਹਿੱਸਾ ਹੀ ਅਖਵਾਉਦੇ ਹਨ। ਸਤਲੁਜ ਦਰਿਆ ਜੋ ਕੇਸਗੜ੍ਹ ਦੀ ਪਹਾੜੀ ਦੇ ਨਾਲ ਵਗਦਾ ਸੀ, ਹੁਣ ਲੱਗਭੱਗ ਪੰਜ ਕਿਲੋਮੀਟਰ ਦੂਰ ਚਲਾ ਗਿਆ ਹੈ। ਹਿਮੈਤੀ ਨਾਲਾ ਜੋ ਅਨੰਦਗੜ੍ਹ ਕਿਲ੍ਹੇ ਦੀ ਹਿਫ਼ਾਜਤ ਕਰਦਾ ਸੀ ਦਾ ਨਾਂ ਨਿਸ਼ਾਨ ਮਿਟ ਗਿਆ ਹੈ। ਕਾਫ਼ੀ ਚੋਅ ਅਤੇ ਨਾਲੇ ਖਤਮ ਹੋ ਗਏ ਹਨ। ਚਰਨ ਗੰਗਾ ਤੇਪੁਲ ਬਣ ਗਿਆ ਹੈ ਅਤੇ ਕੇਸਗੜ੍ਹ ਦੇ ਨਾਲ ਦੀ ਤੰਬੂ ਵਾਲੀ ਪਹਾੜੀ ਖੁਰਕੇ ਅਲੋਪ ਹੋਚੁੱਕੀ ਹੈ।

ਕੇਸਗੜ੍ਹ ਤੇ ਅਨੰਦਗੜ੍ਹ ਵਿਚਲੀ ਪਹਾੜੀ ਨੂੰ ਕੱਟ ਕੇ ਉਸ ਵਿਚ ਸੜ੍ਹਕ ਬਣਾਦਿੱਤੀ ਗਈ ਹੈ। ਸ਼ਹਿਰ ਵਿਚ ਬੇਹਿਸਾਬ ਇਮਾਰਤਾਂ ਬਣੀਆ ਹਨ। ਅੱਜ ਦਿਸਦਾ ਅਨੰਦਪੁਰਗੁਰੂ ਸਾਹਿਬ ਦੇ ਵੇਲੇ ਦੇ ਅਨੰਦਪੁਰ ਸਾਹਿਬ ਤੋ ਬਹੁਤ ਵੱਖਰਾ ਹੈ। ਅੱਜ ਅਨੰਦਪੁਰ ਸਾਹਿਬਇੱਕ ਸਬ-ਡਵੀਜਨ ਹੈ। ਇਸ ਵਿਚ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ ਨੂਰਪੁਰ ਬੇਦੀ ਆਦਿ ਕਸਬੇ ਸ਼ਾਮਿਲ ਹਨ। ਪਹਿਲਾਂ ਨੰਗਲ ਸਹਿਰ ਦਾ ਇਲਾਕਾ ਵੀ ਇਸ ਵਿੱਚ ਸ਼ਾਮਿਲ ਸੀ ਪ੍ਰੰਤੂ ਹੁਣ ਨੰਗਲ ਨੂੰ ਵੱਖਰੀ ਸਬ ਡਵੀਜ਼ਨ ਬਣਾਇਆ ਗਿਆ ਹੈ। ਅਨੰਦਪੁਰ ਸਾਹਿਬ ਦੀ ਅਬਾਦੀ ਗੁਰੂ ਸਾਹਿਬ ਵੇਲੇ ਕੁਝ ਸੈਕੜੇਹੀ ਸੀ ਅਤੇ ਕੁੱਝ ਸੈਕੜੇ ਸਿੱਖ ਹਰ ਵੇਲੇ ਹੀ ਗੁਰੂ ਸਾਹਿਬ ਦੇ ਦਰਸ਼ਨਾਂ ਵਾਸਤੇ ਜੁੜ੍ਹੇ ਰਿਹਾ ਕਰਦੇ ਸਨ। ਮਾਰਚ ਦੇ ਆਖਰੀ ਦਿਨਾਂ (ਪਹਿਲੀ ਵਿਸਾਖ) ਵਿਚ ਹਜ਼ਾਰਾਂ ਸੰਗਤਾਂ ਅਨੰਦਪੁਰ ਸਾਹਿਬ ਵਿਚ ਜੁੜ੍ਹਿਆ ਕਰਦੀਆ ਸਨ। 04-05 ਦਸੰਬਰ 1705ਦੀ ਰਾਤ ਨੂੰ ਜਦੋ ਗੁਰੂ ਗੋਬਿੰਦ ਸਿੰਘ ਨੇ ਅਨੰਦਪੁਰ ਸਾਹਿਬ ਛੱਡਿਆ ਸੀ ਤਾਂ ਉਸ ਵੇਲੇ ਸਿਰਫ਼ ਭਾਈ ਗੁਰਬਖਸ਼ ਦਾਸ ਹੀ ਇੱਥੇ ਰਹਿ ਗਏ ਸਨ। ਕੁਝ ਸਾਲਾਂ ਬਾਦ ਸੋਢੀ ਗੁਲਾਬ ਸਿੰਘ ਤੇ ਸ਼ਾਮ ਸਿੰਘ ਦੇ ਪਰਿਵਾਰ ਏਥੇ ਵਸਣ ਲੱਗ ਪਏ ਸਨ ਅਤੇ ਅਨੰਦਪੁਰ ਸਾਹਿਬ ਫੇਰ ਵਸਣਾ ਸੁਰੂ ਹੋਗਿਆ ਸੀ। ਅਕਾਲੀ ਫੂਲਾ ਸਿੰਘ ਵੇਲੇ ਸੋਢੀਆਂ ਦਾ ਆਗੂ ਸੁਰਜਨ ਸਿੰਘ ਅਤੇ ਉਸ ਦਾਪਰਿਵਾਰ ਵੀ ਇੱਥੇ ਰਿਹਾ ਕਰਦੇ ਸਨ। ਉਦੋਂ ਅਨੰਦਪੁਰ ਸਾਹਿਬ ਦੀ ਅਬਾਦੀ ਦੋ ਤਿੰਨਹਜ਼ਾਰ ਦੇ ਨੇੜੇ ਤੇੜੇ ਸੀ। ਇਸ ਮਗਰੋ ਅਬਾਦੀ ਵਧਣੀ ਸੁਰੂ ਹੋ ਗਈ। ਸੰਨ 1868 ਦੀ ਮਰਦਮ ਸ਼ੁਮਾਰੀ ਵੇਲੇ ਇਥੋ ਦੀ ਅਬਾਦੀ 6869 ਸੀ। ਵੀਹਵੀਂ ਸਦੀ ਦੇ ਸੁਰੂ ਤੱਕ ਇੱਥੇ ਘਾਤਕ ਬੀਮਾਰੀ ਫੈਲਣ ਨਾਲ ਕਾਫੀ ਲੋਕ ਇੱਥੋ ਜਾਣੇ ਸੁਰੂ ਹੋ ਗਏ ਸਨ। ਵੀਹਵੀਂ ਸਦੀ ਦੇਅੱਧ ਤੱਕ ਇੱਥੇ ਅਬਾਦੀ ਇਸ ਤੋ ਬਹੁਤੀ ਨਹੀ ਵਧੀ ਸੀ। ਸਗੋ ਉਨ੍ਹਾਂ ਦਿਨਾ ਵਿੱਚ ਬਿਮਾਰੀਆਂ ਫੈਲਣ ਨਾਲ ਲੋਕ ਇੱਥੋ ਛੱਡਕੇ ਜਾ ਰਹੇ ਸਨ। ਅਜਾਦੀ ਵੇਲੇ 1947 ਤੋਂ ਬਾਦ ਇੱਥੇ ਕੁੱਝ ਸਿੱਖ ਪਰਿਵਾਰ ਪਾਕਿਸਤਾਨ ਤੋ ਆ ਕੇ ਰਹਿਣੇ ਸੁਰੂ ਹੋਏ। ਫਿਰ ਭਾਖੜਾ-ਨੰਗਲ, ਗੰਗੂਵਾਲ ਪਾਵਰ ਪ੍ਰਾਜੈਕਟ ਲੱਗਣ ਨਾਲ ਕਾਫੀ ਲੋਕ ਇੱਥੇ ਆਕੇ ਵੱਸ ਗਏ ਅਤੇ ਫਿਰ ਇਸਦੀ ਅਬਾਦੀ ਵੱਧਦੀ ਗਈ। 1998 ਵਿਚ ਅਨੰਦਪੁਰ ਸਾਹਿਬ ਦੀ ਮਿਉਂਸਿਪਲ ਕੌਂਸਲ ਏਰੀਏ ਦੀ ਅਬਾਦੀ ਤਕਰੀਬਨ 13000 ਸੀ ਅਤੇ 2011 ਦੀ ਜਨਗਣਨਾ ਅਨੁਸਾਰ 16282 ਤੱਕ ਪਹੁੰਚ ਗਈ ਸੀ ਅਤੇ ਮੋਜੂਦਾ ਸਮੇਂ ਇਸ ਵਿੱਚ ਹੋਰ ਵਾਧਾ ਹੋਇਆ ਹੈ। ਇਸ ਇਲਾਕੇ ਵਿੱਚ ਕਈ ਪ੍ਰਮੁੱਖ ਗੁਰੂਦੁਆਰੇ ਤੱਖਤ ਸ਼੍ਰੀ ਕੇਸਗੜ੍ਹ ਸਾਹਿਬ, ਸੀਸਗੰਜ, ਭੌਰਾ ਸਾਹਿਬ, ਥੜ੍ਹਾ ਸਾਹਿਬ, ਅਕਾਲ ਬੂੰਗਾ ਸਾਹਿਬ, ਦੱਮਦਮਾ ਸਾਹਿਬ, ਮੰਜੀ ਸਾਹਿਬ, ਸ਼ਹੀਦੀ ਬਾਗ, ਮਾਤਾ ਜੀਤ ਕੌਰ, ਗੁਰੂ ਕਾ ਮਹਿਲ ਆਦਿ ਸਥਾਪਿਤ ਹਨ। ਗੁਰੂ ਗੋਬਿੰਦ ਸਿੰਘ ਵਲੋਂ ਸੁਰੂ ਕੀਤੀ ਗਈ ਹੋਲਾ ਮੁਹੱਲਾ ਕੱਢਣ ਦੀ ਰੀਤ ਹੁਣ ਵੀ ਜਾਰੀ ਹੈ।

ਸ਼੍ਰੀ ਅਨੰਦਪੁਰ ਸਾਹਿਬ ਤੋਂ ਇਲਾਵਾ ਹਜੂਰ ਸਾਹਿਬ ਨਾਂਦੇੜ ਅਤੇ ਪਾਂਉਟਾ ਸਾਹਿਬ ਵਿਚ ਵੀ ਇਹ ਮੇਲਾ ਖਾਲਸਾ ਸ਼ਾਨੋ ਸ਼ੋਕਤ ਨਾਲ ਲੱਗਦਾ ਹੈ। ਮੋਜੂਦਾ ਸਮੇਂ ਸ਼੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਝੂਲਦੇ ਖਾਲਸਾਈ ਨਿਸ਼ਾਨ ਸਾਹਿਬ ਗੁਰੂਸਾਹਿਬ ਦੀ ਰਿਆਸਤ ਦੀ ਸ਼ਾਨ ਵਧਾਉਦੇ ਹਨ ਪਰ ਜਿਸ ਰਿਆਸਤ (ਬਿਲਾਸਪੁਰ) ਨੇ ਗੁਰੂ ਸਾਹਿਬ ਨੂੰ ਅਨੰਦਪੁਰ ਸਾਹਿਬ ਛੱਡਣ ਤੇ ਮਜਬੂਤ ਕੀਤਾ ਦੀ ਸੈਕੜ੍ਹੇ ਸਾਲ ਪੁਰਾਣੀ ਰਾਜਧਾਨੀ ਬਿਲਾਸਪੁਰ ਵਿੱਚ ਕਈ ਮਹਿਲ ਖਤਮ ਹੋ ਗਏ ਹਨ ਅਤੇ ਸੱਤਲੁਜ ਦਰਿਆ ਤੇ ਬਣੇਭਾਖੜ੍ਹਾ ਬੰਨ ਤੇ ਗੁਰੂ ਗੋਬਿੰਦ ਸਿੰਘ ਦੇ ਨਾਮ ਤੇ ਬਣੇ ਗੋਬਿੰਦ ਸਾਗਰ ਵਿੱਚ ਸਮਾ ਚੁੱਕੇ ਹਨ। ਸਰਕਾਰ ਵਲੋ ਖਾਲਸਾ ਸਾਜ਼ਨਾ ਦਿਵਸ ਦੇ ਤਿੰਨ ਸੋ ਸਾਲਾ ਜ਼ਸ਼ਨਾ ਮੌਕੇ ਸਾਲ 1999 ਵਿੱਚ ਅਨੰਦਪੁਰ ਸਾਹਿਬ ਵਿੱਚ ਕਈ ਨਵੀਂਆਂ ਇਮਾਰਤਾ ਦੀ ਉਸਾਰੀ ਕਰਵਾਈ ਗਈ ਹੈ ਜਿਸ ਨਾਲ ਸ਼ਹਿਰ ਵਿਚ ਨਵੀ ਦਿੱਖ ਬਣ ਗਈ ਹੈ ਅਤੇ ਨਾਲ ਹੀ ਸ਼ਹਿਰ ਦੀ ਪੁਰਾਣੀ ਦਿੱਖ ਵੀ ਹੋਰ ਸੁੰਦਰ ਹੋ ਗਈ ਹੈ। ਇਸ ਇਲਾਕੇ ਵਿੱਚ ਇਮਾਰਤਾਂ ਤੇ ਸਫੈਦ ਰੰਗ ਹੋਣ ਕਾਰਨ ਇਸਨੂੰ ਸਫੈਦ ਸ਼ਹਿਰ ਬਣਾਇਆ ਗਿਆ ਹੈ। ਸਰਕਾਰ ਵਲੋ ਇਥੇ ਵਿਰਾਸਤ-ਏ-ਖਾਲਸਾ ਦਾ ਨਿਰਮਾਣ ਕਰਵਾਇਆ ਗਿਆ ਹੈ ਜਿਥੇ ਹਰ ਸਾਲ ਲੱਖਾਂ ਸੈਲਾਨੀ ਸ੍ਰੀ ਅਨੰਦਪੁਰ ਸਾਹਿਬ ਦੇ ਇਸ ਵਿਸ਼ਵ ਪ੍ਰਸਿੱਧ ਅਜੂਬੇ ਦੇ ਦਰਸ਼ਨ ਕਰਦੇ ਹਨ ਅਤੇ ਗੌਰਵਮਈ ਸਿੱਖ ਇਤਿਹਾਸ ਬਾਰੇ ਜਾਣਕਾਰੀ ਹਾਸਿਲ ਕਰਦੇ ਹਨ। ਚੰਡੀਗੜ੍ਹ ਮੁੱਖ ਮਾਰਗ ਤੇ ਪੰਜ ਪਿਆਰੇ ਪਾਰਕ ਬਣਾਇਆ ਗਿਆ ਹੈ ਜਿਸ ਵਿੱਚ ਲੱਗਭੱਗ 81 ਫੁੱਟ ਉੱਚਾ ਖੰਡਾ ਸਥਿਤ ਹੈ। ਇਹ ਦੁਨੀਆ ਦਾ ਸਭ ਤੋਂ ਉੱਚਾ ਅਤੇ ਸਭ ਤੋਂ ਵੱਡਾ ਹੈ।

ਖੰਡੇ ਦਾ ਪ੍ਰਤੀਕ ਸਿੱਖ ਧਰਮ ਦਾ ਪ੍ਰਤੀਕ ਬਣ ਗਿਆ ਹੈ ਅਤੇ ਦੇਗ ਤੇਗ ਫਤਹਿ ਦੇ ਸਿਧਾਂਤ ਨੂੰ ਦਰਸਾਉਂਦਾ ਹੈ। ਪਿਛਲੇ ਕੁੱਝ ਸਾਲਾਂ ਦੌਰਾਨ ਫੈਲੇ ਕੋਰੋਨਾ ਕਾਰਨ ਬੇਸ਼ੱਕ ਇਸ ਤਿਉਹਾਰ ਨੂੰ ਮਨਾਉਣ ਲਈ ਵੱਡੀ ਗਿਣਤੀ ਵਿੱਚ ਲੋਕ ਨਹੀਂ ਪਹੁੰਚੇ ਸਨ ਪਰੰਤੂ ਇਸ ਵਾਰ ਸਰਕਾਰ ਅਤੇ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸ ਤਿਉਹਾਰ ਦੀ ਮਹੱਤਤਾ ਅਤੇ ਲੋਕਾਂ ਦੀ ਆਮਦ ਨੂੰ ਵੇਖਦੇ ਹੋਏ ਪੁੱਖਤਾ ਪ੍ਰਬੰਧ ਕੀਤੇ ਗਏ ਹਨ। ਇਸਤੋਂ ਇਲਾਵਾ ਵੱਖ ਵੱਖ ਸਮਾਜਿਕ ਧਾਰਮਿਕ ਸੰਸਥਾਵਾਂ ਵਲੋਂ ਵੀ ਇਸ ਤਿਉਹਾਰ ਸਬੰਧੀ ਤਿਆਰੀਆਂ ਕੀਤੀਆਂ ਗਈਆਂ ਹਨ।



# ਚਿੱਤਰਕਾਰੀ ਦੀ ਦੁਨੀਆਂ ਵਿੱਚ ਉੱਭਰਦਾ ਨਾਮ ਹਰਸ਼ਪ੍ਰੀਤ ਸਿੰਘ



ਜਗਜੀਤ ਸਿੰਘ ਗਣੇਸ਼ਪੁਰ
91-94655-76022

ਪ੍ਰਮਾਤਮਾ ਦੀ ਬਖਸ਼ਿਸ਼ ਹੀ ਹੁੰਦੀ ਹੈ ਵਿਰਲੇ-ਵਿਰਲੇ ਇਨਸਾਨਾਂ ਉਪਰ ਜਿੰਨਾ ਨੂੰ ਕੁੱਝ ਖਾਸ ਪ੍ਰਤਿਭਾ ਮਿਲੀ ਹੁੰਦੀ ਹੈ ਕਿ ਉਹ



ਆਪਣੇ ਬੋਲਾਂ, ਲਿੱਖਤਾਂ ਜਾਂ ਕਲਾਕ੍ਰਿਤੀਆਂ ਨਾਲ ਆਪਣੇ ਨਜਰੀਆ ਨੂੰ ਬੜੇ ਹੀ ਵਿਲੱਖਣ ਢੰਗ ਨਾਲ ਲੋਕਾਂ ਦੀ ਕਚਹਿਰੀ ਵਿੱਚ ਰੱਖ ਪਾਉਂਦੇ ਹਨ। ਜਿਵੇਂ ਕੋਈ ਸੰਗੀਤਕਾਰ ਆਪਣੀਆਂ ਸੰਗੀਤਕ ਧੁਨੀਆਂ ਰਾਹੀ ਆਪਣਾ ਪੱਖ ਸਮਾਜ ਅੱਗੇ ਰੱਖਦਾ ਹੈ ਇਵੇਂ ਹੀ ਇਕ ਚਿਤਰਕਾਰ ਆਪਣੇ ਮਨੋਭਾਵਾਂ, ਖਿਆਲਾਂ, ਵਲਵਲਿਆਂ ਜਾਂ ਨਜਰੀਏ ਨੂੰ ਚਿੱਤਰਕਲਾ ਰਾਹੀ ਸਮਾਜ ਅੱਗੇ ਪੇਸ਼ ਕਰਦਾ ਹੈ।

ਅਜਿਹਾ ਹੀ ਇੱਕ ਹੋਣਹਾਰ ਉੱਭਰਦਾ ਚਿੱਤਰਕਾਰ ਹੈ: ਹਰਸ਼ਪ੍ਰੀਤ ਸਿੰਘ। ਪਿਤਾ ਮਨਜਿੰਦਰ ਸਿੰਘ ਅਤੇ ਮਾਤਾ ਅਮਨਦੀਪ ਕੌਰ ਵਾਸੀ ਪਿਪਲਾਵਾਲਾ ਹੁਸ਼ਿਆਰਪੁਰ ਦਾ ਲਾਡਲਾ ਸਪੂਤ ਮਹਿਜ਼ 16 ਸਾਲ ਦੀ ਉਮਰ ਵਿੱਚ ਚਿੱਤਰਕਾਰੀ ਖੇਤਰ ਵਿੱਚ ਆਪਣੇ ਹੁਨਰ ਦਾ ਲੋਹਾ ਮਨਵਾ ਰਿਹਾ ਹੈ। ਮੌਜੂਦਾ ਸਮੇਂ ਵੁੱਡਲੈਂਡ ਉਵਰਸੀਜ ਸਕੂਲ ਹੁਸ਼ਿਆਰਪੁਰ ਵਿਖੇ ਫਾਈਨ ਆਰਟ ਦਾ ਵਿਦਿਆਰਥੀ ਹਰਸ਼ਪ੍ਰੀਤ ਸਿੰਘ ਨੂੰ ਚਿੱਤਰਕਾਰੀ ਦਾ ਸ਼ੋਕ ਬਚਪਨ ਤੋਂ ਹੀ ਰਿਹਾ ਹੈ। ਨਰਸਰੀ ਜਮਾਤ ਵਿੱਚ ਪੜਦੇ ਹੋਏ ਮਾਊਂਟ ਕਾਰਮਲ ਸਕੂਲ ਦੁਆਰਾ ਪ੍ਰਕਾਸ਼ਿਤ ਕੀਤੇ ਗਏ ਸਾਲਾਨਾ ਮੈਗਜੀਨ ਵਿੱਚ ਉਸ ਦੇ ਚਿੱਤਰਾਂ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ। ਪਿਛਲੇ ਸਮੇਂ ਜਦੋਂ ਕਰੋਨਾ ਮਹਾਮਾਰੀ ਕਾਰਨ



ਸਭ ਕੁੱਝ ਬੰਦ ਸੀ ਤਾਂ ਇਸ ਸਮੇਂ ਨੂੰ ਹਰਸ਼ਪ੍ਰੀਤ ਸਿੰਘ ਨੇ ਆਪਣੇ ਅੰਦਰ ਦੀ ਇਸ ਕਲਾਂ ਨੂੰ ਹੋਰ ਨਿਖਾਰਨ ਦਾ ਮੌਕਾ ਮਿਲਿਆ।

ਜਿਸ ਵੀ ਇਨਸਾਨ ਦੇ ਮਨ ਅੰਦਰ ਆਪਣੇ ਮਨੋਭਾਵਾਂ, ਅਹਿਸਾਸਾਂ, ਵਲਵਲਿਆਂ ਅਤੇ ਆਪਣੀ ਕਲਪਨਾਵਾਂ ਨੂੰ ਰੰਗਾਂ ਦੀ ਜਾਦੂਈ ਛੋਹ ਦੇਣ ਦੀ ਕਾਬਲਿਅਤ ਹੋਵੇ ਤਾਂ ਉਸ ਦੀ ਸਿਰਜਣਾ ਹਰ ਕਿਸੇ ਦਾ ਧਿਆਨ ਆਪਣੇ ਵਲ ਖਿੱਚ ਦੀ ਹੀ ਹੈ। ਇਸ ਸਮੇਂ ਹਰਸ਼ਦੀਪ ਸਿੰਘ ਸਿੱਖ ਇਤਿਹਾਸ ਤੋਂ ਸੇਧ ਲੈ ਕੇ ਗੁਰੂ ਸਾਹਿਬਾਨ ਦੇ ਚਿੱਤਰ ਬਣਾ ਰਿਹਾ ਹੈ। ਸਭ ਤੋਂ ਪਹਿਲਾਂ ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੈਨਸਿਲ ਸਕੈਚ ਤਿਆਰ ਕੀਤਾ ਗਿਆ। ਇਸ ਤੋਂ ਬਾਅਦ ਲਗਾਤਾਰ ਮਿਹਨਤ ਕਰਕੇ ਕਈ ਹੋਰ ਚਿੱਤਰ ਤਿਆਰ ਕਰਕੇ ਆਪਣੀ ਕਲਾਂ ਵਿੱਚ ਲਗਾਤਾਰ ਨਿਖਾਰ ਲਿਆਦਾਂ।

ਉਸ ਦੀ ਕਲਾਤਮਿਕ ਸੂਝ-ਬੂਝ ਦੀ ਕਮਾਲ ਹੀ ਮੰਨੀ ਜਾ ਸਕਦੀ ਹੈ। ਛੋਟੇ ਜਿਹੇ ਚਿੱਤਰਕਰੀ ਦੇ ਸਫ਼ਰ ਵਿੱਚ ਕਈ ਨੁਮਾਇਸ਼ਾਂ ਵਿੱਚ ਉਸ ਨੇ ਕਲਾ ਪ੍ਰੇਮੀਆਂ ਦੀ ਵਾਹ-ਵਾਹ ਖੱਟੀ ਹੈ। ਜਿਵੇਂ: 2020 'ਚ ਕਲਾ ਉਤਸਵ ਵਿੱਚ ਹਿੱਸਾ ਲਿਆ ਅਤੇ ਪੇਟਿੰਗ ਪ੍ਰਤੀਯੋਗਤਾ ਵਿੱਚ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪੋਰਟਰੇਟ ਬਣਾ ਕੇ ਜਿਲ੍ਹਾ ਪੱਧਰੀ ਪਹਿਲਾ ਸਥਾਨ ਪ੍ਰਾਪਤ ਕੀਤਾ। 2022 ਵਿੱਚ ਹੀ ਜਲੰਧਰ ਵਿਖੇ ਸਹੋਦਿਆ ਗਰੁੱਪ ਦੇ 23 ਸਕੂਲਾਂ ਦਰਮਿਆਨ ਹੋਈ ਰੰਗੋਲੀ ਪ੍ਰਤੀਯੋਗਤਾ ਵਿੱਚ ਪ੍ਰਥਮ ਸਥਾਨ ਹਾਸਿਲ ਕੀਤਾ।

ਉਸ ਹੀ ਸਾਲ ਯਾਨੀ ਕਿ ਅਕਤੂਬਰ 2022 ਵਿੱਚ ਸਿੱਖ ਵੈਲਫੇਅਰ ਸੁਸਾਇਟੀ ਹੁਸ਼ਿਆਰਪੁਰ ਵਲੋਂ ਰੋਸ਼ਨ ਗਰਾਊਂਡ ਵਿਖੇ ਹਰ ਸਾਲ ਕਰਵਾਏ ਜਾਂਦੇ ਮਹਾਨ ਕੀਰਤਨ ਦਰਬਾਰ ਵਿੱਚ ਹਰਸ਼ਪ੍ਰੀਤ ਸਿੰਘ ਵਲੋਂ ਚਿਤਰਨ ਕੀਤੇ ਸਿੱਖ



ਇਤਿਹਾਸ ਨਾਲ ਸਬੰਧਤ ਪਹਿਲੀ ਚਿੱਤਰਾਂ ਦੀ ਪ੍ਰਦਰਸ਼ਨੀ ਲਗਾਈ ਗਈ ਜਿਸ ਦੌਰਾਨ ਸੰਗਤਾਂ ਉਸ ਦੀ ਕਲਾਤਮਿਕ ਪ੍ਰਤਿਭਾ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕੀਆਂ। ਨਵੰਬਰ 2022 ਵਿੱਚ ਪਿੰਡ ਭਾਰਟਾ ਗਣੇਸ਼ਪੁਰ ਵਿਖੇ ਗੁਰਦੁਆਰਾ ਥੜਾ ਸਾਹਿਬ ਵਿਖੇ ਹੋਏ ਗੁਰਮਤਿ ਸਮਾਗਮ ਦੌਰਾਨ ਸਿੱਖ ਇਤਿਹਾਸ ਨਾਲ ਸਬੰਧਤ ਚਿੱਤਰਾਂ ਦੀ ਪ੍ਰਦਰਸ਼ਨੀ ਲਗਾਈ ਗਈ। ਜਿਸ ਨੂੰ ਸੰਗਤਾਂ ਦਾ ਭਰਪੂਰ ਹੁੰਗਾਰਾ ਮਿਲਿਆ। ਇਸ ਦੇ ਨਾਲ ਹੀ ਦਸੰਬਰ 2022 ਵਿੱਚ ਵੁੱਡਲੈਂਡ ਉਵਰਸੀਜ ਸਕੂਲ ਹੁਸ਼ਿਆਰਪੁਰ ਵਿਖੇ ਵੀ ਚਿੱਤਰਾਂ ਦੀ ਪ੍ਰਦਰਸ਼ਨੀ ਲਗਾਈ ਗਈ। ਜਿਸ ਦੀ ਵੀ ਪੂਰੇ ਅਧਿਆਪਕ ਅਤੇ ਵਿਦਿਆਰਥੀ ਵਰਗ ਵਲੋਂ ਤਾਰੀਫ਼ ਕੀਤੀ ਗਈ। ਹਰਸ਼ਪ੍ਰੀਤ ਸਿੰਘ ਦੇ ਇਸ ਹੁਨਰ ਨੂੰ ਨਿਖਾਰਨ ਵਿੱਚ ਜਿੱਥੇ ਉਸ ਦੀ ਅਣਥੱਕ ਮਿਹਨਤ ਅਤੇ ਲਗਨ ਹੈ ਉੱਥੇ ਹੀ ਉਸ ਦੇ ਤਾਇਆ ਜੀ ਸਰਦਾਰ ਵਰਿੰਦਰ ਸਿੰਘ ਰਾਜਪੁਰੀ ਅਤੇ ਦਿਲਜੀਤ ਸਿੰਘ ਰਾਜਪੁਰੀ ਦਾ ਵੀ ਵੱਡਮੁੱਲਾ ਯੋਗਦਾਨ ਰਿਹਾ ਹੈ ਜੋ ਕਿ ਖੁਦ ਇਸ ਖੇਤਰ ਵਿੱਚ ਬਹੁਤ ਮਾਹਿਰ ਆਰਟਿਸਟ ਹਨ। ਹਰਸ਼ਪ੍ਰੀਤ ਸਿੰਘ ਵਲੋਂ ਬਣਾਈਆਂ ਗਈਆਂ ਮੁੱਖ ਤਸਵੀਰਾਂ ਵਿੱਚ: ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਕਮਾਲ ਨੀਲੇ ਘੋੜੇ ਦੀ ਸਵਾਰੀ ਕਰਦਿਆਂ ਦਾ ਚਿੱਤਰ, ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪੋਰਟਰੇਟ, ਭਾਈ ਮਤੀ



ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦਾ ਸ਼ਹੀਦੀ ਦ੍ਰਿਸ਼, ਸੰਤ ਜਰਨੈਲ ਸਿੰਘ ਜੀ ਦਾ ਮਾਸਟਰਪੀਸ ਪੋਰਟਰੇਟ, ਆਰਟਿਸਟ ਸੋਭਾ ਸਿੰਘ ਦਾ ਪੋਰਟਰੇਟ, ਸ੍ਰੀ ਗੁਰੂ ਹਰਕਿਸ਼ਨ ਜੀ ਦਾ ਪੋਰਟਰੇਟ ਜੋ ਕਿ ਗੁਰਦੁਆਰਾ ਸ੍ਰੀ ਪੰਜੋਖੜਾ ਸਾਹਿਬ ਅੰਬਾਲਾ ਕੈਂਟ ਵਿਖੇ ਲਗਾਇਆ ਗਿਆ ਹੈ, ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਦਾ ਪੋਰਟਰੇਟ ।

ਜੇਕਰ ਭਵਿੱਖ ਦੀ ਗੱਲ ਕਰੀਏ ਤਾਂ ਹਰਸ਼ਪ੍ਰੀਤ ਸਿੰਘ ਦੀ ਫਾਈਨ ਆਰਟ ਦੀ ਡਿਗਰੀ ਕਰਨ ਉਪਰੰਤ ਇਕ ਵਿਸ਼ਵ ਪੱਧਰੀ ਚਿੱਤਰਕਾਰ ਬਣਨ ਦਾ ਸੁਪਨਾ ਹੈ। ਵਿਸ਼ੇਸ਼ ਤੌਰ ਤੇ ਗੌਰਵਮਈ ਸਿੱਖ ਇਤਿਹਾਸ ਨੂੰ ਆਪਣੀ ਚਿੱਤਰਕਾਰੀ ਦੁਆਰਾ ਚਿਤਰਨ ਕਰਨ ਦੀ ਵਿਉਂਤਬੰਦੀ ਹੈ। ਆਸ ਅਤੇ ਅਰਦਾਸ ਹੈ ਕਿ ਹਰਸ਼ਪ੍ਰੀਤ ਸਿੰਘ ਭਵਿੱਖ ਵਿੱਚ ਚਿੱਤਰਕਾਰੀ ਦੇ ਇਸ ਖੇਤਰ ਵਿੱਚ ਇਕ ਵੱਡਾ ਮੁਕਾਮ ਹਾਸਿਲ ਕਰੇਗਾ.. ਆਮੀਨ..!




Prem Badhan

ਸਾਬਕਾ ਸਹਾਇਕ ਕੈਸ਼ੀਅਰ
ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)

ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)
ਵੱਲੋਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ
646ਵਾਂ ਪ੍ਰਕਾਸ਼ ਦਿਹਾੜਾ 3, 4, 5 ਮਾਰਚ 2023 ਨੂੰ
ਮਨਾਏ ਜਾਣ ਦੀਆਂ ਸਮੂਹ ਗੁਰੂ ਪਿਆਰੀ
ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ



ਐਸੀ ਲਾਲ ਤੁਝ ਬਿਨ ਕਉਨ ਕਰੈ।। ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।

# ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 3, 4, 5 ਮਾਰਚ 2023 ਨੂੰ ਮਨਾਏ ਜਾਣ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ


Aashian Travel
Your Travel Expert Since 2001
Airline Tickets & Hotel Bookings, Vacation & Cruise Packages
WE OFFER PILGRIMAGE TO ALL GURDWARAS IN PAKISTAN
WE DO VISA
Australia, USA, UK, Canada, China, India, Nepal & Thailand.
DELTA QATAR Lufthansa BRITISH AIRWAYS Emirates CATHAY PACIFIC TURKISH AIRLINES AA



JASWANT MEHMI
559.250.3310
1.877.755.7476 • WWW.AASHIANTRAVEL.COM
Fresno, Los Angeles, San Francisco, Bakersfield, New York, Phoenix, Denver, Seattle, New Delhi & Pathankot



Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੈਂਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

# ਭ੍ਰਿਸ਼ਟ ਅਫਸਰਸ਼ਾਹੀ ਨੇ ਪਟੇਲ ਦਾ ਨਹੀ ਭਾਰਤੀਆਂ ਦਾ ਵੀ ਵਿਸ਼ਵਾਸ ਤੋੜਿਆ!



ਐਨ ਕੇ ਸਿੰਘ

ਸੰਵਿਧਾਨ ਸਭਾ 'ਚ ਧਾਰਾ 311 'ਤੇ ਚਰਚਾ ਦੌਰਾਨ ਕੁਝ ਮੈਂਬਰਾਂ ਨੇ ਇਹ ਇਤਰਾਜ਼ ਕੀਤਾ ਕਿ ਅਫਸਰਸ਼ਾਹੀ ਨੂੰ ਸੰਵਿਧਾਨਕ ਸੁਰੱਖਿਆ ਦਾ ਕਵਚ ਨਹੀਂ ਦਿੱਤਾ ਜਾਣਾ ਚਾਹੀਦਾ। ਇਸ ਉੱਤੇ ਇਸ ਧਾਰਾ ਦੀ ਹਮਾਇਤ ਵਿੱਚ ਬੋਲਦੇ ਹੋਏ ਸਰਦਾਰ ਪਟੇਲ ਨੇ ਕਿਹਾ ਸੀ ਕਿ 'ਇਹ ਕਵਚ ਇਸ ਲਈ ਦਿੱਤਾ ਜਾ ਰਿਹਾ ਹੈ ਕਿ ਅਫਸਰ ਮੰਤਰੀ ਦੇ ਸਾਹਮਣੇ ਤਣ ਕੇ ਆਪਣੀ ਗੱਲ ਕਰ ਸਕਣ।' ਅੱਜ ਉਹੀ ਅਫਸਰ ਸਿਆਸੀ ਆਕਾਵਾਂ ਦੇ ਤਲੇ ਚੱਟਣ 'ਚ ਇੰਨਾ ਰੁੱਝੇ ਹੋਏ ਹਨ ਕਿ ਉਨ੍ਹਾਂ ਨੂੰ ਉਹ ਸਹੁੰ ਵੀ ਯਾਦ ਨਹੀਂ, ਜੋ ਨੌਕਰੀ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਚੁੱਕੀ ਸੀ। ਪਿਛਲੀਆਂ ਸਰਕਾਰਾਂ ਵਿੱਚ ਰਮਜ਼ਾਨ 'ਤੇ ਰੋਜ਼ਾ-ਇਫਤਾਰ ਦੇਣ ਤੋਂ ਲੈ ਕੇ ਅੱਜਕੱਲ੍ਹ 'ਕਾਂਵੜੀਆਂ ਉੱਤੇ ਹੈਲੀਕਪਾਟਰ ਰਾਹੀਂ ਫੁੱਲ ਵਰਸਾਉਣ ਤੱਕ' ਰੀੜ੍ਹ ਦੀ ਹੱਡੀ ਤੋਂ ਸੱਖਣੀ ਅਤੇ ਭ੍ਰਿਸ਼ਟ ਅਫਸਰਸ਼ਾਹੀ ਨੇ ਪਟੇਲ ਦਾ ਹੀ ਨਹੀਂ, ਭਾਰਤ ਵਾਸੀਆਂ ਦਾ ਵੀ ਵਿਸ਼ਵਾਸ ਤੋੜਿਆ ਹੈ।

ਜਦੋਂ ਇੱਕ ਪਾਸੇ ਦੇਸ਼ ਵਿੱਚ ਨੌਕਰਸ਼ਾਹੀ ਦੇ ਸਿਆਸੀਕਰਨ ਦਾ ਨੰਗਾ ਨਾਚ ਚੱਲ ਰਿਹਾ ਹੈ, ਦੂਜੇ ਪਾਸੇ ਰਾਜਨੀਤੀ ਦੇ ਵਧਦੇ ਅਪਰਾਧੀਕਰਨ ਦੇ ਸੰਕਟ ਉੱਤੇ ਇਸ ਦੇਸ਼ ਦੇ ਪ੍ਰਜਾਤੰਤਰ ਦੇ ਸਭ ਤੋਂ ਵੱਡੇ ਮੰਦਿਰ ਪਾਰਲੀਮੈਂਟ ਨੇ ਪਿਛਲੇ ਸੱਤ ਦਹਾਕਿਆਂ ਵਿੱਚ ਵੀ ਨੋਟਿਸ ਨਹੀਂ ਲਿਆ ਤਾਂ ਸੁਪਰੀਮ ਕੋਰਟ ਨੂੰ ਇਹ ਮਨਜ਼ੂਰ ਨਹੀਂ ਹੋਇਆ। ਭਾਜਪਾ ਦੇ ਨਵੇਂ ਪ੍ਰਧਾਨ ਜਗਤ ਪ੍ਰਕਾਸ਼ ਨੱਢਾ ਇਸ ਸਥਿਤੀ ਤੋਂ ਉਭਰਨ ਦੀ ਕੁਝ ਹਲਕੀ ਕੋਸ਼ਿਸ਼ ਕਰ ਰਹੇ ਹਨ, ਪਰ ਕੀ ਹੋਰ ਨੇਤਾਵਾਂ ਦੀ ਰਾਏ ਦੇ ਅੱਗੇ ਉਹ ਖੜੇ ਹੋ ਸਕਣਗੇ। ਪਿਛਲੇ ਹਫਤੇ ਨੱਢਾ ਨੇ ਬਿਹਾਰ ਤੋਂ ਆਉਂਦੇ ਇੱਕ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੂੰ ਸਖਤ ਫਿਟਕਾਰ ਲਾਈ ਤੇ ਉਨ੍ਹਾਂ ਨੂੰ ਫਿਰਕੂ ਕੁੜੱਤਣ ਪੈਦਾ ਕਰਨ ਵਾਲੇ ਬਿਆਨਾਂ ਤੋਂ ਬਚਣ ਲਈ ਕਿਹਾ ਸੀ। ਮੰਤਰੀ ਹਰ ਪੰਦਰਵਾੜੇ ਇਸ ਦੇਸ਼ ਦੇ ਘੱਟ ਗਿਣਤੀਆਂ ਨੂੰ ਪਾਕਿਸਤਾਨ ਭੇਜਣ ਦੀ ਸਲਾਹ ਦਿੰਦਾ ਰਿਹਾ ਹੈ। ਪਾਰਟੀ ਪ੍ਰਧਾਨ ਤੋਂ ਬਿਨਾ ਸਾਬਕਾ ਪ੍ਰਧਾਨ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਮੰਨਿਆ ਹੈ ਕਿ ਫਿਰਕੂ ਬਿਆਨਾਂ ਨਾਲ ਪਾਰਟੀ ਨੂੰ ਦਿੱਲੀ ਚੋਣਾਂ ਵਿੱਚ ਨੁਕਸਾਨ ਹੋਇਆ, ਪਰ ਤਾਜ਼ਾ ਜਾਣਕਾਰੀ ਅਨੁਸਾਰ ਅਗਲੀਆਂ ਬਿਹਾਰ ਚੋਣਾਂ ਵਿੱਚ ਇਸ ਤੋਂ ਸਿਖਿਆ ਲੈਣ ਦੀ ਥਾਂ ਪਾਰਟੀ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਨੂੰ ਹੀ ਮੁੱਖ ਮੁੱਦਾ ਬਣਾਉਣ ਵਾਲੀ ਹੈ।

ਭਾਰਤ ਦੀ ਜਨਤਾ ਨੇ ਇੱਕ ਵਾਰ ਨਹੀਂ, ਦੋ ਵਾਰ ਸੰਨ 2014 ਅਤੇ 2019 ਦੀਆਂ ਆਮ ਚੋਣਾਂ 'ਚ ਆਪਣਾ ਪੂਰਾ ਪ੍ਰੇਮ ਅਤੇ ਵਿਸ਼ਵਾਸ ਬੈਲੇਟ ਬਾਕਸ ਵਿੱਚ ਪਾ ਕੇ ਮੌਜੂਦਾ ਸੱਤਾ ਧਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਨੂੰ ਵਿਰੋਧ ਰਹਿਤ ਬਣਾ ਦਿੱਤਾ ਅਤੇ ਸਮੁੱਚੇ ਵਿਕਾਸ ਲਈ ਹੋਰ ਕੀ ਚਾਹੀਦਾ ਹੈ? ਨਾ ਤਾਂ ਵਿਰੋਧੀ ਧਿਰ, ਖਾਸ ਕਰ ਕੇ ਮੌਜੂਦਾ ਕਾਂਗਰਸ 'ਚ ਟਕਰਾਉਣ ਦੀ ਸਮਰੱਥਾ ਜਾਂ ਸਿਆਸੀ ਜੀਵਨ ਇੱਛਾ ਹੈ, ਨਾ ਅਟਲ ਬਿਹਾਰੀ ਵਾਜਪਾਈ ਸਰਕਾਰ ਦੇ ਜ਼ਮਾਨੇ ਵਾਲਾ



'24 ਪਾਰਟੀਆਂ ਦੇ ਗਠਜੋੜ' ਦਾ ਦਬਾਅ? ਫਿਰ ਪੂਰੇ ਦੇਸ਼ ਵਿੱਚ ਫਿਰਕਾਪ੍ਰਸਤੀ ਦੇ ਡਰ ਦਾ ਵਾਤਾਵਰਣ ਕੌਣ, ਕਿਉਂ ਅਤੇ ਕਿਵੇਂ ਬਣਾ ਰਿਹਾ ਹੈ। ਆਰਥਿਕ ਸੰਕਟ, ਬੇਰੋਜ਼ਗਾਰੀ, ਭੁੱਖਮਰੀ ਅਤੇ ਭ੍ਰਿਸ਼ਟਾਚਾਰ ਦੇ ਸੂਚਕ ਅੰਕ 'ਤੇ ਅਸੀਂ ਦੁਨੀਆ ਵਿੱਚ ਹੋਰ ਪਿੱਛੇ ਜਾ ਰਹੇ ਹਾਂ। ਫਿਰ ਤਰਜੀਹਾਂ ਇਸ ਕਿਸਮ ਦੇ 'ਨਿਰਉਤਸ਼ਾਹ' ਪੈਦਾ ਕਰਨ ਦੀਆਂ ਕਿਉਂ? ਇਹ ਠੀਕ ਹੈ ਕਿ ਜਿਸ ਨੇ 'ਇਹ ਲੈ ਆਪਣੀ ਆਜ਼ਾਦੀ' ਕਹਿ ਕੇ ਗੋਲੀ ਚਲਾ ਕੇ ਅੰਦੋਲਨ ਕਰਦੇ ਇੱਕ ਨੌਜਵਾਨ ਨੂੰ ਜ਼ਖਮੀ ਕੀਤਾ, ਉਹ ਜਨੂੰਨ ਦੀ ਸਨਕ 'ਚ ਰੋਜ਼ਗਾਰ ਨਹੀਂ ਮੰਗੇਗਾ ਅਤੇ ਉਸੇ ਤਰ੍ਹਾਂ ਕਰੋੜਾਂ ਨੌਜਵਾਨ ਸ਼ਾਇਦ ਇਸੇ ਉਤਸ਼ਾਹ ਦੇ ਨਸ਼ੇ ਵਿੱਚ ਬੇਰੋਜ਼ਗਾਰੀ ਨੂੰ ਭੁੱਲ ਜਾਣ, ਪਰ ਕੀ ਇਸ ਨਾਲ ਦੇਸ਼ ਵਿੱਚ ਵਿਕਾਸ ਦਾ ਮਾਹੌਲ ਅਗਲੇ ਕਈ ਦਹਾਕਿਆਂ ਵਿੱਚ ਵੀ ਤਿਆਰ ਹੋ ਸਕੇਗਾ? ਫਿਰ ਕੀ ਪ੍ਰਤੀਕਿਰਿਆ 'ਚ ਇਹੋ ਜਿਹਾ ਹੀ ਨਿਰਉਤਸ਼ਾਹ ਦੂਜੇ ਪੱਖ ਵਿੱਚ ਨਹੀਂ ਪੈਦਾ ਹੋਵੇਗਾ? (ਸਰਕਾਰ ਨੇ ਉਨ੍ਹਾਂ ਨੂੰ ਮਾਹਿਰ ਦੇ ਤੌਰ 'ਤੇ ਸਿੱਧੇ ਉਚ ਅਹੁਦਿਆਂ 'ਤੇ ਲਾਉਣ ਦੀ ਨੀਤੀ ਬਣਾਈ) ਜੁਆਇੰਟ ਸੈਕਟਰੀ ਅਤੇ ਉਪਰਲੇ ਅਹੁਦਿਆਂ 'ਤੇ ਲਿਆ ਰਹੀ ਹੈ, ਜਦ ਕਿ ਕੇਂਦਰ ਦੇ ਹਰ ਅਹੁਦੇ ਲਈ 18 ਸਮਰੱਥ ਅਧਿਕਾਰੀ ਸੂਬਿਆਂ ਤੋਂ ਆਉਣ ਲਈ ਤਿਆਰ ਹਨ। ਮੰਨਿਆ ਜਾ ਰਿਹਾ ਹੈ ਕਿ ਬਾਹਰੋਂ ਉਹੀ ਲੋਕ ਲਿਆਂਦੇ ਜਾ ਰਹੇ ਹਨ, ਜੋ ਪਾਰਟੀ ਅਤੇ ਸੰਘ ਦੀਆਂ ਨੀਤੀਆਂ ਪ੍ਰਤੀ ਆਸਥਾ ਰੱਖਦੇ ਹਨ। ਇੱਕ ਹੋਰ ਤਾਜ਼ਾ ਘਟਨਾ ਵਿੱਚ ਉੱਤਰ ਪ੍ਰਦੇਸ਼ 'ਚ ਮੁੱਖ ਮੰਤਰੀ ਦੀ ਬੈਠਕ ਵਿੱਚ ਇੱਕ ਸੀਨੀਅਰ ਆਈ ਏ ਐਸ ਅਧਿਕਾਰੀ ਨੇ ਭਰੀ ਮੀਟਿੰਗ ਵਿੱਚ ਨਾਗਰਿਕ ਸੁਰੱਖਿਆ ਦੇ ਸੈਕਸ਼ਨ ਵਧਾਉਣ ਦੇ ਪ੍ਰਸਤਾਵ ਨੂੰ ਰੱਦ ਕਰਨ ਦੀ ਵਕਾਲਤ ਕੀਤੀ, ਕਿਉਂਕਿ ਉਸ ਦੇ ਅਨੁਸਾਰ ਇਸ ਦਾ ਲਾਭ ਉਸ ਵਰਗ ਨੂੰ ਮਿਲੇਗਾ, ਜਿਸ ਦੀ ਲੀਡਰਸ਼ਿਪ ਵੱਡੀ ਹੈ। ਮੀਟਿੰਗ ਵਿੱਚ ਬੈਠੇ ਇੱਕ ਹੋਰ ਪੁਲਸ ਅਧਿਕਾਰੀ, ਜੋ ਇਸ ਵਿਭਾਗ ਦਾ ਇੰਚਾਰਜ ਸੀ, ਨੇ ਉਸ ਵੱਡੇ ਅਧਿਕਾਰੀ ਦੇ ਗੈਰ ਕਾਨੂੰਨੀ ਅਣ-ਉਚਿਤ ਤਰਕ ਦੇ ਵਿਰੁੱਧ ਮੁੱਖ ਮੰਤਰੀ ਨੂੰ ਪੱਤਰ ਲਿਖਿਆ ਤੇ ਮੀਡੀਆ ਨੂੰ ਦੱਸਿਆ।

ਦੇਸ਼ ਦੀ ਰਾਜਧਾਨੀ ਦਿੱਲੀ ਦੇ ਚਰਚਿਤ ਸ਼ਾਹੀਨ ਬਾਗ ਵਿੱਚ ਭੀੜ ਉੱਤੇ ਗੋਲੀ ਚਲਾ ਕੇ ਇੱਕ ਵਿਦਿਆਰਥੀ ਨੂੰ ਜ਼ਖਮੀ ਕਰਨ ਵਾਲੇ ਨੌਜਵਾਨ ਨੂੰ ਪੁਲਸ ਪਹਿਲਾਂ ਮੂਕ ਦਰਸ਼ਕ ਬਣੀ ਦੇਖਦੀ ਰਹੀ, ਫਿਰ ਬੜੇ ਸਹਿਜ ਭਾਵ 'ਚ ਉਸ ਤੋਂ ਪਿਸਤੌਲ ਲੈ ਕੇ ਗ੍ਰਿਫਤਾਰ ਕਰ ਲਿਆ। ਵੀਡੀਓ ਦੇਖ ਕੇ ਲੱਗਾ ਕਿ ਪੁਲਸ ਵਾਲੇ ਕਿਸੇ ਦੋਸਤ ਨੂੰ 'ਗੁੱਸਾ' ਥੁੱਕ' ਦੇਣ ਦੀ ਸਲਾਹ ਦੇ ਰਹੇ ਹਨ। ਅਗਲੇ ਕੁਝ ਘੰਟਿਆਂ ਵਿੱਚ ਡੀ ਸੀ ਪੀ ਨੇ ਐਲਾਨ ਕੀਤਾ ਕਿ ਉਹ ਨੌਜਵਾਨ ਆਮ ਆਦਮੀ ਪਾਰਟੀ ਦਾ ਸੀ। ਆਈ ਪੀ ਸੀ ਜਾਂ ਸੀ ਆਰ ਪੀ ਸੀ ਵਿੱਚ ਅਜਿਹੀ ਕੋਈ ਵਿਵਸਥਾ ਨਹੀਂ ਕਿ ਗੋਲੀ ਚਲਾਉਣ ਵਾਲੇ ਦਾ ਸਿਆਸੀ ਰੁਝਾਨ ਐਲਾਨਿਆ ਜਾਵੇ, ਇਹ ਵੱਖਰੀ ਗੱਲ ਹੈ ਕਿ ਅਧਿਕਾਰੀ ਦਾ ਇਹ ਐਲਾਨ ਬਿਲਕੁਲ ਗਲਤ ਨਿਕਲਿਆ। ਇਸੇ ਦੌਰਾਨ ਚੋਣ ਮੰਚ ਤੋਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਇੱਕ ਵਰਗ ਵਿਸ਼ੇਸ਼ ਦੇ ਵੋਟਰਾਂ ਨੂੰ ਰਿਝਾਉਣ ਲਈ ਦੱਸਿਆ ਕਿ ਕਿਵੇਂ ਉਨ੍ਹਾਂ ਨੇ ਅਫਸਰਾਂ ਨੂੰ ਹੁਕਮ ਦਿੱਤਾ ਕਿ 'ਸ਼ਿਵ ਭਗਤ ਕਾਂਵੜੀਆਂ ਉਤੇ ਫੁੱਲ ਵਰ੍ਹਾਉਣ'। ਗਾਜ਼ੀਆਬਾਦ ਦੇ ਜ਼ਿਲਾ ਮੈਜਿਸਟਰੇਟ ਅਤੇ ਐਸ ਪੀ ਨੇ ਫੁੱਲ ਤਾਂ ਵਰ੍ਹਾਏ ਹੀ, ਇੱਕ ਜ਼ਿਲੇ ਦੇ ਉਤਸ਼ਾਹੀ ਐਸ ਪੀ ਨੇ ਦੌੜ 'ਚ ਪਿੱਛੇ ਨਾ ਰਹਿ ਜਾਣ ਲਈ ਕਾਂਵੜੀਆਂ ਦੇ ਪੈਰ ਧੋਤੇ ਅਤੇ ਇਸ ਦੀ ਵੀਡੀਓ ਬਣਾ ਕੇ ਮੀਡੀਆ 'ਚ ਅਤੇ ਮੁੱਖ ਮੰਤਰੀ ਦਫਤਰ ਤੱਕ ਪਹੁੰਚਾਈ ਗਈ। ਤਾਜ਼ਾ ਦਿੱਲੀ ਚੋਣਾਂ ਵਿੱਚ ਇੱਕ ਮੰਤਰੀ ਨਾਅਰਾ ਲਾਉਂਦਾ ਹੈ 'ਦੇਸ਼ ਕੇ ਗੱਦਾਰੋਂ ਕੋ' ਅਤੇ ਸਰੋਤਿਆਂ ਨੂੰ ਅਗਲੀ ਲਾਈਨ 'ਗੋਲੀ ਮਾਰੋ ਸਾਲੋਂ ਕੋ' ਪੂਰੀ ਕਰਨ ਲਈ ਉਕਸਾਉਂਦਾ ਹੈ ਤਾਂ ਉਸ ਤੇ ਸਰਕਾਰ ਅਤੇ ਪੁਲਸ ਕਾਰਵਾਈ ਨਹੀਂ ਕਰਦੀ, ਪਰ ਇੱਕ ਡਾਕਟਰ ਅਲੀਗੜ੍ਹ ਵਿੱਚ ਇੱਕ ਜਲਸੇ ਵਿੱਚ ਸਿਰਫ ਇਹ ਕਹਿੰਦਾ ਹੈ ਕਿ 'ਸੀ ਏ ਏ' ਮੁਸਲਮਾਨਾਂ ਨੂੰ ਦੂਸਰੇ ਦਰਜੇ ਦਾ ਨਾਗਰਿਕ ਬਣਾ ਦੇਵੇਗੀ ਅਤੇ 'ਮੋਟਾ ਭਾਈ ਹਿੰਦੂ, ਮੁਸਲਮਾਨਾਂ ਵਿੱਚ ਵੰਡ ਪਾਉਂਦਾ ਹੈ' ਤਾਂ ਉਸ ਨੂੰ ਪਹਿਲਾ ਦੇਸ਼ ਧ੍ਰੋਹ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਜਾਂਦਾ ਹੈ ਅਤੇ ਫਿਰ ਜਦੋਂ ਅਦਾਲਤ ਉਸ ਨੂੰ ਜ਼ਮਾਨਤ ਦਿੰਦੀ ਹੈ ਤਾਂ ਅਲੀਗੜ੍ਹ ਦੇ ਡੀ ਐਮ ਅਤੇ ਐਸ ਪੀ ਉਸ 'ਤੇ ਨੈਸ਼ਨਲ ਸਕਿਓਰਟੀ ਐਕਟ ਦੀ ਦਾਰਾ ਲਾ ਦਿੰਦੇ ਹਨ ਤਾਂ ਕਿ ਉਹ ਜੇਲ੍ਹ ਵਿੱਚੋਂ ਬਾਹਰ ਨਾ ਨਿਕਲ ਸਕੇ।

ਦਿੱਲੀ ਵਿੱਚ ਜਿਹੜਾ ਡੀ ਸੀ ਪੀ ਅੰਦੋਲਨਕਾਰੀ ਧਿਰ ਉੱਤੇ ਗੋਲੀ ਚਲਾਉਣ ਵਾਲੇ ਨੂੰ ਕੁਝ ਘੰਟਿਆਂ 'ਚ ਆਮ ਆਦਮੀ ਪਾਰਟੀ ਦਾ ਐਲਾਨ ਕਰਦਾ ਹੈ, ਉਸ ਨੂੰ 'ਮੰਤਰੀ ਦੇ ਗੋਲੀ ਮਾਰਨ' ਦੇ ਨਾਅਰੇ 'ਚ ਕੋਈ ਹਿੰਸਾ ਭੜਕਾਉਣਾ ਨਹੀਂ ਦਿਸਦਾ। ਪ੍ਰਜਾਤੰਤਰ ਦੀ ਸਫਲਤਾ ਦਾ ਆਧਾਰ ਸਰਕਾਰ ਦੀ ਨਿਰਪੱਖਤਾ 'ਤੇ ਟਿਕਿਆ ਹੁੰਦਾ ਹੈ। ਸੰਭਵ ਹੈ ਕਿ ਸੱਤਾ ਵਿੱਚ ਬਣੇ ਰਹਿਣ ਲਈ ਅਫਸਰਾਂ ਦਾ ਸਿਆਸੀਕਰਨ ਅਤੇ ਰਾਜਨੀਤੀ ਦਾ ਅਪਰਾਧੀਕਰਨ ਤੇ ਦੋਵਾਂ ਦੇ ਨਾਲ ਫਿਰਕੂ ਧਰੁਵੀਕਰਨ ਜ਼ਰੂਰੀ ਹੋਵੇ, ਪਰ ਇਸ ਨਾਲ ਮਨੁੱਖੀ ਵਿਕਾਸ ਸੂਚ ਕਅੰਕ ਬਿਹਤਰ ਹੋਣ ਦੀ ਬਜਾਏ ਬਦਤਰ ਹੁੰਦਾ ਜਾਵੇਗਾ।





# ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਅਤੇ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ


ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 3, 4, 5 ਮਾਰਚ 2023 ਨੂੰ Shri Guru Ravidass Tample (CV) Fresno (California) 5025 S. Cherry Ave., Fresno (California) 93706 ਵਿਖੇ ਮਨਾਇਆ ਜਾ ਰਿਹਾ ਹੈ। ਆਰੰਭ ਸ੍ਰੀ ਅਖੰਡ ਪਾਠ ਸਹਿਬ – 3 ਮਾਰਚ 2023 (ਸ਼ੁੱਕਰਵਾਰ) ਸਵੇਰੇ 10 ਵਜੇ, ਨਿਸ਼ਾਨ ਸਾਹਿਬ ਦੀ ਸੇਵਾ – 4 ਮਾਰਚ 2023 (ਸ਼ਨਿਚਰਵਾਰ), ਸ਼ਾਮੀ 5 ਵਜੇ ਅਤੇ ਭੋਗ ਸ੍ਰੀ ਅਖੰਡ ਪਾਠ ਸਾਹਿਬ – 5 ਮਾਰਚ 2023 (ਐਤਵਾਰ), ਸਵੇਰੇ 10 ਵਜੇ ਪਾਏ ਜਾਣਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



ਫਾਇਲ ਚਿੱਤਰ

**Shri Amardeep Chahal with his Wife, Mother & Father**

## ਸਮੂਹ ਸ੍ਰੀ ਬਿਹਾਰੀ ਲਾਲ ਚਾਹਲ ਪਰਿਵਾਰ




ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

## ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 3, 4, 5 ਮਾਰਚ 2023 ਨੂੰ Shri Guru Ravidass Tample (CV) Fresno (California) 5025 S. Cherry Ave., Fresno (California) 93706 ਵਿਖੇ ਮਨਾਇਆ ਜਾ ਰਿਹਾ ਹੈ। ਆਰੰਭ ਸ੍ਰੀ ਅਖੰਡ ਪਾਠ ਸਹਿਬ - 3 ਮਾਰਚ 2023 (ਸ਼ੁੱਕਰਵਾਰ) ਸਵੇਰੇ 10 ਵਜੇ, ਨਿਸ਼ਾਨ ਸਾਹਿਬ ਦੀ ਸੇਵਾ - 4 ਮਾਰਚ 2023 (ਸ਼ਨਿਚਰਵਾਰ), ਸ਼ਾਮੀ 5 ਵਜੇ ਅਤੇ ਭੋਗ ਸ੍ਰੀ ਅਖੰਡ ਪਾਠ ਸਾਹਿਬ - 5 ਮਾਰਚ 2023 (ਐਤਵਾਰ), ਸਵੇਰੇ 10 ਵਜੇ ਪਾਏ ਜਾਣਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦਾ ਸੱਚਾ ਸੇਵਾਦਾਰ ਮੋਮੀ ਪਰਿਵਾਰ

DAYS INN | Holiday Inn EXPRESS HOTEL & SUITES | momi

**Holiday Inn Express,**
**DAYS INN**
**and**
**MOMI HOSPITALITY INVESTMENT**



ਖੱਬੇ ਤੋਂ ਸੱਜੇ:- ਸੁਰਜੀਤ ਮੋਮੀ, ਲਾਲੀ ਮੋਮੀ, ਹਰਮਿੰਦਰ ਮੋਮੀ, ਰਾਜਿੰਦਰ ਮੋਮੀ ਅਤੇ ਪ੍ਰੇਮ ਸੋਢੀ ਮੋਮੀ ਦੋਵੇਂ ਸਾਬਕਾ ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ

# MOMI BROTHERS

## ਅਤੇ ਸਮੂਹ ਮੋਮੀ ਪਰਿਵਾਰ